# ਸਮਤਾ

ਅਕਤੂਬਰ 1980 (ਅੰਕ 5)

ਸਰਪ੍ਰਸਤ: ਗੁਰਸ਼ਰਨ ਸਿੰਘ (1929-2011)
ਸੰਪਾਦਕ: ਸੰਪਾਦਕੀ ਮੰਡਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸ਼ੈਲੇਸ਼ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਸਮਤ

ਅਕਤੂਬਰ 1980

ਮੁੱਲ ਦੋ ਰੁਪਏ

5



ਪ੍ਰੀਆਲੀਨ


ਇਸ ਅੰਕ ਵਿਚ

ਗੋਲਮੇਜ਼ : ਦਲੇਰੀ, ਵਿਚਾਰਧਾਰਾ ਤੇ ਜਥੇਬੰਦੀ □ ਹਰੀਸ਼ਪੁਰੀ

ਕਵਿਤਾਵਾਂ : ਦਰਸ਼ਨ ਖਟਕੜ, ਸੁਖਿੰਦਰਜੀਤ ਸਾਗਰ

ਨਾਟਕ : ਟੋਆ (ਕ੍ਰਿਸ਼ਨ ਚੰਦਰ ਦੀ ਕਹਾਣੀ ਤੇ ਅਧਾਰਿਤ)

ਬਲੌਰ : ਮ੍ਰਿਤਯੂਬੋਧ, ਸ਼ਹਰਯਾਰ ਤੇ ਗੁਰਬਖ਼ਸ਼ ਜਸ

ਕਹਾਣੀ : ਮੰਗ □ ਰਮਾਕਾਂਤ ਸ੍ਰੀਵਾਸਤਵ

ਇਹ ਹਮਾਰਾ ਜੀਵਣਾ ਤੇ ਹੋਰ ਸਥਾਈ ਕਾਲਮ

ਐਡੀਟਰੀ

# ਆਤੰਕਵਾਦ ਤੇ ਉਸ ਦਾ ਸਾਹਿਤ ਤੇ ਪ੍ਰਭਾਵ

**ਸਮਤਾ** ਵਿਚ ਪ੍ਰਕਾਸ਼ਿਤ ਪ੍ਰਿੰ: ਸੰਤ ਸਿੰਘ ਸੇਖੋਂ ਦੇ ਭਗਤ ਸਿੰਘ ਬਾਰੇ ਵਿਚਾਰ ਦੇ ਪ੍ਰਤੀਕਰਮ ਵਲੋਂ ਪਾਠਕਾਂ ਦੇ ਬਹੁਤ ਸਾਰੇ ਖ਼ਤ ਮਿਲੇ ਹਨ। ਇਨ੍ਹਾਂ ਵਿਚੋਂ ਕੁੱਝ ਅਜੇਹੇ ਹਨ ਜੋ ਭਗਤ ਸਿੰਘ ਦਾ ਪੱਖ ਪੂਰਨ ਲਈ ਆਤੰਕਵਾਦ ਦੀ ਵਕਾਲਤ ਕਰਨ ਤੱਕ ਗਏ ਹਨ। ਉਨ੍ਹਾਂ ਅਨੁਸਾਰ ਆਤੰਕਵਾਦ ਇਕ ਕਾਰਗਰ ਹਥਿਆਰ ਹੈ। ਆਤੰਕਵਾਦ ਦੀ ਅਜੇਹੀ ਜਜ਼ਬਾਤੀ ਵਕਾਲਤ ਵਿਚਾਰਕ ਅਸਪਸ਼ਟਤਾ ਦੀ ਅਲਾਮਾਤ ਹੈ, ਜੋ ਇਨਕਲਾਬੀ ਵਿਚਾਰਧਾਰਾ ਤੇ ਜਥੇਬੰਦੀ ਲਈ ਖ਼ਤਰਨਾਕ ਹੈ। ਅਸਪਸ਼ਟਤਾ ਕਰਕੇ ਹੀ ਆਤੰਕ ਤੇ ਆਤੰਕਵਾਦ ਵਿਚਲੇ ਅੰਤਰ ਨੂੰ ਨਹੀਂ ਸਮਝਿਆ ਜਾਂਦਾ। ਇਹੀ ਨਹੀਂ ਹਰ ਬਹਾਦਰੀ ਤੇ ਵੀਰਤਾ ਦੇ ਕਾਰਨਾਮੇ ਨੂੰ (ਬਦਲੇ ਦੀ ਭਾਵਨਾ ਦੇ ਰੂਪ ਵਿਚ) ਆਤੰਕਵਾਦ ਦੀ ਵਲਗਣ ਵਿਚ ਲੈ ਲਿਆ ਜਾਂਦਾ ਹੈ। ਅਜੇਹੇ ਵਿਚਾਰ ਨਾ ਕੇਵਲ ਜਜ਼ਬਾਤੀ ਹਨ ਸਗੋਂ ਭਰਮਪਾਊ ਤੇ ਨੁਕਸਾਨਦੇਹ ਵੀ ਹਨ। ਲੋੜ ਹੈ ਆਤੰਕਵਾਦ ਬਾਰੇ ਸਪਸ਼ਟ ਤੇ ਸਹੀ ਸਮਝ ਪੈਦਾ ਕਰਨੀ। ਇਹ ਇਸ ਲਈ ਵੀ ਜ਼ਰੂਰੀ ਹੈ ਕਿ ਇਸ ਦੀਆਂ ਕਮਜ਼ੋਰੀਆਂ, ਝੁਕਾਅ ਤੇ ਪ੍ਰਵਿਰਤੀਆਂ ਦੇ ਰੂਪ ਵਿਚ ਸਾਹਿਤ ਵਿਚ ਵੀ ਪ੍ਰਵੇਸ਼ ਕਰ ਜਾਂਦੀਆਂ ਹਨ। ਹੇਠਾਂ ਅਸੀਂ ਆਤੰਕਵਾਦ ਬਾਰੇ ਚਰਚਾ ਕਰਾਂਗੇ ਤੇ ਫੇਰ ਸਾਹਿਤ ਵਿਚ ਇਸ ਦੇ ਹੋਣ ਵਾਲੇ ਪ੍ਰਗਟਾ ਬਾਰੇ ਵੀ।

□ □

ਮਾਰਕਸਵਾਦੀ ਨਜ਼ਰੀਏ ਤੋਂ ਆਤੰਕ ਤੇ ਆਤੰਕਵਾਦ ਵਿਚ ਅੰਤਰ ਹੈ। ਜਿੱਥੇ ਆਤੰਕ ਕੁੱਝ ਹਾਲਾਤਾਂ ਵਿਚ ਹਾਂ ਪੱਖੀ ਅਰਥ ਦਾ ਲਖਾਇਕ ਹੈ, ਉਥੇ ਆਤੰਕਵਾਦ ਇਕ ਹਮੇਸ਼ਾ ਨਾਂਹ-ਪੱਖੀ ਤੇ ਇਨਕਲਾਬ-ਵਿਰੋਧੀ ਬੌਧਿਕ ਚਿੰਤਨ ਤੇ ਅਮਲ ਦਾ। ਵਿਸ਼ੇਸ਼ ਹਾਲਾਤ ਵਿਚ ਆਤੰਕ ਇਨਕਲਾਬੀ ਘੋਲ 'ਚ ਫ਼ੌਜੀ ਕਾਰਵਾਈ ਦਾ ਦਾਅ-ਪੇਚ ਹੈ। ਲੈਨਿਨ ਅਨੁਸਾਰ "ਅਜ਼ੂਲੀ ਤੌਰ ਤੇ ਅਸੀਂ ਆਤੰਕ ਨੂੰ ਕਦੀ ਵੀ ਅਸਵੀਕਾਰ ਨਹੀਂ ਕੀਤਾ ਤੇ ਨਾ ਹੀ ਕਰ ਸਕਦੇ ਹਾਂ। ਇਹ ਫ਼ੌਜੀ ਕਾਰਵਾਈ ਦਾ ਇਕ ਰੂਪ ਹੈ, ਜੋ ਲੜਾਈ ਦੀ ਕਿਸੇ ਖ਼ਾਸ ਘੜੀ ਵਿਚ ਅਤੇ ਫ਼ੌਜ ਦੀ ਇਕ ਖ਼ਾਸ ਅਵਸਥਾ ਦੇ ਤਹਿਤ, ਖ਼ਾਸ ਹਾਲਤਾਂ ਦੇ ਅਧੀਨ ਬਿਲਕੁਲ ਜਾਇਜ਼, ਇਥੋਂ ਤਕ ਕਿ ਜ਼ਰੂਰੀ ਵੀ ਹੋ ਸਕਦੀ ਹੈ।" (ਕਿਥੋਂ ਸ਼ੁਰੂ ਕਰੀਏ) ਸਪਸ਼ਟ ਹੈ ਕਿ ਇਨਕਲਾਬੀ ਘੋਲ ਦੇ ਇਸ ਦਾਅ-ਪੇਚ ਦੀ ਸਾਰਥਕਤਾ ਕਿਸੇ ਖ਼ਾਸ ਸਮੇਂ, ਅਵਸਥਾ ਤੇ ਹਾਲਾਤ ਵਿਚ ਇਸ ਦੀ ਵਰਤੋਂ ਕਰਨ ਵਿਚ ਹੀ ਹੈ। ਇਨਕਲਾਬੀ ਲਹਿਰ ਵਿਚ ਬੁਨਿਆਦੀ ਸਾਧਨ ਦੇ ਰੂਪ ਵਿਚ ਆਤੰਕ ਦੀ ਵਰਤੋਂ ਵਿਚਾਰਧਾਰਾ ਤੇ ਸੰਗਠਨ ਨੂੰ ਅੱਖੋਂ ਪਰੋਖੇ ਕਰਨਾ ਹੈ ਜੋ ਸਮੁੱਚੀ ਲਹਿਰ ਲਈ ਹਾਨੀਕਾਰਕ ਹੈ। ਲੈਨਿਨ ਅਨੁਸਾਰ 'ਇਹ ਕਦੀ ਵੀ ਮਾਮੂਲੀ ਫ਼ੌਜੀ ਕਾਰਵਾਈ ਨਹੀਂ ਬਣ ਸਕਦਾ।'

ਜਿਵੇਂ ਕਿ ਉਪਰ ਆਤੰਕ ਨੂੰ ਇਨਕਲਾਬੀ ਘੋਲ ਦੇ ਦੌਰਾਨ ਵਰਤੋਂ ਵਿਚ ਆਉਣ ਵਾਲੇ ਦਾਅ-ਪੇਚ ਦੇ ਰੂਪ ਦਸਿਆ ਗਿਆ ਗਿਆ ਹੈ। ਇਸ ਲਈ ਜ਼ਰੂਰੀ ਹੈ ਕਿ ਕੇਂਦਰੀ ਇਨਕਲਾਬੀ ਸੰਗਠਨ ਮਜਬੂਤ ਅਤੇ ਵਿਚਾਰ-ਧਾਰਕ ਪਕਿਆਈ ਹੋਵੇ। ਕੇਂਦਰੀ ਸੰਗਠਨ ਦੀ ਅਣਹੋਂਦ, ਸਥਾਨੀ ਸੰਗਠਨਾਂ ਦੀ ਕਮਜ਼ੋਰੀ, ਅਤੇ ਵਿਚਾਰਧਾਰਕ ਕਚਿਆਈ ਦੇ ਦੌਰਾਨ ਆਤੰਕ ਦੇ ਇਨਕਲਾਬੀ ਵਿਚਾਰਧਾਰਾ ਉਤੇ ਪੂਰੀ ਤਰ੍ਹਾਂ ਛਾ ਜਾਣ ਦਾ ਖ਼ਤਰਾ ਰਹਿੰਦਾ ਹੈ। ਕਈ ਵੇਰ ਲੋਕ ਉਭਾਰ ਐਨਾ ਹੁੰਦਾ ਹੈ, ਪਰ ਕੋਈ ਕੇਂਦਰੀ ਇਨਕਲਾਬੀ ਸੰਗਠਨ ਜਾਂ ਯੋਗ ਲੀਡਰਸ਼ਿਪ ਦੀ ਘਾਟ ਹੁੰਦੀ ਹੈ ਜੋ ਅਗਵਾਈ ਦੇ ਸਕੇ। ਅਜਿਹੇ ਵੇਲੇ ਸਭ ਤੋਂ ਵਧ ਜੋਸ਼ੀਲੇ ਇਨਕਲਾਬੀਆਂ ਦਾ ਆਤੰਕ ਵਲ ਚਲੇ ਜਾਣਾ ਸੁਭਾਵਿਕ ਪ੍ਰਕ੍ਰਿਆ ਹੈ। ਵੈਸੇ ਵੀ ਆਪਮੁਹਾਰਤਾ ਇਸ ਗੱਲ ਦੀ ਅਲਾਮਤ ਹੈ ਕਿ ਚੇਤਨਾ ਹਾਲੀ ਮੁਢਲੇ ਰੂਪ ਵਿਚ ਹੈ। ਇਸ ਖ਼ਤਰੇ ਵਲ ਲੈਨਿਨ ਨੇ ਚਿਤਾਵਨੀ ਦਿੰਦਿਆਂ ਕਿਹਾ ਹੈ : 'ਸਾਨੂੰ ਚਾਹੀਦਾ ਹੈ ਕਿ ਆਤੰਕ ਦੀ ਭਾਵਨਾ ਵਿਚ ਡੁੱਬ ਜਾਣ ਦੇ ਖ਼ਿਲਾਫ਼ ਜ਼ੋਰਦਾਰ ਤਰੀਕੇ ਨਾਲ ਖ਼ਬਰਦਾਰ ਕਰੀਏ। ਆਤੰਕ ਨੂੰ ਘੋਲ ਦਾ ਮੁਖ ਤੇ ਬੁਨਿਆਦੀ ਸਾਧਨ ਸਮਝਣ ਦੇ ਖ਼ਿਲਾਫ਼ ਜ਼ੋਰਦਾਰ ਤਰੀਕੇ ਨਾਲ ਖ਼ਬਰਦਾਰ ਕਰੀਏ। (ਕਿਥੋਂ ਸ਼ੁਰੂ ਕਰੀਏ)।

ਸੁਚੇਤ ਬੁੱਧੀਜੀਵੀਆਂ ਦਾ ਕੰਮ ਲੋਕਾਂ ਦੇ ਰੋਹ ਨੂੰ ਆਰਥਿਕ ਘੋਲ ਵਿਚੋਂ ਰਾਜਨੀਤਕ ਘੋਲ ਵਿਚ ਬਦਲ ਦੇਣਾ ਹੈ। ਇਸ ਲਈ ਲੋਕਾਂ ਨੂੰ ਸਿਆਸੀ ਸੂਝ ਦੇਣ ਤੇ ਉਹਨਾਂ ਨੂੰ ਰਾਜਨੀਤਿਕ ਤੌਰ ਤੇ ਜਥੇਬੰਦ ਕਰਨ ਦੀ ਲੋੜ ਹੈ। ਪਰ ਜੇ ਉਹਨਾਂ ਵਿਚ ਐਨਾ ਸਬਰ, ਹਿੰਮਤ ਤੇ ਸਮਰਥਾ ਨਾ ਹੋਵੇ ਤਾਂ ਉਹ ਆਤੰਕਵਾਦ ਦੇ ਕੁਰਾਹੇ ਪੈ ਜਾਂਦੇ ਹਨ। ਉਹ ਆਤੰਕ ਨੂੰ ਇਨਕਲਾਬੀ ਘੋਲ ਦਾ ਮੁਖ ਤੇ ਬੁਨਿਆਦੀ ਸਾਧਨ ਸਮਝ ਲੈਂਦੇ ਹਨ। ਉਹ ਆਤੰਕ ਦੀ ਵਰਤੋਂ ਅਣਸਮੇਂ ਅਤੇ ਖ਼ਾਸ ਅਵਸਥਾ ਤੇ ਹਾਲਤਾਂ ਨੂੰ ਵਿਸਾਰ ਕੇ ਕਰਨ ਵਿਚ ਵਿਸ਼ਵਾਸ ਰਖਦੇ ਹਨ। ਇਹ ਰਾਹ ਵੇਖਣ ਨੂੰ ਸਿੱਧਾ ਤੇ ਆਸਾਨ ਜਾਪਦਾ ਹੈ ਕਿਉਂਕਿ ਲੋਕ ਉਭਾਰ ਕਾਰਨ ਉਹ ਖੁਸ਼ਫਹਿਮੀ ਦਾ ਸ਼ਿਕਾਰ ਹੋਏ ਹੁੰਦੇ ਹਨ।

ਆਤੰਕਵਾਦੀਆਂ ਦੀ ਮੁਖ ਪ੍ਰਵਿਰਤੀ ਆਪਮੁਹਾਰਤਾ ਵਲ ਦਾਸ-ਭਾਵਨਾ ਦਾ ਰਵੱਈਆ ਹੈ। ਇਹ ਦਾਸਤਾ ਦੋ ਬਿੰਦੂਆਂ ਤੇ ਵੇਖੀ ਜਾ ਸਕਦੀ ਹੈ। ਇਕ ਉਹ ਹਨ ਜੋ ਇਹ ਸਿਧ ਪੱਧਰੇ ਮਜ਼ਦੂਰਾਂ ਦੇ ਆਰਥਿਕ ਘੋਲਾਂ ਤਕ ਸੀਮਿਤ ਆਪਮੁਹਾਰਤਾ ਨੂੰ ਤਸਲੀਮ ਕਰ ਲੈਂਦੇ ਹਨ ਅਤੇ ਟਰੇਡ-ਯੂਨੀਅਨਵਾਦ ਤਕ ਹੀ ਰਹਿੰਦੇ ਹਨ। ਦੂਜੇ ਉਹ ਜੋ ਮਹਿਸੂਸ ਕਰਦੇ ਹਨ ਕਿ ਆਰਥਿਕ ਘੋਲ ਆਪਣੇ ਆਪ ਵਿਚ ਸਭ ਕੁਝ ਨਹੀਂ। ਉਹਨਾਂ ਨੂੰ ਰਾਜਨੀਤਿਕ ਘੋਲਾਂ ਵਿਚ ਬਦਲਣਾ ਹੀ ਇਨਕਲਾਬੀ ਰਾਹ ਹੈ। ਪਰ ਆਤੰਕਵਾਦੀ ਇਸ ਔਖੇ ਤੇ ਲੰਮੇ ਕਾਰਜ ਵਿਚ ਨਾ ਪੈ ਕੇ ਬੁੱਧੀਜੀਵੀਆਂ ਦੇ ਜੋਸ਼ੀਲੇ ਰੋਹ ਦੀ ਆਪਮੁਹਾਰਤਾ ਮਗਰ ਲਗ ਜਾਂਦੇ ਹਨ। ਲੈਨਿਨ ਨੇ ਇਸ ਮਸਲੇ ਬਾਰੇ ਚਰਚਾ ਵਿਸਤਾਰ ਨਾਲ ਆਪਣੇ ਲੰਮੇ ਲੇਖ **ਕੀ ਕਰਨਾ ਲੋੜੀਏ : ਸਾਡੀ ਲਹਿਰ ਦੇ ਭਖਦੇ ਮਸਲੇ** ਵਿਚ ਕੀਤੀ ਹੈ। ਉਹਨਾਂ ਦਾ ਕਹਿਣਾ ਹੈ, 'ਦਹਿਸ਼ਤ-ਪਸੰਦ ਬੁੱਧੀਜੀਵੀਆਂ ਕੋਲ ਇਨਕਲਾਬੀ ਘੋਲ ਅਤੇ ਮਜ਼ਦੂਰ ਜਮਾਤ ਲਹਿਰ ਨੂੰ ਇਕ ਇਕਜੁੱਟ ਸਮੂਹ ਵਿਚ ਜੋੜਨ ਦੀ ਯੋਗਤਾ ਜਾਂ ਮੌਕੇ ਦੀ ਘਾਟ ਹੁੰਦੀ ਹੈ। ਉਹਨਾਂ ਲੋਕਾਂ ਲਈ ਜਿਹੜੇ ਇਹ ਵਿਸ਼ਵਾਸ ਗੁਆ ਬੈਠੇ ਹੋਣ, ਜਾਂ ਜਿਨ੍ਹਾਂ ਨੇ ਕਦੀ ਇਹ ਵਿਸ਼ਵਾਸ ਨਾ ਕੀਤਾ ਹੋਵੇ ਕਿ ਇਹ ਸੰਭਵ ਵੀ ਹੈ, ਆਪਣੇ ਰੋਹ ਅਤੇ ਇਨਕਲਾਬੀ ਜੋਸ਼ ਨੂੰ ਪ੍ਰਗਟ ਕਰਨ ਦਾ ਕੋਈ ਰਾਹ ਲੱਭਣਾ ਸਚੇਮੁਚ ਮੁਸ਼ਕਲ ਹੈ, ਸਿਵਾਏ ਦਹਿਸ਼ਤ ਦੇ।' ਅਰਥਾਤ ਗ਼ੈਰ-ਸਰਗਰਮ ਤੇ ਅਸਮਰਥ ਬੁੱਧੀਜੀਵੀਆਂ ਦਾ ਰੋਹ – ਵਿਚਾਰਧਾਰਾ, ਸੰਗਠਨ ਤੇ ਲੰਮੇ ਇਨਕਲਾਬੀ ਘੋਲ ਦਾ ਰਾਹ ਛੱਡ ਦੇਂਦਾ ਹੈ। ਉਹ ਆਪਣੇ ਨਿਕਾਸ ਦਾ ਆਤੰਕਵਾਦੀ ਢੰਗ ਅਪਣਾ ਲੈਂਦਾ ਹੈ। ਇਸ ਤਰ੍ਹਾਂ ਆਤੰਕ-ਵਾਦ ਮਜ਼ਦੂਰਾਂ ਦੇ ਆਰਥਿਕ ਘੋਲ ਨੂੰ ਇਨਕਲਾਬੀ ਘੋਲ ਬਨਾਉਣ ਦੀ ਬਜਾਏ ਇਸ ਨੂੰ ਕੁਰਾਹੇ ਪਾਉਂਦਾ ਹੈ। ਆਤੰਕਵਾਦੀ ਸਰਗਰਮੀਆਂ ਦਾ ਇਨਕਲਾਬੀ ਲਹਿਰ ਤੇ ਪਏ ਪ੍ਰਭਾਵ ਦੇ ਸਿੱਟੇ ਵਜੋਂ ਅਸਲੀ ਤੇ ਫ਼ੌਰੀ ਕਾਰਜ ਅੱਖੋਂ ਪਰੇ ਹੋ ਜਾਂਦਾ ਹੈ। ਇਹ ਸੰਗਠਨ ਤੇ ਅੰਦੋਲਨ ਦੇ ਫ਼ੌਰੀ ਤੇ ਬਹੁਤ ਹੀ ਲੋੜੀਂਦੇ ਕੰਮ ਵਲੋਂ ਵਧੀਆ ਸ਼ਕਤੀਆਂ (forces) ਨੂੰ ਮੋੜਦਾ ਹੈ। ਲੋਕਾਂ ਵਿਚੋਂ ਇਨਕਲਾਬੀ ਵਰਗਾਂ ਦੇ ਲੋਕਾਂ ਨਾਲੋਂ ਇਨਕਲਾਬੀਆਂ ਦੇ ਸੰਬੰਧ ਤੋੜਦਾ ਹੈ। ਇਹਨਾ ਹੀ ਨਹੀਂ ਇਨਕਲਾਬੀਆਂ ਵਿਚ ਅਤੇ ਆਮ ਲੋਕਾਂ ਵਿਚ ਇਨਕਲਾਬੀ ਘੋਲ ਦੇ ਮਨੋਰਥਾਂ ਤੇ ਢੰਗਾਂ ਬਾਰੇ ਵਿਚਾਰਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਦਾ ਹੈ। ਇਹ ਜਿਥੇ ਸਰਕਾਰ ਦੀ ਮਦਦ ਕਰਦਾ ਹੈ ਉਥੇ ਇਨਕਲਾਬੀ ਤਾਕਤਾਂ ਨੂੰ ਵੀ ਖੇਰੂੰ ਖੇਰੂੰ ਕਰ ਦੇਂਦਾ ਹੈ।

ਆਤੰਕਵਾਦੀ ਰੁਚੀ ਵਿਅਕਤੀਮੁਖੀ ਹੁੰਦੀ ਹੈ, ਸੰਗਠਨਮੁਖੀ ਨਹੀਂ। ਕਿਉਂਕਿ ਸੰਗਠਨ ਦਾ ਦੁਸ਼ਮਨ ਸੰਗਠਨ ਹੁੰਦਾ ਹੈ ਤੇ ਵਿਅਕਤੀ ਦਾ ਵਿਅਕਤੀ, ਇਸੇ ਲਈ ਹੀ ਆਤੰਕਵਾਦੀ ਸਰਗਰਮੀ ਭਾਵੇਂ ਕਿੰਨੀ ਵੀ ਵਿਵਸਥਿਤ ਕਿਉਂ ਨਾ ਹੋਵੇ, ਵਿਅਕਤੀ ਆਤੰਕ ਵਿਚ ਬਦਲ ਜਾਂਦੀ ਹੈ।

ਕਈ ਵੇਰ ਇਹ ਵਿਚਾਰ ਵੀ ਪੇਸ਼ ਕੀਤਾ ਜਾਂਦਾ ਹੈ ਕਿ ਕੋਈ ਨਾਇਕ ਆਪਣੀ ਆਤੰਕਵਾਦੀ ਸਰਗਰਮੀ ਨਾਲ ਲੋਕਾਂ ਦੇ ਮਨਾਂ ਵਿਚ ਘੋਲ ਲਈ ਜਜ਼ਬਾ ਤੇ ਹੌਸਲਾ ਪੈਦਾ ਕਰਦਾ ਹੈ, ਪਰ ਇਹ ਵਿਚਾਰ ਠੀਕ ਨਹੀਂ। ਇਹ ਤਾਂ ਆਤੰਕਵਾਦ ਦੀ ਵਕਾਲਤ ਹੈ। ਉਸ ਨੂੰ ਬਣਾਈ ਰਖਣ ਦਾ ਅਚੇਤਨ (ਤੇ ਚੇਤਨ ਵੀ) ਉਪਰਾਲਾ ਹੈ। ਇਨ-ਕਲਾਬੀ ਲਹਿਰ ਦੇ ਲੋਕਾਂ ਦਾ ਜਜ਼ਬਾ ਤੇ ਹੌਸਲਾ ਤਾਂ ਓਦੋਂ ਬੁਲੰਦ ਹੁੰਦਾ ਹੈ ਜਦੋਂ ਨਵੇਂ ਕਿਸਮ ਦੇ ਲੋਕ ਘੋਲ ਦੇ ਨਵੇਂ ਢੰਗ ਹੋਂਦ ਵਿਚ ਆਉਂਦੇ ਹਨ ਜਾਂ ਫੇਰ ਲੋਕਾਂ ਦੇ ਨਵਿਆਂ ਹਿੱਸਿਆਂ ਵਿਚ ਸਿਆਸੀ ਸੂਝ ਪੈਦਾ ਹੁੰਦੀ ਹੈ। ਇੱਕਾ ਦੁੱਕਾ ਆਤੰਕਵਾਦੀ ਸਰਗਰਮੀ ਘਟ-ਟਿਕਾਊ ਸੰਵੇਦਨਾ ਸੰਚਾਰ ਜ਼ਰੂਰ ਕਰਦੀ ਹੈ। ਦਰਅਸਲ, ਜਿਵੇਂ ਉਪਰ ਕਿਹਾ ਗਿਆ ਹੈ, ਆਤੰਕਵਾਦੀ ਸਰਗਰਮੀ ਤਾਂ ਲੋਕਾਂ ਨੂੰ ਇਨਕਲਾਬੀ ਸੜਾਂ ਤੋਂ ਦੂਰ ਲੈ ਜਾਂਦੀ ਹੈ। ਏਥੇ ਸਾਡਾ ਮਕਸਦ ਉਹਨਾਂ ਨਾਇਕਾਂ ਦੀ ਈਮਾਨਦਾਰੀ ਤੇ ਹੌਸਲੇ ਤੇ ਸ਼ੱਕ ਕਰਨਾ ਨਹੀਂ, ਸਗੋਂ ਇਹ ਦੱਸਣਾ ਹੈ ਕਿ ਇਹ ਸਹੀ ਇਨਕਲਾਬੀ ਰਾਹ ਨਹੀਂ। ਲੈਨਿਨ ਨੇ ਭਾਵੇਂ **ਨਰੋਦਨਾਯਾ–ਵੋਲਯਾ** ਦੇ ਮੈਂਬਰਾਂ ਦੀ ਬਹਾਦਰੀ, ਕੁਰਬਾਨੀ ਤੇ

ਨਿਸ਼ਕਾਮਤਾ ਦੀ ਪ੍ਰਸੰਸਾ ਕੀਤੀ ਹੈ, ਪਰ ਨਾਲ ਹੀ ਉਨ੍ਹਾਂ ਦੇ ਆਤੰਕਵਾਦੀ ਗਲਤ ਸਿਧਾਂਤ ਦੇ ਦਾਅ-ਪੇਚ ਦੀ ਨਿੰਦਾ ਵੀ ਕੀਤੀ ਹੈ।

□ □

ਕਿਉਂਕਿ ਆਤੰਕਵਾਦ ਬੁੱਧੀਜੀਵੀਆਂ ਦੇ ਰੋਹ ਤੇ ਜੋਸ਼ ਦੇ ਜਜ਼ਬੇ ਦਾ ਪ੍ਰਗਟਾਵਾ ਹੈ, ਇਸ ਲਈ ਸਾਹਿਤ ਵਿਚ ਇਸ ਦੀ ਅਭਿਵਿਅਕਤੀ ਕੁਦਰਤੀ ਹੈ। ਖ਼ਾਸ ਤੌਰ ਤੇ ਜਦੋਂ ਜੰਤਕ ਉਭਾਰ ਜ਼ੋਰਾਂ ਤੇ ਹੋਵੇ; ਅਤੇ ਆਤੰਕਵਾਦੀ ਸਰਗਰਮੀਆਂ ਇਸ ਨੂੰ ਪ੍ਰਭਾਵਿਤ ਕਰਨ ਦੀ ਗ਼ਲਤ-ਫ਼ਹਿਮੀ ਵਿਚ ਹੋਣ ਤਾਂ ਉਸ ਸਮੇਂ ਦਾ ਸਿਆਸੀ ਸਾਹਿਤ ਬਹੁਤ ਹੱਦ ਤਕ ਆਤੰਕਵਾਦੀ ਕਮਜ਼ੋਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਇਹ ਆਪਣੇ ਨਾਲ ਸੰਬੰਧਿਤ ਕਈ ਹੋਰ ਗ਼ਲਤ ਝੁਕਾਅ ਤੇ ਰੁਝਾਨ ਵੀ ਨਾਲ ਲਿਆਉਂਦਾ ਹੈ। ਸਾਹਿਤ ਵਿਚ ਇਹ ਪੂਰੀ ਤਰ੍ਹਾਂ ਖਾੜਕੂ ਇਨਕਲਾਬੀ ਮੁਖੌਟਾ ਲਾ ਕੇ ਆਉਂਦਾ ਹੈ। ਅੰਦੋਲਨ ਬਾਰੇ ਲਿਖਣ ਦੀ ਥਾਵੇਂ ਇੱਕਾ ਦੁੱਕਾ ਘਟਨਾਵਾਂ ਨੂੰ ਅਤਿ-ਸਾਧਾਰਨ ਰੂਪ ਵਿਚ ਇਸ ਦੇ ਵਿਚਾਰਧਾਰਕ, ਸੰਗਠਨ ਸੰਬੰਧੀ ਵਿਰੋਧਾਂ ਵਿਚੋਂ ਵਿਕਸਿਤ ਹੋ ਰਹੇ ਲੋਕ ਜਥੇਬੰਦੀਆਂ ਨੂੰ ਅੱਖੋਂ ਉਹਲੇ ਕਰਕੇ ਚਿਤਰਨਾ ਹੀ ਠੀਕ ਸਮਝਦੇ ਹਨ। ਏਥੇ ਮਨੁਖੀ ਲੁਟ ਦੇ ਖ਼ਿਲਾਫ਼ ਬਦਲੇ ਦੀ ਭਾਵਨਾ ਨੂੰ ਦਰਸਾਇਆ ਜਾਂਦਾ ਹੈ। ਬਦਲੇ ਦੀ ਭਾਵਨਾ ਅਮੀਰ-ਗ਼ਰੀਬ, ਉੱਚਾ-ਨੀਵਾਂ ਆਦਿ ਅਮੂਰਤ ਸੰਕਲਪਾਂ ਵਿਚਲੇ ਵਿਰੋਧ ਦੇ ਰੂਪ ਵਿਚ ਵੇਖੀ ਜਾਂਦੀ ਹੈ। ਬਦਲੇ ਦੀ ਭਾਵਨਾ ਕਰਕੇ ਇਹ ਲੋਕਾਂ ਨੂੰ ਬਹੁਤ ਪ੍ਰਭਾਵਤ ਵੀ ਕਰਦਾ ਹੈ, ਪਰ ਇਸ ਦਾ ਨੁਕਸਾਨ ਇਹ ਹੈ ਕਿ ਇਸ ਤਰ੍ਹਾਂ ਦੇ ਸਾਹਿਤ ਨਾਲ ਲੋਕਾਂ ਦੇ ਰੋਹ ਦਾ ਵਿਰੇਚਨ (catharsis) ਹੋ ਜਾਂਦਾ ਹੈ।

ਆਤੰਕਵਾਦੀ ਸਾਹਿਤ ਵਿਚ ਵਿਅਕਤੀਵਾਦੀ ਰੁਚੀ ਵੀ ਵੇਖੀ ਜਾ ਸਕਦੀ ਹੈ। ਇਹ ਰੁਚੀ ਪ੍ਰਯੋਗਵਾਦੀ ਰੁਚੀ ਨਾਲੋਂ ਵਖਰੀ ਆਤਮ-ਕੇਂਦਰਿਤ ਨਹੀਂ, ਸਗੋਂ ਇਹ 'ਨਾਇਕ-ਪੂਜਾ' ਦੇ ਰੂਪ ਵਿਚ ਵੇਖੀ ਜਾ ਸਕਦੀ ਹੈ। ਆਤੰਕਵਾਦੀ ਦੌਰ ਦੇ ਸਾਹਿਤ ਵਿਚ ਇਤਿਹਾਸਕ ਨਾਇਕਾਂ ਦੀ ਪੁਨਰ-ਸੁਰਜੀਤੀ ਹੁੰਦੀ ਹੈ। ਇਹ ਕੌਮ-ਪ੍ਰਸਤੀ ਨਾਲ ਮੇਲ ਖਾਂਦੀ ਹੈ ਕਿਉਂਕਿ ਇਹ ਵੀ ਵਿਗਿਆਨਕ ਮੁਲਾਂਕਣ ਨੂੰ ਵਿਸਾਰ ਕੇ ਉਸ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਦੀ ਉਲਾਰ ਰੁਚੀ ਦਾ ਸ਼ਿਕਾਰ ਹੁੰਦੀ ਹੈ। ਆਤੰਕਵਾਦੀ ਸਾਹਿਤ ਦੁਸ਼ਮਣ ਨੂੰ ਵਿਅਕਤੀ-ਰੂਪ ਵਿਚ ਚਿਤਰਦਾ ਹੈ ਕਿਸੇ ਸੰਸਥਾ ਦੇ ਰੂਪ ਵਿਚ ਨਹੀਂ। ਇਸ ਤਰ੍ਹਾਂ ਜਮਾਤਾਂ ਦੇ ਆਪਸੀ ਵਿਰੋਧ ਦੀ ਥਾਂ ਵਿਅਕਤੀ ਵਿਰੋਧ ਲੈ ਲੈਂਦਾ ਹੈ।

ਕਿਉਂਕਿ ਆਤੰਕਵਾਦੀ ਲੋਕ-ਉਭਾਰ ਨੂੰ ਇਨਕਲਾਬੀ ਉਭਾਰ ਦੀ ਖ਼ੁਸ਼-ਫ਼ਹਿਮੀ ਦੇ ਸ਼ਿਕਾਰ ਹੁੰਦੇ ਹਨ, ਇਸ ਲਈ ਇਹੀ ਗ਼ਲਤ ਸੋਚ ਲੈ ਕੇ ਉਹ ਸਾਹਿਤ ਵਿਚ ਪ੍ਰਵੇਸ਼ ਕਰਦੇ ਹਨ। ਆਤੰਕਵਾਦੀ ਸਾਹਿਤ ਤੋਂ ਪ੍ਰਭਾਵ ਪੈਂਦਾ ਹੈ ਕਿ ਇਹ ਉਭਾਰ ਜਿਵੇਂ ਅਤਿਅੰਤ ਵਿਕਸਿਤ ਸਿਆਸੀ ਅਵਸਥਾ ਵਿਚ ਹੋਵੇ। ਇਹ ਤੱਥ ਭਰਮ ਪਾਊ ਹਨ ਅਤੇ ਲੋਕਾਂ ਨੂੰ ਲਹਿਰ ਬਾਰੇ ਸਹੀ ਸਮਝ ਵਿਕਸਿਤ ਹੋਣੋ ਵਰਜਦੇ ਹਨ।

ਆਤੰਕਵਾਦੀ ਸਾਹਿਤ ਵਿਚਾਰਧਾਰਾ ਤੇ ਸੰਗਠਨ ਦੀ ਥਾਂ ਈਮਾਨਦਾਰੀ, ਬਹਾਦਰੀ, ਕੁਰਬਾਨੀ ਆਦਿ ਤੇ ਬਲ ਦੇਂਦੇ ਹਨ। ਭਾਵੇਂ ਇਹਨਾਂ ਦਾ ਸਮਾਜਕ ਮਹੱਤਵ ਹੋਵੇ, ਪਰ ਸਿਆਸਤ ਵਿਚ ਇਹਨਾਂ ਦੀ ਸਾਰਥਿਕਤਾ ਓਦੋਂ ਹੀ ਹੁੰਦੀ ਹੈ ਜਦੋਂ ਵਿਚਾਰਧਾਰਾ ਨਾਲ ਲੈਸ ਇਨਕਲਾਬੀ ਜਦੋਜਹਿਦ ਦੇ ਅੰਗ ਹੋਣ। ਇਸੇ ਲਈ ਆਤੰਕਵਾਦੀ ਕੇਵਲ ਅਮਲ ਤੇ ਜ਼ੋਰ ਪਾਉਣ ਦਾ ਭਰਮਪਾਊ ਨਾਅਰਾ ਮਾਰਦੇ ਹਨ। ਦਰਅਸਲ ਇਹ ਇਨਕਲਾਬੀ ਸੰਘਰਸ਼ ਵਿਚ ਵਿਚਾਰਧਾਰਾ ਦੀ ਅਹਿਮੀਅਤ ਤੇ ਫੇਰ ਸਹੀ ਅਮਲ ਵਲੋਂ ਧਿਆਨ ਹਟਾਉਣ ਦਾ ਜਤਨ ਹੈ। ਇਹ ਜਤਨ ਨਾ ਕੇਵਲ ਆਤੰਕਵਾਦੀ ਸਗੋਂ ਬੁਰਜੂਆ ਜਮਾਤਾਂ ਵਧ ਚੜ੍ਹ ਕੇ ਕਰਦੀਆਂ ਹਨ। ਉਹ ਇਸ ਗੱਲ ਦਾ ਪ੍ਰਚਾਰ ਵੀ ਕਰਦੇ ਹਨ ਕਿ ਆਤੰਕਵਾਦੀ ਸਰਗਰਮੀਆਂ ਲੋਕ ਚੇਤਨਾ ਨੂੰ ਟੁੰਬ ਕੇ ਉਹਨਾਂ ਨੂੰ ਇਨਕਲਾਬੀ ਲਹਿਰ ਦੀਆਂ ਸਫ਼ਾਂ ਵਿਚ ਲਿਆਉਣ ਦਾ ਮਹੱਤਵ-ਪੂਰਨ ਯੋਗਦਾਨ ਕਰਦੀਆਂ ਹਨ। ਇਸ ਤਰ੍ਹਾਂ ਨਾ ਕੇਵਲ ਉਹ ਵਿਅਕਤੀਵਾਦੀ ਆਤੰਕਵਾਦੀ ਕਾਰਵਾਈਆਂ ਨੂੰ ਵਧਾ ਚੜ੍ਹਾ ਕੇ ਵੇਖਦੇ ਹਨ, ਸਗੋਂ ਸਾਹਿਤ ਦੇ ਰੋਲ ਨੂੰ ਵੀ। ਜਦ ਕਿ ਦੂਜੇ ਪਾਸੇ ਸਹੀ ਸਾਹਿਤ ਨੂੰ ਕਈ ਕਿਸਮ ਦੇ ਫਤਵੇ ਦੇ ਕੇ ਪਾਸੇ ਕਰ ਦਿਤਾ ਜਾਂਦਾ ਹੈ। ਆਤੰਕ ਨੂੰ ਦਰਸਾਉਣ ਦੇ ਸਾਧਨ ਦੇ ਰੂਪ ਵਿਚ ਪੇਸ਼ ਕਰਨ ਵਾਲਿਆਂ ਤੇ ਲੈਨਿਨ ਤੇ ਕਾਟਵਾਂ ਵਿਅੰਗ ਕੀਤਾ ਹੈ, 'ਕੀ ਵਿਸ਼ੇਸ਼ "ਭੜਕਾਊ ਚੀਜ਼ਾਂ" ਦੀ ਕਾਢ ਕੱਢੇ ਤੋਂ ਬਿਨਾਂ ਹੀ (ਰੂਸੀ) ਜੀਵਨ ਵਿਚ ਕਾਫ਼ੀ ਉਪੱਦਰ ਨਹੀਂ ਹੋ ਰਹੇ ?' (ਕੀ ਕਰਨਾ ਲੋੜੀਏ ?)

ਆਤੰਕਵਾਦੀ ਸਾਹਿਤ ਆਤੰਕਵਾਦ ਦਾ ਪੈਰੋਕਾਰ ਹੈ, ਜੋ ਇਨਕਲਾਬੀ ਘੋਲ ਦੇ ਫ਼ੌਰੀ ਕੰਮ ਵਲੋਂ ਅੱਖਾਂ ਮੀਟਣ ਵਿਚ ਮਦਦ ਕਰਦਾ ਹੈ। ਇਹ ਅਜੋਕੇ ਲੋਕ ਉਭਾਰ ਨੂੰ ਜਥੇਬੰਦ ਕਰਨ, ਉਹਨਾਂ ਨੂੰ ਵਿਚਾਰਧਾਰਾ ਨਾਲ ਲੈਸ ਕਰਨ ਅਤੇ ਉਹਨਾਂ ਦੇ ਆਰਥਿਕ ਘੋਲਾਂ ਨੂੰ ਸਿਆਸੀ ਘੋਲਾਂ ਵਿਚ ਬਦਲਣ ਤੋਂ ਪਾਸੇ ਰਖਦਾ ਹੈ। ਸਾਡਾ ਫ਼ਰਜ਼ ਬਣਦਾ ਹੈ ਕਿ ਸਾਹਿਤ ਵਿਚ ਆਈਆਂ ਆਤੰਕਵਾਦੀ ਪ੍ਰਵਿਰਤੀਆਂ ਤੇ ਝੁਕਾਵਾਂ ਤੋਂ ਬਚਿਆ ਜਾਵੇ। ਇਹ ਇਸ ਲਈ ਵੀ ਜ਼ਰੂਰੀ ਹੈ ਕਿ ਇਸ ਦੀ ਗ੍ਰਿਫ਼ਤ ਵਿਚੋਂ ਨਿਕਲ ਕੇ ਹੀ ਸਹੀ ਪ੍ਰਗਤੀਸ਼ੀਲ ਸਾਹਿਤ ਵਲ ਵਧਣ ਦਾ ਉਪਰਾਲਾ ਕੀਤਾ ਜਾ ਸਕਦਾ ਹੈ।

— ਸ ਸ.

# ਸਮਤਾ : ਇਕ ਜਾਇਜ਼ਾ

ਸਮਤਾ ਪਰਚੇ ਦਾ ਛਪਣਾ ਪੰਜਾਬ ਦੀ ਜਮਹੂਰੀ ਲਹਿਰ ਲਈ ਇਕ ਵੱਧੀਆ ਸ਼ਗਨ ਹੈ। ਇਸਦੇ ਚਾਰ ਪਰਚੇ ਸਾਡੇ ਸਾਹਮਣੇ ਹਨ। ਇਸ ਲਈ ਇਹਦੇ ਵਿਚ ਛਪੇ ਮੈਟਰ ਬਾਰੇ ਬਹਿਸ ਲਈ ਪੂਰਾ ਆਧਾਰ ਸਾਡੇ ਕੋਲ ਹੈ। ਪਰਚੇ ਬਾਰੇ ਛਪੀਆ ਰਾਵਾਂ ਵਿਚੋਂ ਦੋ ਰਾਵਾਂ ਉੱਘੜਕੇ ਆਈਆਂ ਹਨ। ਇਕ ਰਾਏ ਇਹ ਹੈ ਕਿ ਪਰਚਾ ਮੁਸ਼ਕਿਲ ਹੈ ਅਤੇ ਉਸ ਉਤੇ ਬੁਧੀਜੀਵੀਆਂ ਦੀ ਇਜਾਰੇਦਾਰੀ ਬਣਨ ਦਾ ਖ਼ਤਰਾ ਹੈ। ਦੂਜੀ ਰਾਏ ਇਹ ਹੈ ਕਿ ਇਹਦਾ ਪੱਧਰ ਕਾਇਮ ਰਖਣਾ ਚਾਹੀਦਾ ਹੈ। ਲੋਕਾਂ ਨੂੰ ਉੱਚਾ ਚੁਕਣਾ ਹੈ ਨਾ ਕਿ ਆਪ ਕੋਡਿਆਂ ਹੋਣਾ ਹੈ। ਪਰ ਅਸੀਂ ਸਮਝਦੇ ਹਾਂ ਕਿ ਇਹ ਦੋਵੇਂ ਪਹੁੰਚ ਠੀਕ ਨਹੀਂ। ਪਰਚੇ ਦੀ ਪਰਖ ਸਮਾਜਿਕ ਪ੍ਰਸੰਗਿਕਤਾ ਦੀ ਕੱਸਵਟੀ ਤੇ ਹੋਣੀ ਚਾਹੀਦੀ ਹੈ ਭਾਵ ਕਿ ਪਰਚੇ ਵਿਚ ਜੋ ਕੁਝ ਛੱਪਿਆ ਹੈ, ਉਹਦੀ ਸਾਡੇ ਸਮਾਜ ਨਾਲ ਕੀ ਪ੍ਰਸੰਗਿਕਤਾ ਹੈ?

ਕੀ ਪਰਚੇ ਦੇ ਆਸ਼ੇ ਅਨੁਸਾਰ ਇਹ ਸਾਨੂੰ ਵੱਧੀਆ ਨਿਆਂਸ਼ੀਲ ਸਮਾਜ ਬਨਾਉਣ ਲਈ ਸੰਘਰਸ਼ ਲਈ ਸੂਝ ਅਤੇ ਪ੍ਰੇਰਨਾ ਦਿੰਦਾ ਹੈ (ਪ੍ਰਵੇਸ਼ ਅੰਕ ਦੀ ਐਡਟਰੀ)? ਕੀ ਇਸਦੇ ਵਿਚ ਜਿਹੜੇ ਮੱਸਲੇ ਉਠਾਏ ਗਏ ਹਨ, ਉਹ ਸਾਡੇ ਸਮਾਜ ਤੇ ਲਾਗੂ ਹੁੰਦੇ ਹਨ? ਕੀ ਲੇਖਕ ਦਾ ਅਨੁਭਵ ਸਾਡੇ ਜੀਵਨ ਦੇ ਯਥਾਰਥ ਦੀ ਦੇਣ ਹੈ ਜਾਂ ਐਵੇਂ ਗੁੜਗਿਆਨ ਦੀ ਚੁੱਸਤੀ ਹੈ?

ਸਾਰਿਆਂ ਨਾਲੋਂ ਪਹਿਲੇ ਕਵਿਤਾ ਦਾ ਵਿਭਾਗ ਹੀ ਲੈਂਦੇ ਹਾਂ। ਚਾਰੇ ਅੰਕਾ ਵਿਚ ਮਿਲਾਕੇ ਬਾਰਾਂ ਕਵਿਤਾਵਾਂ ਛੱਪੀਆਂ ਹਨ, ਜਿਨ੍ਹਾਂ ਵਿਚ ਛੇ ਮੂਲਰੂਪ ਵਿਚ ਪੰਜਾਬੀ ਹਨ ਅਤੇ ਛੇ ਅਨੁਵਾਦਿਤ ਹਨ। ਇਸ ਵਿਚ ਸ਼ਕ ਨਹੀਂ ਕਿ ਅਨੁਵਾਦਿਤ ਕਵਿਤਾਵਾਂ ਵਿਸ਼ੇਸ਼ ਕਰਕੇ ਕੁਮਾਰ ਵਿਕਲ ਦੀ ਕਵਿਤਾ 'ਖਿੜਕੀਆਂ' (ਅਗਸਤ 1980) ਅਤੇ ਮਾਰਟਿਨ ਕਾਰਟਰ ਦੀ ਕਵਿਤਾ 'ਮੈਂ ਆਪਣੀ ਕਵਿਤਾ ਹਾਂ' (ਜੁਲਾਈ 1980) ਦਾ ਪੱਧਰ ਉੱਚਾ ਹੈ ਤੇ ਉਹਨਾਂ ਵਿਚ ਸਪਸ਼ਟਤਾ ਵੀ ਹੈ। ਮੌਲਿਕ ਕਵਿਤਾਵਾਂ ਵਿਚੋਂ ਸਿਵਾਏ ਲਾਲ ਸਿੰਘ ਦਿਲ ਦੀ ਕਵਿਤਾਵਾਂ 'ਨਾਮ੍ਹਾ ਤੇ ਸ਼ਰਮਸਾਰ (ਜੂਨ 1980), ਕੁੱਪ (ਸੰਤਬਰ 1980) ਤੇ ਕੁਝ ਹੱਦ ਤਕ ਅਵਤਾਰ ਜੰਡਿਆਲਵੀ ਦੀ ਕਵਿਤਾ 'ਬਬਰਾਂ ਦੇ ਨਾਂ' (ਅਗਸਤ 1980) ਨੂੰ ਛੱਡ ਕੇ ਬਾਕੀ ਸਾਰੀਆਂ ਕਵਿਤਾਵਾਂ ਪਾਠਕ ਉਤੇ ਕੋਈ ਵੀ ਪ੍ਰਭਾਵ ਨਹੀਂ ਛਡਦੀਆਂ। ਸਮੁੱਚੇ ਤੌਰ ਤੇ ਕਵਿਤਾ ਵਿਭਾਗ ਪਰਚੇ ਦੇ ਆਦੇਸ਼ਾਂ ਤੇ ਬਿਲਕੁਲ ਪੂਰਾ ਨਹੀਂ ਉਤਰਦਾ। ਕੋਡਿਆਂ ਹੋਣ ਦੀ ਲੋੜ ਨਹੀਂ, ਪਰ ਬਾਂਸ ਤੇ ਚੜ੍ਹਕੇ ਲਿਖਣਾ ਤੇ ਫੇਰ ਸਮਤਾ ਵਾਲਿਆਂ ਦਾ ਉਹਨੂੰ ਛਾਪਣਾ ਕੋਈ ਅਕਲਮੰਦੀ ਨਹੀਂ।

ਕਵਿਤਾ ਦੇ ਉੱਲਟ ਕਹਾਣੀਆਂ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਸਾਰੀਆਂ ਉੱਚੇ ਪੱਧਰ ਦੀਆਂ ਹਨ ਅਤੇ ਜ਼ਿੰਦਗੀ ਦੇ ਯਥਾਰਥ ਨੂੰ ਸਹੀ ਢੰਗ ਨਾਲ ਪੇਸ਼ ਕਰਦੀਆਂ ਹਨ। ਮੌਲਿਕ ਕਹਾਣੀਆਂ ਵਿਚੋਂ ਸੁਖਵੰਤ ਕੌਰ ਮਾਨ ਦੀ ਕਹਾਣੀ 'ਮਸ਼ੀਨ' (ਜੂਨ 1 80) ਮੁਖਤਿਆਰ ਸਿੰਘ ਦੀ 'ਨੀਂਹ' (ਜੁਲਾਈ 1980), ਸ਼ਿਵ ਚਰਨ ਗਿਲ ਦੀ 'ਕਾਲੇ ਪਾਣੀ' (ਸੰਤਬਰ 1980), ਸਾਰੀਆਂ ਹੀ ਵੱਧੀਆ ਕਹਾਣੀਆਂ ਹਨ। ਅਨੁਵਾਦਿਤ ਕਹਾਣੀਆ ਵਿਚੋਂ 'ਰਾਸ਼ੋਮੋਨ (ਜੁਲਾਈ 1980) ਜੇਕਰ ਆਪਣੇ ਆਪ ਵਿਚ ਇਕ ਮਿਸਾਲ ਹੈ ਤਾਂ ਉਰਦੂ ਹਿੰਦੀ ਸਾਹਿਤ ਵਿਚੋਂ ਲਈਆਂ ਗਈਆਂ ਕਹਾਣੀਆਂ 'ਚੌਤੀਵਾਂ ਦਰਵਾਜ਼ਾ' ਅਤੇ 'ਬਟਵੂ' (ਅਗਸਤ 19 0) ਅਤੇ ਅਹਿਮਦ ਨਦੀਮ ਕਾਸਮੀ ਦੀ 'ਜੁੱਤੀ' (ਸੰਤਬਰ 1980) ਹਰ ਪੱਖ ਤੋਂ ਵੱਧੀਆ ਕਹਾਣੀਆਂ ਕਹੀਆਂ ਜਾ ਸਕਦੀਆਂ ਹਨ। ਇਹਨਾਂ ਕਹਾਣੀਆ ਨੇ ਸੱਠਾਂ ਦੇ ਨੇੜੇ ਛੱਪਦੇ ਪਰਚੇ 'ਚੇਤਨਾ' ਦੀ ਯਾਦ ਤਾਜ਼ਾ ਕਰ ਦਿਤੀ ਹੈ ਜਿਸਦਾ ਹਰ ਸ਼ੁਮਾਰਾ ਇਕ ਨਾ ਇਕ ਚੰਗੀ ਕਹਾਣੀ ਕਰਕੇ ਸਾਂਭਣ ਯੋਗ ਹੁੰਦਾ ਸੀ। 'ਸਮਤਾ' ਵੀ ਇਹ ਫ਼ਖ਼ਰਯੋਗ ਥਾਂ ਲੈਂਦਾ ਹੈ।

ਹੁਣ ਅਸੀਂ ਗੋਲਮੇਜ਼ ਕਾਲਮ ਤੇ ਵਿਚਾਰ ਕਰਦੇ ਹਾਂ ਕਿਉਂਕਿ ਵਿਚਾਰਧਾਰਕ ਮੰਚ ਤੇ ਇਹ ਕਾਲਮ ਪਰਚੇ ਦੀ ਵਿਸ਼ਸ਼ਤਾ ਰਖਣ ਦੀ ਸੰਭਾਵਨਾ ਰਖਦਾ ਹੈ। ਪ੍ਰਵੇਸ਼ ਅੰਕ ਇਸ ਸਵਾਲ ਤੋਂ ਸ਼ੁਰੂ ਕੀਤਾ ਗਿਆ ਸੀ ਕਿ "ਪੰਜਾਬੀ ਮਾਰਕਸਵਾਦੀ ਸਾਹਿਤ ਚਿੰਤਨ ਦਾ ਸਮੱਗਰ ਸਰੂਪ ਕਿਉਂ ਨਹੀਂ ਬਣ ਸਕਿਆ?" ਜਿਥੋਂ ਤਕ ਇਸ ਸਿਰਲੇਖ ਤੋਂ ਮਤਲਬ ਸਮਝਿਆ ਜਾ ਸਕਦਾ ਹੈ, ਉਹ ਇਹੀ ਹੈ ਕਿ ਸਮਾਜ ਵਿਚ ਹੋ ਰਹੀ ਉੱਥਲ ਪੁੱਥਲ ਦੀ ਮਾਰਕਸਵਾਦੀ ਦਰਸ਼ਨ ਅਨੁਸਾਰ ਪੰਜਾਬੀ ਸਾਹਿਤ ਵਿਚ ਪ੍ਰਗਟਾਵਾ ਕਿਉਂ ਨਹੀਂ? ਜਾਂ ਜਮਾਤੀ ਕਤਾਰਬੰਦੀ ਦੀ ਸੂਝ ਦਾ ਪੰਜਾਬੀ ਸਾਹਿਤ ਵਿਚ ਸਮੱਗਰ ਸਰੂਪ ਕਿਉਂ ਨਹੀਂ? ਇਸ ਕਾਲਮ ਥਲੇ ਦੋਵੇਂ ਲੇਖ ਅਤੇ ਫੇਰ ਅਗਲੇ ਵਿਚ ਡਾਕਟਰ ਤੇਜਵੰਤ ਸਿੰਘ ਗਿਲ ਦਾ ਲੇਖ ਇਸ ਦਾ ਸਪਸ਼ਟ ਜਵਾਬ ਨਹੀਂ ਦੇ ਸਕੇ।

ਪ੍ਰੀਤਮ ਸਿੰਘ ਦਾ ਇਹ ਕਹਿਣਾ ਕਿ ਪੰਜਾਬੀ ਵਿਚ ਮਾਰਕਸਵਾਦੀ ਚਿੰਤਨ ਇਸ ਲਈ ਨਹੀਂ ਬਣ ਸਕਿਆ ਕਿਉਂਕਿ ਜਦੋਂ ਇਸ ਫ਼ਲਾਸਫ਼ੀ ਦੀ ਆਮਦ ਪੰਜਾਬ ਵਿਚ ਹੋਈ ਤਾਂ ਉਸ ਵੇਲੇ ਇਸ ਫ਼ਲਸਫ਼ੇ ਦੀ ਵਾਗਡੋਰ ਅੰਤਰਗਸ਼ਟਰੀ ਪੱਧਰ ਤੇ ਸਟਾਲਿਨਵਾਦ ਦੀ ਭੱਦੀ ਸ਼ਕਲ ਵਿਚ ਸੀ। ਇਹ ਕੱਥਨ ਇਕ ਫਤਵੇ ਵਾਂਗ ਹੀ ਹੈ ਕਿ ਕੋਈ ਘੜੀ ਘੜਾਈ ਸੋਚ ਪਾਠਕਾਂ ਦੇ ਸਿਰ ਦੇ ਮਾਰੀ। ਕੀ ਪ੍ਰੀਤਮ ਸਿੰਘ ਆਪਣੀ ਸੋਚ ਦੇ ਪੱਖ ਵਿਚ ਪੰਜਾਬੀ ਸਾਹਿਤ ਵਿਚੋਂ ਕੋਈ ਮਿਸਾਲ ਦੇ ਸਕਦਾ ਹੈ? ਸੁਜਾਨ ਸਿੰਘ ਤੋਂ ਲੈ ਕੇ ਵਰਿਆਮ ਸੰਧੂ ਤਕ ਹੁਣ ਤਾਂ ਤਿਨ ਪੀੜੀਆਂ ਮਾਰਕਸਵਾਦ ਤੋਂ ਪ੍ਰਭਾਵਿਤ ਹੋ ਕੇ ਸਾਹਿਤ ਲਿਖ ਰਹੇ ਹਨ।

ਸੁਰਜੀਤ ਹਾਂਸ ਨੇ ਨੁੱਕਤਾ ਠੀਕ ਉਠਾਇਆ ਹੈ

ਕਿ ਮਾਰਕਸਵਾਦੀ ਲੇਖਕਾਂ ਨੂੰ ਭਾਵੇਂ ਵਿਸ਼ਾ ਚੁਣਨ ਵੇਲੇ ਪ੍ਰੋਲਤਾਰੀ ਵਰਗ ਨੂੰ ਰਵਾਜਨ ਚੁਣਿਆ ਹੈ, ਪਰ ਉਸ ਨੂੰ ਨਿਭਾਉਣ ਦੀ ਸਾਰੀ ਵਿਧੀ ਬੁਰਜੂਆ ਸਾਹਿਤ ਦੀ ਆਪਣੀ ਹੈ, ਜਿਸ ਕਰਕੇ ਇਹ ਸਾਹਿਤ 'ਨਾਅਰਾ' ਬਣ ਜਾਂਦਾ ਹੈ। ਸੋ ਪ੍ਰੋਲਤਾਰੀ ਸਾਹਿਤ ਦੀ ਆਪਣੀ ਜੁਗਤ ਹੋਣੀ ਚਾਹੀਦੀ ਹੈ। ਪਰ ਇਹ ਸਿੱਧਾ ਨੁੱਕਤਾ ਪੰਜਾਬੀ ਸਾਹਿਤ ਵਿਚ ਕਿਸੇ ਨਾ ਕਿਸੇ ਮਿਸਾਲ ਦੀ ਮੰਗ ਕਰਦਾ ਸੀ। ਪਰ ਉਹ ਪੰਜਾਬੀ ਦੇ ਆਧੁਨਿਕ ਸਾਹਿਤ ਵਿਚੋਂ ਇਕ ਹੀ ਮਿਸਾਲ ਨਹੀਂ ਦੇ ਸਕਿਆ। ਗੁਰੂ ਨਾਨਕ ਦੀ ਕਵਿਤਾ ਵਲ ਇਸ਼ਾਰਾ ਜ਼ਰੂਰ ਕੀਤਾ ਹੈ, ਪਰ ਚੰਗਾ ਹੁੰਦਾ ਕਿ ਗੁਰਬਾਣੀ ਦੇ ਕਿਸੇ ਸ਼ਬਦ ਦੀ ਉਦਾਹਰਨ ਦੇ ਕੇ ਇਸ ਨੂੰ ਸਪਸ਼ਟ ਕੀਤਾ ਜਾਂਦਾ। ਡਾਕਟਰ ਤੇਜਵੰਤ ਗਿਲ ਦਾ ਥੀਸੱਸ ਹੈ ਕਿ ਪੰਜਾਬੀ ਲੋਕ-ਬੋਧ ਵਿਚ ਧਰਮ ਨੂੰ ਨੂੰ ਸਭ ਤੋਂ ਵੱਧ ਸਰੇਸ਼ਟਤਾ ਪ੍ਰਾਪਤ ਹੈ ਪਰ ਮਾਰਕਸਵਾਦੀ ਲੇਖਕਾਂ ਨੇ ਇਸ ਪਹਿਲੂ ਨੂੰ ਵਿਚਾਰਿਆ ਵੀ ਨਹੀਂ ਤੇ ਨਾ ਹੀ ਇਸਨੂੰ ਬਹਿਸ ਦੇ ਅੰਦਰ ਲਿਆਂਦਾ ਹੈ।

ਪ੍ਰੋ: ਕਿਸ਼ਨ ਸਿੰਘ ਦੀਆਂ ਲਿਖਤਾਂ ਦੇ ਆਧਾਰ ਤੇ ਇਹ ਨੁੱਕਤਾ ਅਗੇ ਬਹਿਸ ਮੰਗਦਾ ਹੈ। ਪਰੀਣਾਮਵਾਦ ਉਤੇ ਡਾਕਟਰ ਯਸ਼ਦੀਪ ਸਿੰਘ ਦਾ ਲੇਖ ਵੀ ਤਾਂ ਹੀ ਸਾਡੇ ਲਈ ਲਾਹੇਵੰਦ ਹੋ ਸਕਦਾ ਸੀ ਕਿ ਇਸ ਸਿਧਾਂਤ ਦੀ ਪਹਿਲੋ ਪੂਰੀ ਤਰ੍ਹਾਂ ਵਿਆਖਿਆ ਪੰਜਾਬੀ ਸਾਹਿਤ ਤੋਂ ਕੁਝ ਮਿਸਾਲਾਂ ਦੇ ਕੇ ਕੀਤੀ ਜਾਂਦੀ ਹੈ। ਅਨੁਵਾਦ ਛਾਪਣ ਦੀ ਥਾਂ ਇਹਦਾ ਸਾਰਾਂਸ ਦੇਣਾ ਹੀ ਕਾਫੀ ਸੀ। ਇਹ ਅਮਰੀਕਨ ਸੋਸਾਇਟੀ ਦਾ ਫਲਸਫਾ ਹੈ ਕਿ ਹਰ ਅਮਲ ਦੀ ਕਾਮਯਾਬੀ ਪਰਖਣ ਦੀ ਇਕੋ ਇਕ ਕੱਸਵਟੀ ਹੈ ਕਿ ਉਹ ਆਪਣੇ ਮਿੱਥੇ ਹੋਏ ਨਤੀਜੇ ਕਢਦੀ ਹੈ ਕਿ ਨਹੀਂ? ਅਮਰੀਕਨ ਫਲਾਸਫਰਾਂ ਦਾ ਖਿਆਲ ਹੈ ਕਿ ਉਹਨਾਂ ਦੇ ਲੋਕਾਂ ਦੀ ਅਮੀਰੀ ਜਾਂ ਉੱਚਾ ਰਹਿਣ ਸਹਿਣ ਇਸੇ ਕਰਕੇ ਹੈ। ਜਦਕਿ ਦੂਜੇ ਲੋਕ (ਤੀਜੀ ਦੁਨੀਆ) ਐਵੇਂ ਫਾਲਤੂ ਗਲਾਂ ਵਿਚ ਵਕਤ ਜ਼ਾਇਆ ਕਰਦੇ ਹਨ। ਇਸ ਫਲਾਸਫਾ ਲੁੱਟ ਖਸੁੱਟ ਏ ਜਾਇਜ਼ ਕਰਾਰ ਦੇਣ ਦਾ ਨੁਮਣਾ ਹੈ। ਇਸ ਦੀ ਮਾਰਕਸੀ ਫਲਸਫੇ ਨਾਲ ਸਿੱਧੀ ਟੱਕਰ ਹੈ। ਪਰ ਐਡੀਟਰੀ ਵਿਚ ਇਸ ਦੇ ਜ਼ਿਕਰ ਤੇ ਇਸ ਨਾਲ ਜੁੜੀਆਂ ਕਈ ਪ੍ਰਤਿਰਤੀਆਂ ਤੇ ਝੁਕਾਅ ਦੀ ਗਲ ਕਰਦਿਆਂ ਵਿਅਕਤੀਵਾਦ, ਅਮੂਰਤ ਦਲੇਰੀ, ਵੀਰ ਭਾਵਨਾ ਕੁਰਬਾਨੀ ਦਾ ਜਜ਼ਬਾ ਆਦਿ ਦੀਆਂ ਗਲਾਂ ਦਾ ਉਲੇਖ ਹੈ। ਇਹ ਪ੍ਰਵਿਰਤੀਆਂ ਹਰਗਿਜ਼ ਇਸ ਦੀ ਦੇਣ ਨਹੀਂ। ਦੱਬੇ ਕੁੱਚਲੇ ਲੋਕਾਂ ਨੇ ਜਦੋਂ ਵੀ ਉਠਣਾ ਹੈ ਤਾਂ ਹਾਕਮ ਜਮਾਤ ਨੇ ਹਰ ਕਿਸਮ ਦਾ ਤਸ਼ੱਦਦ ਕਰਨਾ ਹੈ ਤੇ ਉਸਦਾ ਮੁਕਾਬਲਾ ਕਰਨ ਲਈ ਲੋਕਾਂ ਨੂੰ ਜਾਂ ਵਿਅਕਤੀਆਂ ਨੂੰ ਦਲੇਰੀ, ਵੀਰਤਾ ਅਤੇ ਕੁਰਬਾਨੀ ਦੇ ਅਮਲ ਕਰਨੇ ਪੈਣੇ ਹਨ। ਇਸ ਨੁੱਕਤੇ ਤੇ ਭਰਪੂਰ ਬਹਿਸ ਹੋਣੀ ਚਾਹੀਦੀ ਹੈ ਕਿਉਂਕਿ ਇਹੋ ਗਲ ਸ.ਸ. ਵਲੋਂ ਸੁਰੇਂਦਰ ਹੇਮਜਯੋਤੀ ਨੂੰ ਸ਼ਰਧਾਂਜਲੀ ਦੇਂਦਿਆਂ ਕਹੀ ਗਈ ਹੈ। ਸੁਰੇਂਦਰ ਹੇਮਜਯੋਤੀ ਦੇ ਦੇ ਵਿਚਾਰਧਾਰਕ ਵਿਕਾਸ ਦੀ ਗਲ ਕਰਦਿਆਂ ਉਹਦੇ ਹੇਮਜਯੋਤੀ ਦੇ ਜਨਵਰੀ 1971 ਦੇ ਸੰਪਾਦਕੀ ਵਿਚੋਂ ਕੁਝ ਲਾਈਨਾਂ ਦਿਤੀਆਂ ਗਈਆਂ ਹਨ ਅਤੇ ਕਿਹਾ ਗਿਆ ਹੈ 'ਜਿਵੇਂ ਜੇਲ੍ਹ ਤੋਂ ਵਾਪਸ ਆ ਕੇ ਉਸਦੀ ਸਮਝ ਵਧੇਰੇ ਪਰਿਪੱਕ ਹੋ ਗਈ...ਪਰ ਉਹਦੇ ਨਾਲ ਹੀ ਅਮੂਰਤਤਾ ਤੇ ਵਿਚਾਰਧਾਰਕ ਅਸਪਸ਼ਟਤਾ ਵੀ ਆਈ – ਖਾਸ ਕਰਕੇ ਕਵਿਤਾ ਵਿਚੋਂ ਲਏ ਗਏ ਸਿਖ ਇਤਹਾਸ ਸੰਬਧੀ ਵਿਚਾਰਾਂ ਦੇ ਪ੍ਰਭਾਵ ਨਾਲ। ਕੁਰਬਾਨੀ ਦਾ ਜਜ਼ਬਾ, ਤਸੀਹੇ ਸਹਿਣ ਦੀ ਸਮਰਥਾ, ਜ਼ੁਲਮ ਦੇ ਖਿਲਾਫ ਉਠ ਖੜੇ ਲੋਕਾਂ ਬਾਰੇ ਹਦੋਂ ਵੱਧ ਕਿਆਸ ਆਦਿ ਦੇ ਰੂਪ ਵਿਚ ਅਣ-ਵਿਗਿਆਣਕ ਸੋਚਣੀ ਵੀ ਨਜ਼ਰ ਆਉਂਦੀ ਹੈ।'

ਅਮੂਰਤ ਦਲੇਰੀ ਦਾ ਇਲਜ਼ਾਮ ਨਕਸੱਲੀ ਲਹਿਰ ਅਤੇ ਉਸ ਲਹਿਰ ਤੋਂ ਪ੍ਰਭਾਵਿਤ ਸਾਹਿਤ ਉਤੇ ਉਹ ਦੇ ਦੁਸ਼ਮਣਾ ਵਲੋਂ ਬੜਾ ਆਮ ਲਗਦਾ ਹੈ। ਜਿਹੜੀ ਲਹਿਰ ਜਾਂ ਉਸ ਦਾ ਸਾਹਿਤ ਹਜ਼ਾਰਾਂ ਲੱਖਾਂ ਲਈ ਪ੍ਰੇਰਣਾ ਸਰੋਤ ਬਣਿਆ, ਉਹਨੂੰ ਅਮੂਰਤ ਦਲੇਰੀ ਜਾਂ ਕੁਰਬਾਨੀ ਦਾ ਭਾਵੁਕ ਜਜ਼ਬਾ ਕਹਿ ਕੇ ਹੂੰਝਾ ਫੇਰ ਦੇਣਾ ਮਨੁੱਖ ਦੀਆਂ ਸਾਰੀਆਂ ਉਸ ਪਵਿਤ੍ਰ ਭਾਵਨਾਵਾਂ ਤੋਂ ਮੂੰਹ ਫੇਰ ਦੇਣਾ ਹੈ, ਜਿਹਨਾਂ ਨੇ ਇਤਹਾਸ ਨੂੰ ਗਤੀ ਦਿਤੀ ਹੈ। ਨਕਸਲੀ ਸਾਹਿਤ ਵਿਚ ਜਦੋਂ ਕਿਸੇ ਨਾਇਕ ਦੀ ਗਲ ਹੁੰਦੀ ਹੈ, ਜਾਂ ਦਰਸ਼ਨ ਖੱਟਕੜ ਬਾਬਾ ਦੀਪ ਸਿੰਘ ਤੋਂ ਸਥਾਪਨਾ ਜਾਂ "ਚੰਡੀ ਦੀ ਵਾਰ" ਦੀ ਪ੍ਰੇਰਨਾਂ ਲੈਂਦਾ ਹੈ ਤਾਂ ਇਹ ਅਮੂਰਤ ਜਾਂ ਭਾਵੁਕ ਦਲੇਰੀ ਨਹੀਂ। ਇਹ ਸੰਘਰਸ਼ ਵਿਚ ਪਏ ਵਿਅਕਤੀ ਦੇ ਅਸਲੀ ਅਨੁਭਵ ਦਾ ਹਿੱਸਾ।

ਇਨਾਂ ਜਜ਼ਬਿਆਂ ਤੋਂ ਬਗੈਰ ਬੰਦਾ ਕੋਈ ਸਿਆਣਾ 'ਬੁੱਧੀਜੀਵੀ' ਤਾਂ ਕਿਹਾ ਜਾ ਸਕਦਾ ਹੈ ਪਰ ਕਰਾਂਤੀਕਾਰੀ ਸੰਘਰਸ਼ ਦਾ ਘੁਲਾਟੀਆਂ ਨਹੀਂ ਹੋ ਸਕਦਾ। ਸਮੇਂ ਨੇ ਦਸਿਆ ਹੈ ਕਿ ਅਜੇਹੇ 'ਬੁੱਧੀਜੀਵੀ' ਆਪਣੇ ਵਿਅਕਤੱਵ ਵਿਚ ਹੀ ਸੁੰਗੜ ਜਾਂਦੇ ਹਨ (ਪ੍ਰੇਮ ਪਰਕਾਸ਼ ਖੰਨਵੀ ਦਾ ਪ੍ਰਵੇਸ਼ ਅੰਕ ਵਿਚ ਇਕਬਾਲ)। ਉਸ ਨੂੰ ਸਾਰਾ ਸੰਘਰਸ਼ ਬੇਫਾਇਦਾ ਲਗਦਾ ਹੈ। ਸੁਜਾਨ ਸਿੰਘ ਫਜ਼ੂਲ ਲਗਦਾ ਹੈ ਗੋਰਕੀ ਹੋਲਾ ਲਗਦਾ ਹੈ। ਸਨਕੀ ਵਿਅਕਤੀ ਹੋ ਨਿਬੜਦਾ ਹੈ।

ਗੋਲਮੇਜ਼ ਤੋਂ ਅਲਾਵਾ ਮੁਨਸ਼ੀ ਪ੍ਰੇਮ ਚੰਦ ਬਾਰੇ ਲੇਖ ਮਹਾਸ਼ਵੇਤਾ ਦੇਵੀ ਨਾਲ ਇੰਟਰਵੀਊ ਤੇ ਫੇਰ ਉਹਦੇ ਵਿਚਾਰਾਂ ਦਾ ਅਨੁਵਾਦ, ਮੇਰੀ ਟਾਈਲਰ ਨਾਲ ਇੰਟਰਵੀਊ, ਨਾਟਕ, ਸਿਆਸੀ ਥੀਏਟਰ ਤੇ ਵਿਚਾਰ ਵਟਾਂਦਰਾ ਸਾਰੇ ਵੱਧੀਆ ਫੀਚਰ ਹਨ।

(ਵੱਖ ਵੱਖ ਲੋਕਾਂ ਨਾਲ ਸਮਤਾ ਦੇ ਮੈਟਰ ਬਾਰੇ ਵਿਸਥਾਰ ਨਾਲ ਵਿਚਾਰ ਵਟਾਂਦਰਾ ਕਰਕੇ ਇਹ ਜਾਇਜ਼ਾ ਉਹਨਾਂ ਦੇ ਪ੍ਰਗਟਾਏ ਵਿਚਾਰਾਂ ਦੇ ਆਧਾਰ ਤੇ ਲਿਖਿਆ ਗਿਆ ਹੈ – ਗੁਰਸ਼ਰਨ ਸਿੰਘ)

□

ਗੋਲ ਮੇਜ਼

# ਦਲੇਰੀ, ਵਿਚਾਰਧਾਰਾ ਤੇ ਜਥੇਬੰਦੀ

□ ਹਰੀਸ਼ ਪੁਰੀ

ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਪਿਛਲੇ ਦਿਨੀਂ ਲੰਡਨ ਵਿਚ ਜੋ ਚਰਚਾ ਭਗਤ ਸਿੰਘ ਅਤੇ ਊਧਮ ਸਿੰਘ ਬਾਰੇ ਛੇੜੀ ਹੈ (ਸਮਤਾ ਅਗਸਤ 1980) ਉਸ ਨੂੰ ਸੇਖੋਂ ਸਾਹਿਬ ਦੀ ਜ਼ਾਤੀ ਰਾਏ ਮੰਨ ਕੇ ਇਕ ਪਾਸ ਕਰ ਦੇਣਾ ਉਚਿਤ ਨਹੀਂ, ਕਿਉਂਕਿ ਇਸੇ ਤਰ੍ਹਾਂ ਦੀ ਰਾਏ ਇਕੇ ਦੁੱਕੇ ਬੁਧੀਜੀਵੀ ਪਹਿਲਾਂ ਵੀ ਦੇਂਦੇ ਰਹੇ ਹਨ । ਹੁਣ ਇਸ ਨੂੰ ਖੁਲ੍ਹੇ ਤੌਰ ਤੇ ਪੂਰੀ ਜ਼ਿੰਮੇਵਾਰੀ ਨਾਲ ਲੋਕ-ਮੰਚ ਤੇ ਪੇਸ਼ ਕੀਤਾ ਗਿਆ ਹੈ । ਸੋ ਇਸ ਚਰਚਾ ਦਾ ਤਕਾਜ਼ਾ ਹੈ ਕਿ ਇਤਿਹਾਸਕਾਰ ਤੇ ਹੋਰ ਬੁਧੀਜੀਵੀ ਅਤੇ ਇਨਕਲਾਬੀ ਲਹਿਰ ਵਿਚ ਦਿਲਚਸਪੀ ਰਖਣ ਵਾਲੇ ਇਸ ਚਰਚਾ ਵਿਚੋਂ ਉਠਣ ਵਾਲੇ ਕੁਝ ਬੁਨਿਆਦੀ ਸਵਾਲਾਂ ਉਪਰ ਮੁੜ ਸੰਜੀਦਗੀ ਨਾਲ ਵਿਚਾਰ ਕਰਨ ਅਤੇ ਇਕ ਖੁਲ੍ਹੀ ਬਹਿਸ ਸ਼ੁਰੂ ਕੀਤੀ ਜਾਵੇ ।

ਸੇਖੋਂ ਸਾਹਿਬ ਦੇ ਬਚਨ ਬਹੁਤ ਤਿੱਖੇ ਹਨ : "ਮੈਂ, ਭਗਤ ਸਿੰਘ ਤੇ ਊਧਮ ਸਿੰਘ ਨੂੰ ਕੋਈ ਮਹੱਤਵ ਨਹੀਂ ਦੇਂਦਾ...ਭਗਤ ਸਿੰਘ ਵਰਗੇ ਹੋਰ ਬਥੇਰੇ ਆਜ਼ਾਦੀ ਦੇ ਘੋਲ ਵਿਚ ਮਰੇ ਸਨ, ਭਗਤ ਸਿੰਘ ਨੂੰ ਚੁਕੀ ਜਾਣਾ ਠੀਕ ਨਹੀਂ ।" ਇਸ ਦੀ ਵਜ਼ਾਹਤ ਕਰਦਿਆਂ ਕਿਹਾ ਗਿਆ ਹੈ ਕਿ ਆਜ਼ਾਦੀ ਦੇ ਸੰਗਰਾਮ ਜਾਂ ਇਨਕਲਾਬੀ ਲਹਿਰ ਵਿਚ ਉਹਨਾਂ ਦੀ ਦੇਣ ਕੋਈ ਮਹੱਤਵ ਨਹੀਂ ਰਖਦੀ ਕਿਉਂਕਿ ਭਗਤ ਸਿੰਘ ਤੇ ਊਧਮ ਸਿੰਘ ਮਗਰ ਕੋਈ ਲੋਕ ਜਥੇਬੰਦੀ ਨਹੀਂ ਸੀ । ਉਹ ਕਿਸੇ ਸੰਗਰਾਮ ਦੀ ਅਗਵਾਈ ਨਹੀਂ ਸਨ ਕਰਦੇ । ਇਸ ਦੇ ਮੁਕਾਬਲੇ ਵਿਚ ਗਦਰੀ ਬਾਬਿਆਂ ਅਤੇ ਬੱਬਰ ਅਕਾਲੀ ਲਹਿਰ ਦੇ ਨੇਤਾਵਾਂ ਦੀ ਦੇਣ ਬਹੁਤ ਵੱਡੀ ਹੈ ਕਿਉਂਕਿ ਉਹ ਸਮੂਹਿਕ ਲੋਕ ਜਥੇਬੰਦੀ ਦੀ ਅਗਵਾਈ ਕਰ ਰਹੇ ਸਨ । ਇਹ ਕਿਸੇ ਇਕੱਲੇ ਦੁਕੱਲੇ ਬੰਦੇ ਦੀ ਆਤੰਕਵਾਦੀ ਕਾਰਵਾਈ ਨਹੀਂ ਸੀ ।

ਕੋਈ ਵੀ ਭਗਤ ਸਿੰਘ ਦੀ ਦਲੇਰੀ, ਕੁਰਬਾਨੀ ਅਤੇ ਦੇਸ ਪ੍ਰੇਮ ਦੀ ਮਹੱਤਾ ਤੋਂ ਮੁਨਕਿਰ ਨਹੀਂ । "ਭਗਤ ਸਿੰਘ ਹਰਮਨ ਪਿਆਰਾ ਹੈ । ਉਸ ਦੀ ਮਿਸਾਲ ਸਾਡੇ ਹੌਸਲੇ ਬੁਲੰਦ ਕਰਨ ਵਿਚ ਸਹਾਈ ਹੁੰਦੀ ਹੈ ।" ਇਸ ਬਾਰੇ ਕੋਈ ਸ਼ੱਕ ਨਹੀਂ । ਪਰ ਕਿਸੇ ਵਿਅਕਤੀ ਦੀ "ਬਹਾਦਰੀ ਦੇ ਕਾਰਨਾਮੇ" ਨੂੰ ਜੰਗੇ-ਆਜ਼ਾਦੀ ਜਾਂ ਇਨਕਲਾਬੀ ਲਹਿਰ ਲਈ ਕਿੱਡੀ ਕੁ ਵੱਡੀ ਇਤਿਹਾਸਕ ਦੇਣ ਮੰਨਿਆ ਜਾ ਸਕਦਾ ਹੈ ਇਹ ਵਿਵਾਦ-ਰਹਿਤ ਗੱਲ ਨਹੀਂ । ਇਸ ਨਿਰਣੇ ਲਈ ਭਾਵੁਕਤਾ ਦੀ ਨਹੀਂ, ਇਤਿਹਾਸਕ ਸੂਝ ਦੀ ਲੋੜ ਹੈ ।

ਕੋਈ ਇਤਿਹਾਸਕਾਰ, ਬੁੱਧੀਜੀਵੀ ਜਾਂ ਜੁਝਾਰੂ ਜਦੋਂ ਬੀਤੇ ਸਮੇਂ ਦੀਆ ਗਤੀਵਿਧੀਆਂ, ਸ਼ਕਤੀਆਂ (forces), ਵਿਚਾਰਾਂ ਅਤੇ ਘਟਨਾਵਾਂ ਆਦਿ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਮਿਲਦੇ ਕਥਿਤ ਵਾਸਤਵਿਕ ਤੱਥਾਂ ਵਿਚੋਂ ਲਾਜ਼ਮੀ ਚੋਣ ਕਰਨੀ ਪੈਂਦੀ ਹੈ । ਵਾਸਤਵਿਕਤਾ ਵਿਚੋਂ ਚੋਣ ਕਰਨ ਤੇ ਸਾਰ ਕਢਣ ਲਈ ਉਹ ਆਪਣੀ ਇੱਛਾ ਅਨੁਸਾਰ, ਕੁਝ ਹੱਦ ਤਕ, ਮਜ਼ਬੂਰ ਹੁੰਦੇ ਹਨ ਤਾਂ ਜੋ ਘਟੇ ਹੋਏ ਬਾਰੇ ਬੌਧਿਕ ਪ੍ਰਕਾਰ ਦੀ ਸੰਰਚਨਾ (structure) ਦੇ ਸਕਣ ਤੇ ਇੰਜ ਉਸ ਨੂੰ ਅਰਥ ਪ੍ਰਦਾਨ ਕਰ ਸਕਣ । ਦਿਮਾਗ ਵਿਚਲੀਆਂ ਧਾਰਣਾਵਾਂ ਦੀ ਸੰਰਚਨਾ ਇਸ ਕਾਰਜ ਨੂੰ ਆਪਣੇ ਅਨੁਕੂਲ ਢਾਲਦੀ ਹੈ ਤੇ ਨਤੀਜੇ ਵਜੋਂ ਆਪ ਵੀ ਉਸ ਤੋਂ ਪ੍ਰਭਾਵਿਤ ਹੁੰਦੀ ਹੈ । ਇਹ ਪ੍ਰਕ੍ਰਿਆ ਦੋਹਰੀ ਹੈ । ਇਸੇ ਅਰਥਾਂ ਵਿਚ, ਭੂਤ-ਕਾਲੀ ਘਟਨਾਵਾਂ ਦੀ ਸਮਝ ਤੇ ਉਹਨਾਂ ਨੂੰ ਦਿਤੇ ਗਏ ਅਰਥ ਵੀ ਉਹਨਾਂ ਵਿਚਾਰਾਂ ਦੇ ਚੌਖਟੇ ਨੂੰ ਢਾਲਣ ਵਿਚ ਸਹਾਈ ਹੁੰਦੇ ਹਨ

ਕਿ ਰਾਜਨੀਤਕ ਤਬਦੀਲੀ ਲਈ ਘੋਲ ਨੂੰ ਕਿਹੜੀ ਦਿਸ਼ਾ ਦਿਤੀ ਜਾਵੇ।

ਸਾਡੇ ਬੁੱਧੀਜੀਵੀਆਂ ਤੇ ਇਤਿਹਾਸਕਾਰਾਂ ਵਿਚ ਆਜ਼ਾਦੀ ਦੇ ਸੰਗਰਾਮ ਨਾਲ ਸਬੰਧਿਤ ਖਾਸ ਪੰਜਾਬੀਆਂ ਦੀ ਦੇਣ ਬਾਰੇ ਇਕ ਮਨੋਵ੍ਰਿਤੀ ਜ਼ਿਆਦਾ ਹਾਵੀ ਹੈ। ਉਹ ਹੈ ਜਦੋ-ਜਹਿਦ ਅਤੇ ਰਾਜਨੀਤਕ ਲਹਿਰਾਂ ਨੂੰ ਵਿਅਕਤੀਆਂ ਦੀ ਗ਼ੈਰ-ਮਾਮੂਲੀ ਬਹਾਦਰੀ, ਆਪਾ ਵਾਰਣ ਦੀ ਤਤਪਰਤਾ ਅਤੇ ਸ਼ਹੀਦੀਆਂ ਦੇ ਰੂਪ ਵਿਚ ਵੇਖਣ ਦੀ। ਸਾਡੇ ਵਿਚ ਇਸ ਨੂੰ ਪੰਜਾਬੀਆਂ ਦੀ 'ਬਹਾਦਰੀ ਦੀ ਰਵਾਇਤ' ਦੇ ਰੂਪ ਵਿਚ ਦਰਸਾਉਣ ਦੀ, ਬੀਰਤਾ ਅਤੇ ਸ਼ਹੀਦੀਆਂ ਦੇ ਖੇਤਰ ਵਿਚ ਸਭ ਤੋਂ ਅਗੇ ਹੋਣ ਦੀ ਰੀਝ ਬਹੁਤ ਪਰਧਾਨ ਹੈ; ਜਿਵੇਂ ਸ਼ਹੀ-ਦੀਆਂ ਦੇਣਾ ਖ਼ੂਨ ਡੋਲ੍ਹਣਾ ਹੀ ਸਾਡਾ ਸਭ ਤੋਂ ਵਡਾ ਧਰਮ ਹੋਵੇ। ਪਿਛਲੇ ਦਿਨੀਂ ਇਕ ਇਤਿਹਾਸਕਾਰ ਨੇ ਅੰਮ੍ਰਿਤਸਰ ਦੇ ਇਤਿਹਾਸ ਬਾਰੇ ਲਿਖਦਿਆਂ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਸ਼ਹਿਰ ਨੂੰ ਇਹ ਮਾਣ ਪ੍ਰਾਪਤ ਹੈ ਕਿ ਇਸ ਨੇ ਇਕੋ ਵੇਲੇ ਸਭ ਤੋਂ ਵਧ ਖ਼ੂਨ ਡੋਲ੍ਹਿਆ। ਵਹਿਸ਼ੀਆਨਾ ਹਾਦਸੇ ਵਿਚੋਂ ਵੀ ਬੀਰਤਾ ਅਤੇ ਮਾਨ ਲੱਭਣ ਦੀ ਲਾਲਸਾ ਇਕ ਖਾਸ ਅਸਾਧਾਰਣ ਘਟੀਆ ਮਨੋਬ੍ਰਿਤੀ ਦੀ ਅਲਾਮਤ ਹੈ ਜੋ ਲਹਿਰਾਂ ਨੂੰ ਉਹਨਾਂ ਦੇਸ ਕਾਲ ਦੇ ਸੰਦਰਭ ਵਿਚ ਵਾਚਣ ਦੇ ਔਖੇ ਕੰਮ ਤੋਂ ਬਚ ਨਿਕਲਣ ਦਾ ਰਾਹ ਲੱਭਦੀ ਹੈ। ਇਸ ਦੇ ਵਿਪਰੀਤ ਜਦੋਂ ਉਹਨਾਂ ਲਹਿਰਾਂ ਜਾਂ ਇਨਕਲਾਬੀ ਕਾਰਵਾਈਆਂ ਦੀ ਨਾਕਾਮ-ਯਾਬੀ ਦੇ ਕਾਰਣ ਸਮਝਣ ਦੀ ਲੋੜ ਹੋਵੇ ਤਾਂ ਫੇਰ ਸਾਡੇ ਕੋਲ ਮਿਸਾਲਾਂ ਹੁੰਦੀਆਂ ਨੇ ਸਮਝੌਤੇ ਵਾਦੀਆਂ, ਦੇਸ਼ ਘਾਤੀਆਂ, ਡਰਪੋਕ ਕਿਸਮ ਦੇ ਸੰਗਰਾਮੀਆਂ ਦੀਆਂ ਜੋ ਸਰਕਾਰੀ ਗਵਾਹ ਬਣ ਗਏ ਹੁੰਦੇ ਹਨ। ਮੁਖ਼ਬਰ ਬਣ ਕੇ ਆਪਣੇ ਸਾਥੀਆਂ ਨੂੰ ਧੋਖਾ ਦੇ ਗਏ ਹੁੰਦੇ ਹਨ ਜਾਂ ਮੁਸ਼ਕਲਾਂ ਤੋਂ ਡਰ ਕੇ ਲਾਂਭੇ ਹੋ ਗਏ ਹੁੰਦੇ ਹਨ। ਇਹ ਸੋਚ ਸ਼ਾਇਦ ਪੁਰਾਣੀ ਕਬੀਲਾ ਬਿਰਤੀ ਅਤੇ ਸੰਸਕਾਰਾਂ ਦੀ ਪੀਡੀ ਪਕੜ ਦਾ ਪ੍ਰਤਿਬਿੰਬ ਹੈ ਕਿ ਇਸ ਤਰ੍ਹਾਂ ਦੇ ਵਿਅਕਤੀਗਤ ਗੁਣ ਔਗੁਣਾਂ ਨੂੰ ਵਡਾ ਨਿਰਨਾਇਕ ਮੰਨਿਆ ਜਾਂਦਾ ਹੈ। ਕਿਸੇ ਇਤਿਹਾਸਕ ਸਮੇਂ ਦੀਆਂ ਖ਼ਾਸ ਵਸਤੂਗਤ ਹਾਲਤਾਂ (objective conditions ਦਾ) ਵਿਸ਼ਲੇਸ਼ਣ, ਲੋਕ-ਚੇਤਨਾ ਦਾ ਪੱਧਰ, ਇਨਕਲਾਬੀ ਵਿਚਾਰਧਾਰਾ ਅਤੇ ਸਿਧਾਂਤ ਅਤੇ ਜਥੇਬੰਦੀ ਗ਼ੈਰ-ਜ਼ਰੂਰੀ ਪ੍ਰਕ੍ਰਿਆ ਸਮਝੀਆਂ ਜਾਂਦੀਆਂ ਹਨ।

ਇਸ ਦਾ ਇਕ ਨਤੀਜਾ ਇਹ ਹੁੰਦਾ ਹੈ ਕਿ ਉਹ ਲੋਕ ਜਥੇਬੰਦ ਲਹਿਰਾਂ ਜਿਨ੍ਹਾਂ ਵਿਚ ਬਹਾਦਰੀ ਦੇ ਕਾਰਨਾਮੇ ਜਾਂ ਭਾਵਾਤਮਕ ਡਰਾਮਈ ਅੰਸ਼ ਬਹੁਤਾ ਨਹੀਂ ਹੁੰਦਾ ਉਹਨਾਂ ਦੀ ਚਰਚਾ ਮਹੱਤਵ ਪੂਰਨ ਨਹੀਂ ਜਾਪਦੀ। ਪੰਜਾਬ ਵਿਚ 1907 ਵਿਚ ਅਜੀਤ ਸਿੰਘ ਤੇ ਸੂਫ਼ੀ ਅੰਬਾ ਪ੍ਰਸ਼ਾਦ ਦੀਆਂ ਕੋਸ਼ਿਸ਼ਾਂ ਨਾਲ ਜੋ ਰਾਜਨੀਤਕ ਲੋਕ ਚੇਤਨਾ ਦੇ ਫੈਲਾਅ ਦਾ ਉਦਮ ਹੋਇਆ ਤੇ ਕਿਸਾਨ ਲਹਿਰ ਉਠੀ ਉਸ ਦੀ ਰੂਪ-ਰੇਖਾ ਤੇ ਮਹੱਤਵ ਦੀ ਗਲ ਘਟ ਹੋਈ ਹੈ ਪਰ ਲਾਜਪਤ ਰਾਏ ਅਤੇ ਅਜੀਤ ਸਿੰਘ ਦੇ ਦੇਸ਼ ਨਿਕਾਲੇ ਦੇ ਵਾਕਿਆ ਦੀ ਕਿਤੇ ਜ਼ਿਆਦਾ। ਜੇ ਮਲੇਰਕੋਟਲੇ ਵਿਚ 62 ਕੂਕਿਆਂ ਨੂੰ ਤੋਪਾਂ ਨਾਲ ਉਡਾਉਣ ਦਾ ਖ਼ੂਨੀ ਸਾਕਾ ਨਾ ਹੋਇਆ ਹੁੰਦਾ ਤਾਂ ਕਿੰਨੇ ਕੁ ਲੋਕਾਂ ਨੇ ਕੂਕਿਆਂ ਦੇ ਸੰਗਰਾਮ ਦੇ ਇਤਿਹਾਸ ਦੀ ਗੱਲ ਕਰਨੀ ਸੀ? ਗ਼ਦਰੀ ਬਾਬਿਆਂ ਦੀਆਂ ਮਹਾਨ ਕੁਰ-ਬਾਨੀਆਂ, ਕਿੰਨੇ ਫਾਂਸੀ ਲਗੇ, ਉਮਰ ਕੈਦਾਂ ਭੋਗੀਆਂ, ਤਸੀਹੇ ਸਹੇ, ਦਲੇਰੀ ਦੇ ਕਾਰਨਾਮਿਆਂ ਦੀ ਵੱਡੀ ਮਹੱਤਾ ਦੀ ਗਲ ਤਾਂ ਹੁੰਦੀ ਹੈ ਪਰ ਉਹਨਾਂ ਦਾ ਇਨਕਲਾਬੀ ਵਿਚਾਰਧਾਰਾ, ਲੋਕ-ਚੇਤਨਾ ਦੇ ਪ੍ਰਸਾਰ, ਲੋਕ-ਜਥੇਬੰਦੀ ਲਈ ਕੀਤੇ ਉਦਮ ਦੀ ਚਰਚਾ ਅਤੇ ਉਸ ਪੱਖ ਸਬੰਧੀ ਵਿਸ਼ਲੇਸ਼ਨ ਨਹੀਂ ਕੀਤਾ ਜਾਂਦਾ। ਕਿਰਤੀ ਕਿਸਾਨ ਲਹਿਰ ਅਤੇ ਕਿਸਾਨੀ ਅੰਦੋਲਨਾਂ ਦੇ ਬਾਰੇ ਵੀ ਬਹੁਤ ਘਟ ਜਾਣਕਾਰੀ ਮਿਲਦੀ ਹੈ।

ਦੂਜਾ ਅਕਸਰ ਵੇਖਣ ਵਿਚ ਇਹ ਆਉਂਦਾ ਹੈ ਕਿ ਭਗਤ ਸਿੰਘ ਨੂੰ ਇਨਕਲਾਬੀ ਜੋਧੇ ਦੇ ਤੌਰ ਤੇ ਹੀ ਪੇਸ਼ ਕੀਤਾ ਜਾਂਦਾ ਰਿਹਾ ਹੈ ਉਸ ਦੀ ਖ਼ਾਸ ਕਰ ਜੇਲ੍ਹ ਜੀਵਨ ਦੇ ਅੰਤਮ ਦਿਨਾਂ ਵਿਚ ਬਦਲਦੀ ਜ਼ਿਆਦਾ ਸੰਜੀਦਾ ਸੋਚ (ਜਿਸ ਦਾ ਹੁਣੇ ਪਿਛੇ ਜਿਹੇ ਮਾਮੂਲੀ ਜ਼ਿਕਰ ਹੋਣਾ ਸ਼ੁਰੂ ਹੋਇਆ ਹੈ) ਅਤੇ ਸਿਧਾਂਤਕ ਵਿਚਾਰ ਧਾਰਾ ਅਣਛੋਹੇ ਰਹੇ ਹਨ। ਉਸ ਦੀਆਂ ਥੋੜੀਆਂ ਜਿਹੀਆ ਲਿਖਤਾਂ ਵਿਚੋਂ ਸੰਜੀਦਾ ਇਨਕਲਾਬੀ ਸਿਧਾਂਤਕ ਅਧਿਐਨ ਤੇ ਵਿਵਾਦ ਅਤੇ ਇਨਕਲਾਬੀ ਜਥੇਬੰਦੀ ਦੀ ਪਹਿਲ ਬਾਰੇ ਕੁਝ ਨਿਖੜਵੇਂ ਵਿਚਾਰ ਮਿਲਦੇ ਹਨ। ਹੇਠਾਂ ਅਸੀਂ ਭਗਤ ਸਿੰਘ ਦੇ ਕੁਝ ਕੁ ਵਿਚਾਰ ਦੇ ਰਹੇ ਹਾਂ —

> ਫੇਰ ਮੈਂ ਅਧਿਐਨ ਸ਼ੁਰੂ ਕੀਤਾ। ਮੇਰੇ ਪੁਰਾਣੇ ਵਿਸ਼ਵਾਸ ਤੇ ਅਕੀਦਿਆਂ ਵਿਚ ਵਿਲੱਖਣ ਤਬਦੀਲੀ ਹੋਈ। ਸਿਰਫ਼ ਤਸ਼ੱਦਦ ਦੇ ਢੰਗਾਂ ਦਾ ਜੋ ਰੋਮਾਂਸ ਸੀ... ਉਸ ਦੀ ਥਾਂ ਹੁਣ ਸੰਜੀਦਾ

ਵਿਚਾਰਾਂ ਨੇ ਲੈ ਲਈ। ਰਹੱਸਵਾਦ ਬਿਲਕੁਲ ਖਤਮ, ਅੰਨ੍ਹਾ ਵਿਸ਼ਵਾਸ ਬਿਲਕੁਲ ਖਤਮ, ਵਾਸਤਵਾਦ ਸਾਡਾ ਪੰਥ ਬਣ ਗਿਆ। ਤਾਕਤ ਦੀ ਵਰਤੋਂ ਜਾਇਜ਼, ਜਦੋਂ ਇਸ ਦੀ ਵਰਤੋਂ ਅੰਨ੍ਹੀ ਲੋੜ ਦੇ ਤੌਰ ਤੇ ਕੀਤੀ ਜਾਵੇ; ਪਾਲਿਸੀ ਦੇ ਤੌਰ ਤੇ ਸਾਰੀਆਂ ਲੋਕ ਲਹਿਰਾਂ ਲਈ, ਅਹਿੰਸਾ ਲਾਜ਼ਮੀ ਹੈ। ਇੰਨੀ ਗਲ ਤਾਂ ਤਰੀਕਿਆਂ ਦੀ ਹੈ। ਪਰ ਸਭ ਤੋਂ ਵਡੀ ਜ਼ਰੂਰਤ ਹੈ ਓਸ ਆਦਰਸ਼ ਦੀ ਰੂਪ-ਰੇਖਾ ਦੇ ਸਪਸ਼ਟੀਕਰਨ ਦੀ ਜਿਸ ਦੇ ਲਈ ਅਸੀਂ ਲੜਨਾ ਹੈ।

— ਇਨਕਲਾਬ ਦੀ ਤਲਵਾਰ ਵਿਚਾਰ ਦੀ ਸਾਣ ਤੇ ਤਿੱਖੀ ਹੁੰਦੀ ਹੈ।

ਪ੍ਰਗਤੀ ਦਾ ਜੋ ਵੀ ਆਲੰਬਰਦਾਰ ਹੈ, ਉਸ ਨੂੰ ਪੁਰਾਣੇ ਵਿਸ਼ਵਾਸਾਂ ਇਕ ਇਕ ਵਿਸ਼ੇ ਦੀ ਆਲੋਚਨਾ, ਅਵਿਸ਼ਵਾਸ ਤੇ ਚੁਨੌਤੀ ਕਰਨੀ ਪਵੇਗੀ। ਇਕ ਇਕ ਕਰਕੇ ਪ੍ਰਚਲਿਤ ਵਿਸ਼ਵਾਸਾਂ ਦੀਆਂ ਖੂੰਜਾਂ ਨੂੰ ਤਰਕ ਨਾਲ ਸਮਝਣਾ ਪਵੇਗਾ।

ਕਾਮਰੇਡ ਅਜੈਅ ਘੋਸ਼ ਜੋ H S R.A ਦਾ ਸਰਗਰਮ ਮੈਂਬਰ ਤੇ ਭਗਤ ਸਿੰਘ ਦਾ ਸਾਥੀ ਸੀ ਆਪਣੀਆਂ ਯਾਦਾਂ ਵਿਚ ਖਾਸ ਜ਼ਿਕਰ ਕਰਦਾ ਹੈ ਕਿ ਅਧਿਐਨ ਤੇ ਨਵੀਂ ਸੋਚਣੀ ਦੇ ਸਦਕੇ, "ਭਗਤ ਸਿੰਘ ਨੇ ਹਥਿਆਰਬੰਦ ਸਰਗਰਮੀ ਤੇ ਜ਼ੋਰ ਦਿਤਾ ਜੋ ਜਨਤਕ ਲਹਿਰ ਦੇ ਤਾਲਮੇਲ ਨਾਲ ਹੀ ਜਾਂ ਉਸ ਦੇ ਅਨਿਖੜਵੇਂ ਅੰਗ ਦੇ ਰੂਪ ਵਿਚ ਹੋਵੇ, ਜੋ ਇਸ ਦੀਆਂ ਲੋੜਾਂ ਤੇ ਮੰਗਾਂ ਦੇ ਅਧੀਨ ਹੋਵੇ।

ਭਗਤ ਸਿੰਘ ਦੀ ਇਹ ਪ੍ਰਖਤਾ ਵਿਚਾਰਧਾਰਾ ਬਣ ਗਈ ਸੀ ਕਿ ਜਜ਼ਬਾਤੀਪੁਣਾ ਮਾਰਕੇਬਾਜ਼ੀ ਇਨਕਲਾਬ ਦਾ ਰਾਹ ਨਹੀਂ, ਬਲਕਿ ਉਹਦੀ ਰਾਹ ਵਿਚ ਔਕੜ ਬਣ ਜਾਂਦੀ ਹੈ। ਆਮ ਲੋਕਾਂ ਵਿਚ ਧੀਰਜ ਨਾਲ ਤੇ ਬਾਕਾਇਦਾ ਰਾਜਨੀਤਕ ਕੰਮ ਅਤੇ ਉਹਨਾਂ ਨੂੰ ਵਿਸਤ੍ਰਿਤ ਤੌਰ ਤੇ ਵਡੇ ਪੈਮਾਨੇ ਤੇ ਜਥੇਬੰਦ ਕਰਕੇ ਇਕ ਤੋਂ ਬਾਅਦ ਦੂਜੀ ਜਦੋਜਹਿਦ ਵਿਚ ਲੈ ਜਾਂਦੇ ਹੋਏ ਰਾਜ ਸ਼ਕਤੀ ਖੋਹਣ ਦੀ ਅੰਤਮ ਲੜਾਈ ਲੜਣ ਦੀ ਤਿਆਰੀ ਕੀਤੀ ਜਾਣੀ ਹੀ ਇਨਕਲਾਬੀ ਸੰਗਰਾਮ ਦਾ ਰਾਹ ਹੈ।

ਪਰ ਭਗਤ ਸਿੰਘ ਨੇ ਜਿਸ ਵਿਅਕਤੀਗਤ ਮਾਰਕੇਬਾਜ਼ੀ ਦੇ ਪੰਥ ਦੇ ਸ਼ੌਕ ਨੂੰ ਪਛਾਣ ਕੇ ਉਸ ਰਾਹ ਨੂੰ ਤਿਆਗਣ ਤੇ ਜ਼ੋਰ ਪਾਇਆਂ ਉਸੇ ਮਾਰਕੇਬਾਜ਼ੀ ਨੂੰ ਉਭਾਰਿਆ ਜਾਂਦਾ ਹੈ ਅਤੇ ਜਿਸ ਬਦਲਵੀਂ ਪਹੁੰਚ – ਲੰਮੀ ਰਾਜਨੀਤਿਕ ਲੋਕ ਲਹਿਰ ਦਾ ਰਾਹ ਅਪਨਾਉਣ ਦਾ ਉਸ ਨੇ ਐਲਾਨ ਕੀਤਾ ਅਤੇ ਇਸ ਸਾਥੀਆਂ ਨੂੰ ਪ੍ਰੇਰਿਆ ਉਸ ਨੂੰ ਵਿਸਾਰਿਆ ਜਾਂਦਾ ਹੈ। ਭਗਤ ਸਿੰਘ ਨੂੰ ਚੱਕੀ ਜਾਣ ਵਾਲੇ ਸਿਰਫ਼ ਉਸ ਦੀ ਕਰਨੀ ਦੇ ਡਰਾਮਾਈ ਭਾਵੁਕ ਪੱਖ ਨੂੰ ਲੈ ਕੇ ਉਸ ਦੀ ਮਾਰਕੇਬਾਜ਼ੀ ਨੂੰ ਦਰਸਾਉਂਦੇ ਹਨ ਅਤੇ ਇਸ ਪੱਖ ਦੇ ਉਲਟ ਜੋ ਉਸ ਦੇ ਨਿਰੀ ਭਾਵੁਕਤਾ ਦੇ ਬਦਲੇ ਸੰਜੀਦਾ ਇਨਕਲਾਬੀ ਚਿੰਤਨ, ਸਿਧਾਂਤ ਤੇ ਵਿਚਾਰਧਾਰਾਂ ਲਈ ਵਿਚਾਰਾਂ ਦੇ ਸੰਗਰਾਮ ਦੇ ਆਦੇਸ਼ ਸਨ ਅਤੇ ਲੋਕ ਜਥੇਬੰਦੀ ਦੀ ਪ੍ਰਾਥਮਿਕਤਾ ਬਾਰੇ ਜ਼ੋਰਦਾਰ ਪ੍ਰੋੜਤਾ ਕੀਤੀ ਸੀ ਉਸ ਨੂੰ ਅਖੋਂ ਉਹਲੇ ਕਰਦੇ ਹਨ। ਇਤਿਹਾਸਕਾਰੀ ਦੇ ਤੌਰ ਤੇ ਇਸ ਕਿਸਮ ਦੀ ਚੋਣ ਨਾਵਾਜਿਬ ਹੀ ਨਹੀਂ ਸਗੋਂ ਤੋੜ ਮਰੋੜ ਹੈ।

ਭਾਵੁਕਤਾ ਪ੍ਰਚਲਿਤ ਸਮਾਜਕ-ਰਾਜਨੀਤਿਕ ਵਿਵਸਥਾ ਨਾਲੋਂ ਭਾਵੁਕ ਅਸੰਤੁਸ਼ਟੀ, ਰੋਹ ਅਤੇ ਵਿਰੋਧ, ਅਤੇ ਨਵੇਂ ਸਮਾਜ ਦੇ ਸੁਪਨੇ ਸਾਕਾਰ ਕਰਨ ਦੇ ਜਨੂੰਨ ਤੋਂ ਬਿਨਾ ਕੋਈ ਰਾਜਨੀਤਕ ਕਾਰਵਾਈ ਨਹੀਂ ਹੁੰਦੀ। ਨਾ ਹੀ ਕੋਈ ਲਹਿਰ ਤੇ ਕੁਰਬਾਨੀ ਤੋਂ ਬਿਨਾ ਲੜੀ ਜਾ ਸਕਦੀ ਹੈ। ਪਰ ਜਨੂੰਨੀ ਦਲੇਰੀ ਆਪਣੇ ਆਪ ਵਿਚ ਇਤਿਹਾਸ ਸ਼ਕਤੀ ਨਹੀਂ। ਜਨੂੰਨ ਤੋਂ ਬਿਨਾ ਨਵੀਂ ਸੋਚ, ਨਵੀਂ ਵਿਆਖਿਆ, ਨਵੇਂ ਸਿਧਾਂਤ ਵੀ ਨਹੀਂ ਮਿਲਦੇ। ਪਰ ਜਿਥੇ ਭਾਵੁਕਤਾ ਸੋਚ ਲਈ ਉਕਸਾਏ ਤਾਂ ਇਹ ਸੋਚ ਬਾਰੇ ਸੋਚ ਤੋਂ ਖਿਸਕਣ ਲਈ ਵੀ ਪ੍ਰੇਰ ਸਕਦੀ ਹੈ। ਆਤੰਕਵਾਦੀ ਮਨੋਬਿਰਤੀ ਅਤੇ ਕਾਰਵਾਈ ਇਕ ਅਜੇਹੀ ਇਤਿਹਾਸਕ ਸਥਿਤੀ 'ਚੋਂ ਪੈਦਾ ਹੋਈ ਨਿਰਾਸ਼ਾ ਦੀ ਅਲਾਮਤ ਹੁੰਦੀ ਹੈ ਜਿਸ ਵਿਚ ਸਥਾਪਤ ਨਿਜ਼ਾਮ ਦੇ ਖ਼ਿਲਾਫ਼, ਵਿਆਪਕ ਰੋਹ ਦੇ ਬਾਵਜੂਦ ਇਨਕਲਾਬੀ ਸਿਧਾਂਤ ਅਤੇ ਇਨਕਲਾਬੀ ਲੋਕ ਜਥੇਬੰਦੀ ਦੀ ਘਾਟ ਜਾਂ ਅਣਹੋਂਦ ਹੋਵੇ। ਇਹ ਉਸ ਘਾਟ ਦੀ ਉਪਜ ਹੈ – ਉਸ ਦਾ ਬਦਲ ਨਹੀਂ। ਇਸ ਬਿਰਤੀ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨਾ ਰਾਜਨੀਤਕ ਕਮਜ਼ੋਰੀ ਸ਼ਕਤੀ ਹੀਨਤਾ ਨੂੰ ਦੂਰ ਕਰਨ ਲਈ ਲੋੜੀਂਦੀ ਕਾਰਵਾਈ ਕਰਨ ਤੋਂ ਸਿਰਫ਼ ਕੰਨੀਂ ਕਤਰਾਉਣੀ ਹੀ ਨਹੀਂ ਬਲਕਿ ਇਸ ਕਮਜ਼ੋਰੀ ਦੇ ਜਾਇਜ਼ੀਕਰਨ ਦਾ ਉਪਰਾਲਾ ਵੀ ਹੈ। ਕਈ ਸਥਿਤੀਆਂ ਵਿਚ ਸੁਚੇਤ ਸਤਰ ਤੇ ਇਹ

ਸੰਰਚਨਾ ਵਿਰੋਧੀ ਅਤੇ ਸਿਧਾਂਤ ਵਿਰੋਧੀ ਸਿਧਾਂਤ ਦਾ ਰੂਪ ਵੀ ਧਾਰਨ ਕਰ ਲੈਂਦੀ ਹੈ। ਯੂਰਪ ਦੇ ਖਬੇ-ਪੱਖੀ ਸੰਗਰਾਮਾਂ ਵਿਚ ਕਈ ਅਜਿਹੇ ਬੁੱਧੀਜੀਵੀ ਪੈਦਾ ਹੋਏ ਹਨ ਜੋ ਸਿਧਾਂਤਕ ਤੌਰ ਤੇ ਸਿਧਾਂਤ ਵਿਰੋਧੀ ਅਤੇ ਇਨਕਲਾਬੀ ਆਪ ਮੁਹਾਰਤਾ ਦੀ ਪ੍ਰਾਥਮਿਕਤਾ ਅਤੇ ਜੋਸ਼ ਨੂੰ ਲੀਡਰ ਅਤੇ ਦਾਅ-ਪੇਚ ਨੂੰ ਹੀ ਪ੍ਰਕ੍ਰਿਆ ਮੰਨਣ ਦਾ ਸਿਧਾਂਤ ਪੇਸ਼ ਕਰਦੇ ਹਨ।

ਇਸ ਸੰਦਰਭ ਵਿਚ ਗ਼ਦਰ ਲਹਿਰ ਵਿਚ, ਅਤੇ ਇਸ ਦੀ ਇਤਿਹਾਸਕਾਰੀ ਵਿਚ ਦਲੇਰੀ, ਵਿਚਾਰਧਾਰਾ ਅਤੇ ਜਥੇਬੰਦੀ ਦੇ ਆਪਸੀ ਸਬੰਧ ਦੀ ਚਰਚਾ ਵੀ ਕਰ ਲੈਣੀ ਚਾਹੀਦੀ ਹੈ। ਗ਼ਦਰ ਲਹਿਰ ਆਜ਼ਾਦੀ ਦੀ ਪਹਿਲੀ ਅਜਿਹੀ ਲਹਿਰ ਸੀ ਜਿਸ ਦਾ ਮੁਢਲਾ ਮੰਤਵ ਭਾਰਤ ਦੇ ਆਮ ਲੋਕਾਂ ਵਿਚ ਇਨਕਲਾਬੀ ਰਾਜਨੀਤਿਕ ਵਿਚਾਰਧਾਰਾ ਦੇ ਪ੍ਰਚਾਰ ਰਾਹੀਂ ਇਕ ਜਥੇਬੰਦਕ ਅਤੇ ਹਥਿਆਰਬੰਦ ਸੰਗਰਾਮ ਕਰਨਾ ਅਤੇ ਬਰਤਾਨਵੀਂ ਸ਼ਾਸਨ ਦਾ ਖ਼ਾਤਮਾ ਕਰਕੇ ਇਕ ਲੋਕ-ਤੰਤਰੀ ਰਾਜ ਵਿਵਸਥਾ ਨੂੰ ਕਾਇਮ ਕਰਨਾ ਸੀ। ਪਰ ਜੋ ਇਸ ਦਾ ਵਾਸਤਵਿਕ ਰੂਪ ਬਣਿਆ ਉਹ ਵਖਰਾ ਸੀ। ਜਿਸ ਤਰ੍ਹਾਂ ਇਹ ਲਹਿਰ ਵਧੀ ਅਤੇ ਭਬਾਕੇ ਨਾਲ ਖ਼ਤਮ ਹੋਈ ਅਤੇ ਮਹਾਨ ਕੁਰਬਾਨੀਆਂ ਦੀ ਮਿਸਾਲ ਬਣੀ – ਇਸ ਵਿਚ ਵਿਚਾਰਧਾਰਾ, ਬੀਰਤਾ ਅਤੇ ਲੋਕ ਜਥੇਬੰਦੀ ਦੇ ਆਪਸੀ ਰਿਸ਼ਤਿਆਂ ਅਤੇ ਤਨਾਵਾਂ ਦੀ ਰੂਪ-ਰੇਖਾ ਦਾ ਅਧਿਐਨ – ਇਨਕਲਾਬੀ ਲੋਕ ਲਹਿਰਾਂ ਦੀਆ ਅੰਦਰਲੀਆਂ ਸਮਸਿਆਵਾਂ ਨੂੰ ਸਮਝਣ ਅਤੇ ਇਹਨਾਂ ਸਬੰਧੀ ਸੰਜੀਦਾ ਚਿੰਤਨ ਵਿਚ ਸਹਾਈ ਹੋ ਸਕਦਾ ਹੈ।

ਇਹ ਲਹਿਰ ਜੋ 1913 ਵਿਚ ਕੈਲੀਫੋਰਨੀਆਂ (ਅਮਰੀਕਾ) ਤੋਂ ਸ਼ੁਰੂ ਹੋਈ, ਉਹਨਾਂ ਪੰਜਾਬੀ ਪ੍ਰਵਾਸੀਆਂ ਦੇ ਨਵੇਂ ਜ਼ਾਤੀ ਤਜਰਬਿਆਂ ਅਤੇ ਅਹਿਸਾਸਾਂ ਦੀ ਉਪਜ ਸੀ ਜਿਹੜੇ ਦੇਸ ਵਿਚਲੀ ਆਪਣੀ ਗ਼ਰੀਬੀ ਤੇ ਕਰਜ਼ਿਆਂ ਨਾਲ ਦੱਬੇ ਗਏ ਹੋਣ ਤੇ ਮਜ਼ਦੂਰੀ ਕਰਕੇ ਪੈਸਾ ਕਮਾਉਣ ਲਈ ਗਏ ਸਨ ਅਤੇ ਜਿਨ੍ਹਾਂ ਵਿਚ ਕਮਤਰੀ ਅਤੇ ਜ਼ਲਾਲਤ ਦੇ ਇਹਸਾਸ ਰੋਹ ਵਿਚ ਬਦਲ ਗਏ ਸਨ। ਇਸ ਦੀ ਵਿਚਾਰਧਾਰਾ ਸਾਧਾਰਣ ਅਤੇ ਆਮ ਲੋਕਾਂ ਦੀ ਸੋਚਣੀ ਦੇ ਮੁਤਾਬਿਕ, ਕਿਸੇ ਵਲ-ਪੇਚ ਤੋਂ ਰਹਿਤ ਸੀ। ਗ਼ਦਰ ਅਖ਼ਬਾਰ ਵਿਚ ਸਾਧਾਰਣ, ਭਾਸ਼ਾ ਵਿਚ ਜੋ ਦਲੀਲ ਪੇਸ਼ ਕੀਤੀ ਜਾਂਦੀ ਸੀ ਉਹ ਇਸ ਤਰ੍ਹਾਂ ਸੀ: "ਦੇਸ਼ ਦੀ ਜੋ ਹਾਲਤ ਹੈ – ਕੰਗਾਲੀ, ਲੁਟ, ਮਾਨਸਿਕ ਗਿਰਾਵਟ, ਜਹਾਲਤ, ਬੀਮਾਰੀ, ਅਪਮਾਨ, ਧਰਮ ਅਤੇ ਜ਼ਾਤ ਪਾਤ ਦੀ ਲੜਾਈ ਅਤੇ ਬਾਹਰ ਦੇ ਮੁਲਕਾਂ ਵਿਚ ਭਾਰਤੀਆਂ ਵਲ ਨਫ਼ਰਤ ਅਤੇ ਦੁਰਕਾਰ – ਇਹਨਾਂ ਸਭਨਾਂ ਦਾ ਬੁਨਿਆਦੀ ਇਕੋ ਇਕ ਕਾਰਨ ਭਾਰਤ ਦੀ ਗੁਲਾਮੀ ਹੈ। ਬਾਕੀ ਦੀਆ ਸਭ ਕਮਜ਼ੋਰੀਆਂ ਇਸ ਤੋਂ ਪੈਦਾ ਹੁੰਦੀਆਂ ਹਨ। ਜਦੋਂ ਤਕ ਦੇਸ਼ ਵਿਚ ਅੰਗਰੇਜ਼ੀ ਰਾਜ ਖ਼ਤਮ ਨਹੀਂ ਕੀਤਾ ਜਾਂਦਾ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ। ਇਸ ਸ਼ਾਸਨ ਦਾ ਖ਼ਾਤਮਾ ਕਰਨਾ ਮੁੱਢਲਾ ਕੰਮ ਹੈ ਅਤੇ ਇਸ ਨੂੰ ਸਿਰਫ਼ ਹਥਿਆਰਬੰਦ ਸੰਗਰਾਮ ਨਾਲ ਹੀ ਖ਼ਤਮ ਕੀਤਾ ਜਾ ਸਕਦਾ ਹੈ। ਇਹ ਸ਼ਾਸਨ ਦੀ ਤਾਕਤ ਕੋਈ ਬਹੁਤੀ ਮਜ਼ਬੂਤ ਨਹੀਂ – 33 ਕਰੋੜ ਦੇ ਮੁਲਕ ਵਿਚ ਅੰਗਰੇਜ਼ 80 ਹਜ਼ਾਰ ਤੋਂ ਵਧ ਨਹੀਂ। ਇਹ ਹਿੰਦੁਸਤਾਨੀ ਸਿਪਾਹੀਆਂ ਦੀ ਮਦਦ ਅਤੇ ਆਮ ਲੋਕਾਂ ਦੀ ਮਾਨਸਿਕ ਗਿਰਾਵਟ ਅਤੇ ਸਮਰਥਨ ਤੇ ਟਿਕੀ ਹੈ। ਲੋੜ ਹੈ ਭਾਰਤੀ ਸਿਪਾਹੀਆਂ ਅਤੇ ਆਮ ਲੋਕਾਂ ਵਿਚ ਨਵੀਂ ਰਾਜਨੀਤਕ ਸੋਚ ਪੈਦਾ ਕਰ ਕੇ ਇਕ ਹਥਿਆਰਬੰਦ ਸੰਗਰਾਮ ਕਰਨ ਦੀ। ਇਸ ਨਾਲ ਇਹ ਸ਼ਾਸਨ ਦਾ ਖ਼ਾਤਮਾ ਲਾਜ਼ਮੀ ਹੈ। ਇਸ ਖ਼ਾਤਮਾ ਤਾਂ 1857 ਦੇ ਗ਼ਦਰ ਵੇਲੇ ਹੀ ਹੋਇਆ ਪਿਆ ਸੀ ਜੇ ਪੰਜਾਬੀ ਸਿਪਾਹੀ ਅੰਗਰੇਜ਼ਾਂ ਦੀ ਮਦਦ ਤੇ ਸ਼ਾਮਿਲ ਨ ਹੋਏ ਹੁੰਦੇ। ਉਹ ਇਕ ਬਹੁਤ ਵਡੀ ਗਲਤੀ ਸੀ। ਹੁਣ ਦੂਜੇ ਗ਼ਦਰ ਵਿਚ ਜੇ ਪੰਜਾਬੀ ਸਿਪਾਹੀ ਅਤੇ ਲੋਕੀਂ ਅੰਗਰੇਜ਼ ਦੇ ਖਿਲਾਫ਼ ਹਥਿਆਰਬੰਦ ਸੰਗਰਾਮ ਸ਼ੁਰੂ ਕਰ ਦੇਣ ਤਾਂ ਜਿੱਤ ਯਕੀਨੀ ਹੈ। ਲੋੜ ਹੈ ਨਵੀਂ ਚੇਤਨਾ ਫੈਲਾਉਣ ਦੀ, ਜਥੇਬੰਦ ਹੋਣ ਦੀ ਦੇਸ਼ ਭਗਤੀ ਅਤੇ ਕੁਰਬਾਨੀਆਂ ਦੀ।"

ਇਹ ਆਮ ਲੋਕਾਂ ਦੇ ਤਜਰਬਿਆਂ ਅਤੇ ਜਜ਼ਬਾਤ ਤੇ ਆਧਾਰਿਤ ਉਹਨਾਂ ਦੀ ਸਿੱਧੀ ਸੋਚ ਮੁਤਾਬਿਕ ਦੁਸ਼ਮਨ ਨੂੰ ਮਾਰ ਮੁਕਾਉਣ ਅਤੇ ਆਪਣੇ ਘਰ ਵਿਚ ਆਪ ਮਾਲਕ ਬਣ ਜਾਣ ਦੀ ਦਿਲ ਟੁੰਬਦੀ ਵਿਚਾਰ ਧਾਰਾ ਸੀ।

ਇਹ ਆਪਣੇ ਯੁਗ ਦੇ ਭਾਰਤੀ ਉਗਰਵਾਦੀ ਅਤੇ ਆਤੰਕਵਾਦੀ ਚਿੰਤਨ ਦੀ ਧਰਮ ਨਾਲ ਜੁੜੀ ਵਿਚਾਰਧਾਰਾ ਤੋਂ ਬਿਲਕੁਲ ਭਿੰਨ ਨਿਰੋਲ ਰਾਜਨੀਤਿਕ ਸੀ। ਤਿਲਕ ਅਤੇ ਸਾਵਰਕਰ ਦੇ ਪੁਨਰ ਸੁਰਜੀਤੀ ਵਾਦ (Revivalism), ਅਰਬਿੰਦੂ ਘੋਸ਼ ਦੇ ਧਾਰਮਿਕ ਰਹੱਸਵਾਦ (Religious mysticism) ਅਤੇ ਦੇਸ਼ ਭਗਤੀ ਨੂੰ ਰੱਬੀ ਹੁਕਮ ਤੇ ਵਿਧਾਨ ਸਮਝਣ ਅਤੇ ਆਤੰਕਵਾਦੀ ਦੇਸ਼ ਭਗਤਾਂ ਦੀ

ਧਰਮ ਪ੍ਰੇਰਿਤ ਸੋਚਨੀ ਅਤੇ ਰਹੱਸਵਾਦ ਦੇ ਉਲਟ, ਗ਼ਦਰੀ ਨੇਤਾਵਾਂ ਦੀ ਵਿਚਾਰਧਾਰਾ ਨਿਰੋਲ ਰਾਜਨੀਤਿਕ ਸੀ। ਇਹ ਧਰਮ, ਜ਼ਾਤ-ਪਾਤ ਦੇ ਭੇਦਾਂ ਅਤੇ ਹਿਤਾਂ ਦੀ ਗੱਲ ਕਰਨ ਵਾਲੀ ਸੋਚ ਦੀ ਜ਼ੋਰਦਾਰ ਆਲੋਚਨਾ ਕਰਦੇ ਸਨ – "ਤੁਸੀਂ ਦੀਨ ਈਮਾਨ ਦੇ ਪਏ ਪਿਛੇ ਫ਼ਿਕਰ ਤੁਸਾਂ ਨੂੰ ਗਿਆਨ ਧਿਆਨ ਵਾਲੇ," "ਰੱਦੀ ਝਗੜਿਆਂ ਵਿਚ ਮਸ਼ਗੂਲ ਹੋਏ ਜਿਵੇਂ ਕੰਮ ਜਨਾਨੀਆਂ ਰੰਡੀਆਂ ਦਾ।" "ਸਾਨੂੰ ਲੋੜ ਨਾ ਪੰਡਤਾਂ ਕਾਜ਼ੀਆਂ ਦੀ – ਨਹੀਂ ਸ਼ੌਕ ਹੈ ਬੇੜਾ ਡੁਬਾਵਣੇ ਦਾ।"

ਜਦੋ ਜਹਿਦ ਦਾ ਮਾਡਲ ਸੀ 1857 ਦਾ ਗ਼ਦਰ। ਇਸੇ ਦੇ ਨਾਂ ਤੇ ਪ੍ਰਾਪੇਗੰਡਾ ਅਖ਼ਬਾਰ ਦਾ ਨਾਂ ਗ਼ਦਰ ਰਖਿਆ ਗਿਆ ਅਤੇ ਲਹਿਰ ਦਾ ਨਾਂ ਗ਼ਦਰ ਲਹਿਰ ਪੈ ਗਿਆ। ਅਪੀਲ ਸੀ ਜ਼ਿਆਦਾ ਕਰਕੇ ਪੰਜਾਬੀਆਂ ਨੂੰ, ਵਿਸ਼ੇਸ਼ ਕਰ ਕੇ ਬਾਹਰ ਦੇ ਮੁਲਕਾਂ ਵਿਚ ਮਜ਼ਦੂਰੀ ਕਰ ਰਹੇ ਪ੍ਰਵਾਸੀ ਪੰਜਾਬੀਆਂ ਅਤੇ ਭਾਰਤੀ ਫ਼ੌਜ ਦੇ ਪੰਜਾਬੀ ਸਿਪਾਹੀਆਂ ਨੂੰ।

ਗ਼ਦਰ ਅਖ਼ਬਾਰ ਰਾਹੀਂ ਪ੍ਰਾਪੇਗੰਡਾ ਤੇਜ਼ੀ ਨਾਲ ਸ਼ੁਰੂ ਹੋਇਆ। ਅਮਰੀਕਾ ਤੇ ਕੈਨੇਡਾ ਵਿਚਲੇ ਦੇਸ-ਵਾਸੀਆਂ ਤੋਂ ਇਲਾਵਾ, ਟਾਪੂਆਂ ਅਤੇ ਦੂਜੀ ਬਸਤੀਆਂ ਵਿੱਚ, ਖ਼ਾਸ ਕਰ, ਸੰਘਾਈ, ਹਾਂਗਕਾਂਗ, ਪੀਨਾਂਗ, ਸਿੰਘਾਪੁਰ ਦੇ ਇਲਾਕਿਆਂ ਵਿਚ ਪ੍ਰਚਾਰ ਹੋਇਆ ਅਤੇ ਜਾਣ ਪਛਾਣ ਦੇ ਫ਼ੌਜੀ ਸਿਪਾਹੀਆਂ ਵਿਚ ਗੁਪਤ ਤਰੀਕੇ ਨਾਲ ਪਰਚਾ ਵੰਡਿਆਂ ਜਾਣ ਲੱਗਾ। ਅਮਰੀਕਾ ਅਤੇ ਕੈਨੇਡਾ ਵਿਚ ਪ੍ਰਾਪੇਗੰਡਾ ਕਰਨ ਦੀ ਖੁਲ੍ਹ ਕਾਰਨ ਫ਼ੈਲਾਅ ਬੜੀ ਤੇਜ਼ੀ ਨਾਲ ਹੋਇਆ।

ਇਸ ਪਰਚੇ ਦਾ ਸੰਪਾਦਕ ਅਤੇ ਇਸ ਲਹਿਰ ਨੂੰ ਜ਼ੁਬਾਨ ਦੇਣ ਵਾਲਾ ਲਾਲਾ ਹਰਦਿਆਲ ਜਾਦੂ ਬਿਆਨ ਅਤੇ ਲਫ਼ਜ਼ਾਂ ਦਾ ਧਨੀ ਸੀ। ਉਸਦਾ ਵਿਚਾਰ ਸੀ ਕਿ ਇਸ ਸੰਗ੍ਰਾਮ ਵਾਸਤੇ ਲੰਮੇ ਸਮੇਂ ਲਈ ਰਾਜਨੀਤਿਕ ਸਿਖਿਆ ਦੇਣ ਦੀ ਲੋੜ ਹੈ। ਉਸਦਾ ਯਕੀਨ ਸੀ ਕਿ ਪਹਿਲਾਂ ਮੈਜ਼ੀਨੀ ਵਾਲਾ ਕੰਮ ਹੋਣਾ ਚਾਹੀਦਾ ਹੈ, ਫੇਰ ਗੇਰੀਬਾਲਡੀ ਵਾਲਾ ਅਤੇ ਉਸ ਤੋਂ ਬਾਅਦ ਕੈਵੂਰ ਵਾਲਾ – ਪਹਿਲਾਂ ਸਦਾਚਾਰ ਅਤੇ ਰਾਜਨੀਤਿਕ ਸੂਝ, ਫੇਰ ਜੰਗ ਅਤੇ ਉਸ ਤੋਂ ਬਾਅਦ ਆਜ਼ਾਦੀ। ਇਉਂ ਜਾਪਦਾ ਸੀ ਕਿ ਕੁਝ ਸਮੇਂ ਬਾਅਦ ਬਰਤਾਨੀਆਂ ਅਤੇ ਜਰਮਨੀ ਦੀ ਜੰਗ ਲਗਣ ਦੇ ਆਸਾਰ ਸਨ। ਜਦੋਂ ਅੰਗ੍ਰੇਜ਼ ਦੇਸ਼ ਬਾਹਰ ਇਸ ਜੰਗ ਵਿਚ ਫਸੇ ਹੋਣ – ਉਸ ਵੇਲੇ ਦੇਸ ਵਿੱਚ ਗ਼ਦਰ ਸ਼ੁਰੂ ਕਰ ਦਿੱਤਾ ਜਾਵੇਗਾ। ਸੋ ਸੰਗ੍ਰਾਮ ਕੋਈ ਅਗਲੀ ਸਵੇਰ ਦਾ ਪ੍ਰੋਗ੍ਰਾਮ ਨਹੀਂ ਸੀ। ਇਸ ਲਈ ਉਸ ਦੇ ਸੰਜੀਦਾ ਚਿੰਤਨ ਵਿਚ ਇਨਕਲਾਬੀ ਯੁੱਧ ਨੀਤੀ ਅਤੇ ਸੰਗਠਨ ਦੀ ਰੂਪ ਰੇਖਾ ਚਿਤ੍ਰਣ ਅਤੇ ਉਸ ਨੂੰ ਉਸਾਰਣ ਦੀ ਕੋਸ਼ਿਸ਼ ਮਹੱਤਵ ਨਹੀਂ ਸੀ ਰਖਦੀ। ਹਰਦਿਆਲ ਨੂੰ ਹਾਲਾਂ ਇਹ ਵੀ ਸਪਸ਼ਟ ਨਹੀਂ ਸੀ ਕਿ ਇਹ ਸੰਗ੍ਰਾਮ ਲਾਜ਼ਮੀ ਤੌਰ ਤੇ ਜਥੇਬੰਦ ਤਰੀਕੇ ਨਾਲ ਸ਼ੁਰੂ ਕਰਨਾ ਜ਼ਰੂਰੀ ਹੈ – ਇਹ ਭਾਵੇਂ ਜਥੇਬੰਦ ਹੋਵੇ ਜਾਂ ਆਪਮੁਹਾਰਾ –– ਦੋਵਾਂ ਵਿਚ ਕੋਈ ਫ਼ਰਕ ਨਹੀਂ ਸੀ ਲਗਦਾ – ਲੋੜ ਤਾਂ ਬਸ ਲੋਕਾਂ ਵਿਚ ਨਵਾਂ ਵਲਵਲਾ ਪੈਦਾ ਕਰਨ ਦੀ ਜਾਪਦੀ ਸੀ। ਵੈਸੇ ਵੀ ਉਸ ਨੇ ਸਵੀਕਾਰ ਕੀਤਾ ਸੀ ਕਿ ਉਹ ਆਪ ਪ੍ਰਚਾਰ ਦਾ ਕੰਮ ਤਾਂ ਵਧੀਆ ਕਰ ਸਕਦਾ ਸੀ ਪਰ ਇਨਕਲਾਬੀ ਕਾਰਵਾਈ ਲਈ ਯੋਗ ਨਹੀਂ ਸੀ। ਪਰ ਇਸ ਦੂਜੀ ਯੋਗਤਾ ਨੂੰ ਕੋਈ ਜ਼ਰੂਰੀ ਨਹੀਂ ਸਮਝਿਆ ਗਿਆ।

ਸ਼ੁਰੂ ਤੋਂ ਇਸ ਇਨਕਲਾਬੀ ਸੋਧ ਦੀ ਅਣਹੋਂਦ ਕਾਰਨ ਜ਼ੋਰ ਇਸ ਪ੍ਰਾਪੇਗੰਡੇ ਤੇ ਪਿਆ ਕਿ ਅੰਗ੍ਰੇਜ਼ਾਂ ਦੇ ਖਿਲਾਫ਼ ਹਥਿਆਰਬੰਦ ਗ਼ਦਰ ਲਈ ਅਤੇ ਕੁਰਬਾਨੀਆਂ ਦੇਣ ਲਈ ਤਿਆਰ ਹੋ ਜਾਓ। ਇਸ ਪ੍ਰਚਾਰ ਵਿਚ ਹਿੰਦੋਸਤਾਨ ਵਿਚਲੀ ਵਸਤੂਗਤ ਹਾਲਾਤ ਦਾ ਕੋਈ ਜਾਇਜ਼ਾ ਪੇਸ਼ ਕਰਨਾ ਅਤੇ ਉਸ ਸੰਦਰਭ ਵਿਚ ਇਨ-ਕਲਾਬੀ ਸਿਧਾਂਤ, ਅਤੇ ਸਿਧਾਂਤ ਆਧਾਰਤ ਯੁੱਧ ਨੀਤੀ ਅਤੇ ਦਾਅਪੇਚ ਦੇ ਸੁਝਾਉ ਪੇਸ਼ ਕਰਨਾ ਜ਼ਰੂਰੀ ਨਹੀਂ ਸਮਝਿਆ ਗਿਆ, ਨਾ ਹੀ ਉਸ ਗ਼ਦਰ ਦੀ ਤਿਆਰੀ ਲਈ ਕਿਸੇ ਵਿਸ਼ੇਸ਼ ਪ੍ਰਕਾਰ ਦੀ ਇਨਕਲਾਬੀ ਜਥੇਬੰਦੀ ਬਨਾਉਣ ਬਾਰੇ ਕੋਈ ਪਹਿਲ ਕਦਮੀ ਜ਼ਰੂਰੀ ਸਮਝੀ ਗਈ। ਪਹਿਲੇ ਪਰਚੇ ਤੋਂ ਇਉਂ ਜਾਪਦਾ ਸੀ ਕਿ ਗ਼ਦਰ ਸ਼ੁਰੂ ਹੋਣ ਵਾਲਾ ਹੈ, ਕਮਰ ਕੱਸ ਲਓ, ਪਹਿਲਾ ਗ਼ਦਰ 1857 ਵਿੱਚ ਹੋਇਆ ਸੀ ਅਤੇ ਦੂਜਾ ਉਸ ਦੇ ਸਤਵੰਜਵੇਂ ਸਾਲ (ਯਾਨੀ 1914 ਵਿਚ) ਹੋਊ। ਲੋੜ ਸੀ ਸੂਰਮਿਆਂ ਦੀ ਜੋ "ਅਲੀ ਅਲੀ ਕਰਕੇ ਲੜਣ ਗਾਜ਼ੀ" ਤੇ ਗੋਰਿਆਂ ਨੂੰ "ਬਕਰੇ ਵਾਂਗ ਝਟਕਾਉਣ।" ਪ੍ਰੇਰਣਾ ਸੀ : "ਧਾਰ ਲੋ ਇਰਾਦਾ ਹੁਣ ਵੱਡ ਦੇਣਾ ਜ਼ਾਲਮਾਂ ਨੂੰ, ਲਹੂ ਪੀਵੋ ਰੱਜ ਰੱਜ, ਮਾਰੋ ਛਾਣ ਛਾਣ ਜੀ।", "ਦੇਖੀ ਜਾਊ ਪਿਛੋਂ ਪਹਿਲਾਂ ਕੰਮ ਕਤਲੇ ਆਮ ਦੇ" ਅਤੇ "ਜਾਂ ਤਾਂ ਆਪ ਮਰੀਏ, ਨਹੀਂ ਮਾਰ ਲਈਏ"। ਅਪ੍ਰੈਲ 1914 ਵਿਚ ਛਪੀ ਗ਼ਦਰ ਦੀ ਗੂੰਜ ਵਿਚ ਹਰਦਿਆਲ ਦੀ ਗ੍ਰਿਫ਼-ਤਾਰੀ ਦਾ ਜ਼ਿਕਰ ਕਰਦਿਆਂ ਆਖਰੀ ਮੋਟੇ ਸ਼ਬਦਾਂ ਵਿਚ ਮੰਗ ਕੀਤੀ ਗਈ : "ਵੀਰੋ ਹੁਣ ਬੋਲੋ ਕੀ ਕਰੀਏ ? ਕੀ

ਠੁੱਡ ਖਾ ਖਾਂ ਮਰਨਾ ਹੈ ? ਕੀ ਤੁਸੀਂ ਅਜੇ ਵੀ ਮੌਜਾਂ ਮਾਨਦੇ ਹੋ ? ਆਓ ਸ਼ਹੀਦ ਹੋਈਏ।"

ਜਿਵੇਂ ਜਿਵੇਂ ਇਸ ਪ੍ਰਚਾਰ ਦੇ ਸਦਕੇ ਦੇਸ ਤੋਂ ਬਾਹਰ ਪ੍ਰਵਾਸੀ ਹਿੰਦੁਸਤਾਨੀਆਂ ਵਿਚ ਇਹ ਉਭਾਰ ਵਧਿਆ ਅਤੇ ਛੇਤੀ ਗ਼ਦਰ ਕਰਨ ਦੀ ਰੀਝ ਦਾ ਪ੍ਰਗਟਾਓ ਹੋਣ ਲੱਗਾ, ਗ਼ਦਰ ਲਹਿਰ ਲਈ ਇਹਨਾਂ ਫੈਲਦੇ ਹੋਏ ਜਜ਼ਬਾਤ ਨੂੰ ਇਸ ਲਹਿਰ ਦੀ ਮਜ਼ਬੂਤੀ ਅਤੇ ਸਫ਼ਲਤਾ ਦਾ ਮਿਆਰ ਮੰਨਿਆ ਜਾਣ ਲੱਗਾ ਅਤੇ ਸੰਜੀਦਾ ਇਨਕਲਾਬੀ ਸੋਚ ਵਿਚਾਰ ਅਤੇ ਜਥੇਬੰਦੀ ਦਾ ਪ੍ਰਬੰਧ ਹੋਰ ਬੇ-ਲੋੜਾ ਜਾਪਣ ਲੱਗ ਪਿਆ।

ਗ਼ਦਰ ਅਖ਼ਬਾਰ ਵਿੱਚ ਛਪਣ ਵਾਲੇ ਲੇਖਾਂ ਅਤੇ ਕਵਿਤਾਵਾਂ ਵਿਚ ਕਿਸੇ ਮਿਥੀ ਮੰਜ਼ੂਰ ਇਨਕਲਾਬੀ ਲਾਈਨ ਦੀ ਬਜਾਏ, ਹਰ ਪ੍ਰਕਾਰ ਦੇ ਵੱਖਰੇ ਕਿਸਮ ਦੀ ਕਾਰਵਾਈ ਦੇ ਸੁਝਾਓ ਬੇਰੋਕ ਸ਼ਾਸਲ ਹੁੰਦੇ ਰਹੇ। ਉਸ ਵਿਚ ਹਰਦਿਆਲ ਦੇ "ਬੰਬ ਦਾ ਫ਼ਲਸਫ਼ਾ" ਜਿਹੇ ਅਰਾਜਕਤਾਵਾਦੀ ਲੇਖ ਵੀ ਸਨ ਅਤੇ "ਬੰਗਾਲੀਆਂ ਵਾਂਗ ਚਮਕੋ", "ਸਰਕਾਰੀ ਖ਼ਜ਼ਾਨਿਆਂ ਅਤੇ ਅਮੀਰਾਂ ਉਪਰ ਡਾਕੇ ਮਾਰੋ", "ਖ਼ੁਫ਼ੀਆ ਸੋਸਾਇਟੀਆਂ ਬਣਾਓ" ਅਤੇ "ਪਿਛੋਂ ਦੇਖਾਂਗੇ ਵੱਲ ਗੋਰਿਆਂ ਦੇ ਪਹਿਲਾਂ ਦੇਸਘਾਤੀ ਸਮਝ ਲਈ ਏ" ਜਿਹੇ ਆਤੰਕਵਾਦੀ ਆਦੇਸ਼ ਵੀ। ਇਸ ਨਾਲ ਰੋਹ ਅਤੇ ਭਾਵੁਕਤਾ ਭਰੇ ਗ਼ਦਰੀਆਂ ਵਿਚ ਇਨਕਲਾਬੀ ਕਾਰਵਾਈ ਦੀ ਪ੍ਰਕਿਰਤੀ ਬਾਰੇ ਸੋਚ ਵਿਚ ਇਕ ਮੋਕਲਾਪਨ ਤੇ ਖੁਲ੍ਹਾਪਨ ਸ਼ੁਰੂ ਤੋਂ ਹਾਵੀ ਹੋ ਗਿਆ।

ਜਦੋਂ ਕਾਮਾਗਾਟਾ ਮਾਰੂ ਜਹਾਜ਼ ਨੂੰ ਵਾਪਸ ਮੋੜੇ ਜਾਣ ਤੋਂ ਤੁਰਤ ਬਾਦ ਬਰਤਾਨੀਆ ਅਤੇ ਜਰਮਨੀ ਦੀ ਜੰਗ ਦਾ ਐਲਾਨ ਹੋ ਗਿਆ ਤਾਂ ਨੇਤਾਵਾਂ ਨੇ ਗਦਰ ਕਰਨ ਲਈ ਭਾਰਤ ਜਾਣ ਦਾ ਐਲਾਨ ਕਰ ਦਿੱਤਾ। ਸੈਕਰਾਮੈਂਟੋ ਵਿੱਚ ਇਸ ਉਦੇਸ਼ ਲਈ ਕੀਤੇ ਗਏ ਇਕੱਠ ਵਿੱਚ ਭਾਰਤ ਨੂੰ ਜਾਣ ਵਾਲਿਆਂ ਦੀਆਂ ਲਿਸਟਾਂ ਤਿਆਰ ਕੀਤੀਆਂ। ਕੁਝ ਕੁ ਮੈਂਬਰਾਂ ਦਾ ਖ਼ਿਆਲ ਸੀ ਕਿ ਹਾਲਾਂ ਕੋਈ ਯੋਜਨਾ ਨਹੀਂ, ਹਥਿਆਰਾਂ ਦਾ ਕੋਈ ਪ੍ਰਬੰਧ ਨਹੀਂ। ਪਹਿਲਾਂ ਤਿਆਰੀ ਕਰਨੀ ਚਾਹੀਦੀ ਹੈ। ਪਰ ਬਹੁਤੇ ਨੇਤਾਵਾਂ ਦਾ ਵਿਚਾਰ ਸੀ ਕਿ ਇਸ ਮੌਕੇ ਨੂੰ ਹੱਥੋਂ ਜਾਣ ਨਹੀਂ ਦੇਣਾ ਚਾਹੀਦਾ। "ਹੌਸਲੇ ਕਾਇਮ ਰਹਿਣ ਬਾਕੀ ਵੇਖੀ ਜਾਊ"।

ਸੰਜਮ ਨਾਲ ਸਾਰੀ ਸਥਿਤੀ ਨੂੰ ਵਾਚਣ ਅਤੇ ਪਹਿਲਾਂ ਤਿਆਰੀ ਕਰਨ ਦੀ ਸਲਾਹ ਦੇਣ ਵਾਲਾ ਮੌਕਾ ਪ੍ਰਸਤ ਤੇ ਡਰਪੋਕ ਸਮਝਿਆ ਜਾਣ ਲੱਗਾ। ਚੇਨਚਈਆਂ ਨੇ ਉਹਨਾਂ ਦਿਨਾਂ ਦੇ ਜੋਸ਼ ਦੀ ਗਲ ਕਰਦਿਆਂ ਲਿਖਿਆ ਕਿ "ਉਸ ਵੇਲੇ ਸਭ ਕੁਝ ਹੀ ਸੰਭਵ ਜਾਪਦਾ ਸੀ। ਅਸੀਂ ਦੇਸ਼ ਨੂੰ ਆਜ਼ਾਦ ਕਰਵਾਉਣ ਵਾਸਤੇ ਮਰਨ ਲਈ ਵੀ ਤਿਆਰ ਸਾਂ। ਇਸ ਹੌਸਲੇ ਨੇ ਸਾਡੇ ਵਿਚ ਅਧੀ-ਮਾਨਵੀ ਤਾਕਤ ਪੈਦਾ ਕਰ ਦਿੱਤੀ ਸੀ। ਅਜਿਹੇ ਮਾਹੌਲ ਵਿੱਚ ਅਗਾਊ ਯੋਜਨਾ ਤੇ ਗਿਣਤੀ-ਮਿਣਤੀ ਦੀ ਲੋੜ ਨਹੀਂ ਰਹਿੰਦੀ। ਇਕ ਗ਼ਦਰੀ ਬਾਬੇ ਨੇ ਦੱਸਿਆ, "ਉਸ ਇਕੱਠ ਵਿੱਚ ਹਰ ਪਾਸੇ ਹਰ ਇਕ ਚੇਹਰੇ ਤੇ ਦੇਸ਼ ਭਗਤੀ ਅਤੇ ਕੁਰਬਾਨੀ ਦੀ ਭਖਦੀ ਲੋ ਦਿਸਦੀ ਸੀ, ਪਰ ਸਾਡੇ ਵਿੱਚੋਂ ਕਿਸੇ ਨੂੰ ਵੀ ਸਾਫ਼ ਤੌਰ ਤੇ ਇਹ ਨਹੀਂ ਸੀ ਪਤਾ ਕਿ ਅਸੀਂ ਭਾਰਤ ਵਿੱਚ ਜਾ ਕੇ ਅਸਲ ਵਿੱਚ ਕਰਨਾ ਕੀ ਹੈ, ਸਾਡਾ ਪ੍ਰੋਗ੍ਰਾਮ ਕੀ ਹੈ ?"

ਅਜਿਹੇ ਮਾਹੌਲ ਵਿੱਚ ਜਥੇਬੰਦੀ ਅਤੇ ਲੀਡਰਸ਼ਿਪ ਦਾ ਰੂਪ ਉਸੇ ਪ੍ਰਕਾਰ ਦਾ ਬਣਦਾ ਹੈ ਜਿਸ ਪ੍ਰਕਾਰ ਦੀਆਂ ਕਾਰਵਾਈਆਂ ਕਰਨ ਦੀ ਧੁਨ ਸਵਾਰ ਹੋਵੇ। ਇਕ ਬਾਬੇ ਪਿਛਾਂਹ ਵਲ ਵੇਖਦਿਆਂ ਦੱਸਿਆ, "ਉਸ ਵੇਲੇ ਸਾਡੇ ਜਜ਼ਬਾਤ ਸਾਡੇ ਨੇਤਾ ਸਨ।" ਨਵੰਬਰ 1914 ਦੇ ਅਖੀਰ ਵਿੱਚ ਜਦੋਂ ਗ਼ਦਰੀਆਂ ਨੇ ਰਾਸ ਬਿਹਾਰੀ ਬੋਸ ਨੂੰ ਪਾਰਟੀ ਦੀ ਕਮਾਨ ਸੰਭਾਲਣ ਲਈ ਸੱਦਣ ਦੀ ਗੱਲ ਸ਼ੁਰੂ ਕੀਤੀ, ਉਸ ਵੇਲੇ ਸ਼ਚਿੰਦਰ ਨਾਥ ਸਾਨਯਾਲ ਨਾਲ ਹੋਈ ਇਹ ਛੋਟੀ ਗੱਲ ਬਾਤ ਤੋਂ ਪ੍ਰਧਾਨ ਮਨੋਵਿਰਤੀ ਦਾ ਅੰਦਾਜ਼ਾ ਹੋ ਜਾਂਦਾ ਹੈ। ਲਾਡੋਵਾਲੀ ਸਟੇਸ਼ਨ ਤੇ ਗ਼ਦਰੀ ਲੀਡਰਾਂ ਨਾਲ ਗੱਲ ਕਰਦਿਆਂ ਸਾਨਯਾਲ ਨੇ ਇਹਨਾਂ ਨੂੰ ਪੁਛਿਆ —

ਸਾਨਯਾਲ : ਤੁਹਾਡਾ ਮੁਖ ਲੀਡਰ ਕੌਣ ਹੈ

ਅਮਰ ਸਿੰਘ : ਅਸਲ ਗੱਲ ਤਾਂ ਇਹ ਹੈ ਕਿ ਸਾਡਾ ਕੋਈ ਮੁਖ ਲੀਡਰ ਹੈ ਨਹੀਂ। ਇਸੇ ਲਈ ਤਾਂ ਅਸੀਂ ਰਾਸ ਬਿਹਾਰੀ ਨੂੰ ਕਮਾਨ ਸੰਭਾਲਣ ਲਈ ਸੱਦਣਾ ਚਾਹੁੰਦੇ ਹਾਂ।

(ਅਗੋਂ ਕਰਤਾਰ ਸਿੰਘ ਵਿੱਚੋਂ ਟੋਕ ਕੇ ਬੋਲਿਆ)

ਕਰਤਾਰ ਸਿੰਘ : ਭਰਾ ਏਨਾ ਕਿਉਂ ਘਾਬਰਦੇ ਹੋ, ਵੇਲਾ ਆਉਣ ਦਿਉ, ਤੁਸੀਂ ਵੇਖਣਾ ਸਾਡੇ ਵਿੱਚੋਂ ਕਿੰਨੇ ਕੁ ਬਹਾਦੁਰ ਅੱਗੇ ਆਉਣਗੇ।

ਇਸ ਕਮੀ ਦੇ ਇਹਸਾਸ ਦਾ ਬਦਲ ਇਹ ਸੀ ਕਿ ਸਾਡੇ ਵਿੱਚ ਬਹੁਤ ਬਹਾਦਰ ਸਾਥੀ ਹਨ। ਗ਼ਦਰ ਫੇਲ ਹੋ ਜਾਣ ਤੋਂ ਬਾਅਦ ਵੀ 4 ਅਪ੍ਰੈਲ 1915 ਦੇ ਪਰਚੇ

ਵਿੱਚ ਇਸ ਪਾਰਟੀ ਦੇ ਕਿਰਦਾਰ ਬਾਰੇ ਛਪਿਆ ਬਿਆਨ ਉਸੇ ਰੁਚੀ ਦਾ ਸਮਰਥਨ ਕਰਦਾ ਹੈ :

> ਇਸ ਪਾਰਟੀ ਦੇ ਬੰਦੇ ਸੰਗਠਨ ਸੂਚੀ ਦਾ ਕੇਂਦਰ ਆਦਿ ਦਾ ਸਾਧਾਰਨ ਪ੍ਰਬੰਧ ਨਹੀਂ ਕਰ ਸਕਦੇ। ਦੇਸੋਂ ਬਾਹਰ ਇਹ ਭੁਖੇ ਪਿਆਸੇ, ਪਾਟੇ ਕਪੜਿਆਂ ਵਿੱਚ ਤੁਰੇ ਫਿਰਦੇ ਹਨ। ਇਹ ਪਵਿੱਤਰ ਗ਼ਦਰ ਪਾਰਟੀ ਇਸ ਤਰ੍ਹਾਂ ਦੀ ਹੈ ਜਿਸਦਾ ਭਾਵੇਂ ਕੇਂਦਰ ਕੋਈ ਨਹੀਂ – ਇਸਦੇ ਸਿਪਾਹੀ ਹਰ ਸਮੇਂ, ਹਰ ਥਾਵੇਂ ਤਿਆਰ ਰਹਿੰਦੇ ਹਨ। ਇਸ ਵਿੱਚੋਂ ਅਜਿਹਾ ਕੋਈ ਅਹਿਸਾਸ ਨਹੀਂ ਸੀ ਕਿ ਇਹ ਕੋਈ ਘਾਟ ਹੈ। ਇਸ ਲਈ ਰਾਜਨੀਤਕ ਸਿਖਿਆ ਦਾ ਅਰਥ ਸਿਰਫ਼ ਜਜ਼ਬਾਤੀ ਉਭਾਰ ਪੈਦਾ ਕਰਨਾ ਹੀ ਬਣ ਚੁੱਕਾ ਸੀ।

ਅਕਤੂਬਰ ਦੇ ਮਹੀਨੇ ਤੋਂ ਗ਼ਦਰ ਦਾ ਖੁੱਲਾ ਪ੍ਰਚਾਰ ਕਰਦੇ – "ਗਿੱਦੜ ਪਿਛਾਂਹ ਤੇ ਜਾਣਗੇ ਸ਼ੇਰ ਅਗੇ" – ਬੰਦਰਗਾਹੀ ਸ਼ਹਿਰਾਂ ਵਿੱਚੋਂ ਭਾਰਤੀਆਂ ਨੂੰ ਇਕੱਠਿਆਂ ਕਰਦੇ ਹੋਏ ਦੇਸ਼ ਭਗਤਾਂ ਦੇ ਜੱਥੇ ਦੇਸ਼ ਪੁਜਣ ਲੱਗੇ। ਜਦੋਂ ਇਕ ਬਾਬੇ ਨੂੰ ਮੈਂ ਪੁਛਿਆ, "ਵੱਡੀ ਗਿਣਤੀ ਵਿੱਚ ਪ੍ਰਵਾਸੀਆਂ ਨੂੰ ਆਪਣੇ 'ਚ ਰਲਾਂਦਿਆਂ ਕੋਈ ਪਰਖ ਆਦਿ ਕੀਤੀ ਜਾਂਦੀ ਸੀ ਕਿ ਨਹੀਂ ਮਤੇ ਉਹਨਾਂ ਵਿਚੋਂ ਕੋਈ ਸਰਕਾਰੀ ਸੂਹੀਆ ਹੋਵੇ ?" ਉਹਨਾਂ ਦੱਸਿਆ ਕਿ "ਉਹ ਵੇਲਾ ਕੋਈ ਛਾਂਟੀ ਕਰਨ ਦਾ ਨਹੀਂ ਸੀ। ਜਿਹੜਾ ਵੀ ਦੇਸ਼ ਵੀ ਸੇਵਾ ਕਰਨ ਦਾ ਜਜ਼ਬਾ ਰਖਦਾ ਸੀ ਉਸ ਨੂੰ ਨਾਲ ਤੋਰਨਾ ਜ਼ਰੂਰੀ ਸੀ।" ਇਕ ਹੋਰ ਬਾਬੇ ਨੇ ਦਸਿਆ ਕਿ ਜਿਹੜਾ ਗੋਰਿਆਂ ਨੂੰ ਗਾਲਾਂ ਕਢਦਾ ਸੀ ਉਹੋ ਸਾਨੂੰ ਦੇਸ਼ ਭਗਤ ਤੇ ਸਾਡੀ ਪਾਰਟੀ ਵਿਚ ਭਰਤੀ ਲਈ ਯੋਗ ਜਾਪਦਾ ਸੀ। ਬਹੁਤ ਸਾਰੇ ਵੱਡੇ ਲੀਡਰਾਂ ਨੂੰ ਤਾਂ ਪੁਲੀਸ ਨੇ ਜਹਾਜ਼ਾਂ ਤੋਂ ਉੱਤਰ-ਦਿਆਂ ਹੀ ਦਬੋਚ ਲਿਆ। ਸੱਤ ਸੌ ਤੋਂ ਵੱਧ ਨੂੰ ਪਿੰਡਾਂ ਵਿੱਚ ਜੂਹਬੰਦ ਕਰ ਦਿੱਤਾ। ਜਿੰਨੇ ਕੁ ਪੁਲੀਸ ਦੇ ਘੇਰੇ 'ਚੋਂ ਬਚ ਕੇ ਨਿਕਲ ਆਏ ਉਹਨਾਂ ਸੋਚਣਾ ਸ਼ੁਰੂ ਕੀਤਾ ਕਿ ਕੀ ਕੀਤਾ ਜਾਵੇ ਅਤੇ ਕਿਵੇਂ ਕੀਤਾ ਜਾਵੇ ?

ਦੇਸ਼ ਦੀ ਰਾਜਨੀਤਕ ਸਥਿਤੀ ਇਹਨਾਂ ਦੀ ਸੋਚ ਦੇ ਬਿਲਕੁਲ ਉਲਟ ਨਿਕਲੀ। ਜਿਸ ਪੰਜਾਬ ਨੇ ਸੰਗ੍ਰਾਮ ਦੀ ਪਹਿਲ ਕਦਮੀ ਕਰਨੀ ਤੇ ਕਮਾਨ ਸੰਭਾਲਣੀ ਸੀ ਉਸਨੂੰ ਸਾਮਰਾਜ ਦੀ ਸੁਰੱਖਿਆ ਦੀ ਸਭ ਤੋਂ ਮਜ਼ਬੂਤ ਤਲਵਾਰ ਤੇ ਢਾਲ ਸਮਝਿਆ ਜਾਂਦਾ ਸੀ। ਫ਼ੌਜੀਆਂ ਦੀ ਭਰਤੀ ਇਸ ਤੇਜ਼ੀ ਨਾਲ ਹੋ ਰਹੀ ਸੀ ਕਿ ਜੰਗ ਦੇ ਦਰਮਿਆਨ ਲਗਭਗ ਹਰ 8 ਪੰਜਾਬੀਆਂ ਵਿੱਚੋਂ ਇਕ ਆਦਮੀ ਫ਼ੌਜੀ ਸਿਪਾਹੀ ਬਣ ਗਿਆ ਸੀ (ਸਮੁੱਚੇ ਭਾਰਤ ਲਈ ਇਹ ਅਨੁਪਾਤ ਸੀ 150 ਵਿੱਚੋਂ 1)। ਪੰਜਾਬੀਆਂ ਦੀ ਬੀਰਤਾ ਅਤੇ ਸਾਮਰਾਜ ਭਗਤੀ ਦਾ ਕਾਫ਼ੀ ਰੌਲਾ ਸੀ। ਆਮ ਪਿੰਡਾਂ ਵਿੱਚ ਗ਼ਦਰ ਵਿੱਚ ਸ਼ਾਮਲ ਹੋਣ ਲਈ ਕੀਤੇ ਪ੍ਰਚਾਰ ਦਾ ਵੱਡਾ ਅਸਰ ਨਹੀਂ ਸੀ ਹੋ ਸਕਦਾ ਅਤੇ ਨਾ ਹੋਇਆ।

ਬਦੇਸ਼ਾਂ ਤੋਂ ਕੰਮ ਕਾਰ ਛੱਡ ਕੇ, ਕਮਾਈ ਪਾਰਟੀ ਦੇ ਲੇਖੇ ਲਾ ਕੇ, ਦੇਸ਼ ਨੂੰ ਆਜ਼ਾਦ ਕਰਵਾਉਣ ਲਈ, ਇਨਕਲਾਬ ਸ਼ੁਰੂ ਕਰਨ ਦੀ ਧੁਨ ਵਿੱਚ ਆਪਾ ਵਾਰਣ ਲਈ ਤਿਆਰ ਹੋ ਕੇ ਆਏ ਜੋਸ਼ ਨਾਲ ਭਰੇ ਦੇਸ਼ ਭਗਤਾਂ ਨੂੰ ਸਮਝ ਨਹੀਂ ਸੀ ਆਉਂਦਾ ਕਿ ਕੀ ਪਹਿਲਾਂ ਕੀਤਾ ਜਾਵੇ ? ਨਾ ਦੇਸ਼ ਦੀ ਸਮੁੱਚੀ ਸਥਿਤੀ ਦਾ ਕੋਈ ਵਿਸ਼ਲੇਸ਼ਣ ਕੀਤਾ ਸੀ, ਨਾ ਕੇਂਦਰੀ ਜਥੇਬੰਦੀ ਤੇ ਕਮਾਨ, ਨਾ ਕਾਰਵਾਈ ਦੀ ਯੋਜਨਾ, ਨਾ ਸਭਨਾਂ ਵਿਚਕਾਰ ਤਾਲ ਮੇਲ ਦੇ ਸਾਧਨ, ਪਰ ਸੰਗ੍ਰਾਮ ਕਰਨ ਦੀ ਤਤਪਰਤਾ, ਸਦਾਚਾਰਕ ਤੀਬਰਤਾ ਵਿਆਪਕ ਸੀ। ਜਦੋਂ ਦੇਸ਼ ਭਗਤ 'ਪ੍ਰੇਮ ਖੇਲਣ ਕਾ ਚਾਓ' ਲੈ ਕੇ ਜਾਨਾਂ ਵਾਰਨ ਲਈ ਵੀ ਤਿਆਰ ਹੋਣ ਤਾਂ ਫੇਰ ਮੁਸ਼ਕਲ ਕਾਹਦੀ ਸੀ। ਅਜਿਹੇ ਮਾਹੌਲ ਵਿਚ 'ਜਿਵੇਂ ਦਾਓ ਲੱਗੇ ਤਿਵੇਂ ਲਾ ਲਈ ਦੇ' ਦੀ ਧੁਨ ਵਿੱਚ ਮੁੱਖ ਮੰਤਵ ਦੀ ਪ੍ਰਾਪਤੀ ਦੀ ਜਗ੍ਹਾ ਕੁਝ ਨਾ ਕੁਝ ਕਰ ਗੁਜਰਣ ਦੀ ਵਿਅਕਤੀਗਤ ਚਾਹਤ ਵਿੱਚ ਤਦਅਰਥਤਾ (adhocism) ਪ੍ਰਧਾਨ ਬਣ ਜਾਂਦੀ ਹੈ ਤੇ ਹੋਇਆ ਵੀ ਇਹੋ ਹੀ।

ਕਾਹਲੇ ਪਏ ਦੇਸ਼ ਭਗਤਾਂ ਵਿਚ ਤੁਰਤ ਗਦਰ ਕਰਨ ਦੀ ਮੰਗ ਹੋਣ ਲਗੀ। ਲਾਹੌਰ ਸਾਜ਼ਸ਼ ਕੇਸ ਵਿਚ ਬਿਆਨ ਦੇਂਦਿਆਂ ਇਕ ਗ਼ਦਰੀ ਨੇ ਦਸਿਆ ਕਿ – "ਸਾਡੀ ਪਾਰਟੀ (ਜਥਾ) ਤੁਰਤ ਗਦਰ ਕਰਨ ਦੇ ਹੱਕ ਵਿਚ ਸੀ।" ਇਕ ਹੋਰ ਨੇ ਦਸਿਆ ਕਿ – "ਅਸੀਂ ਸਾਫ਼ ਕਹਿ ਦਿਤਾ ਸੀ ਕਿ ਜੇ ਗਦਰ ਦੀ ਤਾਰੀਖ ਜਲਦੀ ਨਿਸਚਿਤ ਨਾ ਕੀਤੀ ਗਈ ਤਾਂ ਫੇਰ ਅਸਾਂ ਤਾਰੀਖ ਦਾ ਐਲਾਨ ਆਪੇ ਕਰ ਦੇਣਾ ਹੈ।"

ਉਡੀਕ ਕਰਨੀ ਔਖੀ ਜਾਪਦੀ ਸੀ। ਉਤਾਵਲੇ-ਪਨ ਵਿਚ ਕਿਤੇ ਹਥਿਆਰ ਮਿਲਣ ਜਾਂ ਫੌਜੀ ਮਦਦ ਮਿਲਣ ਦੀ ਥੋੜੀ ਉਮੀਦ ਬਨਣ ਤੇ ਇਕ ਤੋਂ ਬਾਅਦ ਦੂਜੀ ਗਦਰ ਕਰਨ ਦੀ ਤਾਰੀਖ ਮਿੱਥੀ ਜਾਣ ਲੱਗੀ ਅਤੇ ਆਸ ਪੂਰੀ ਨਾ ਹੋਣ ਤੇ ਕੁਝ ਹੋਰ ਤੁਰਤ ਕਾਰ-ਵਾਈ ਕਰਨ ਦਾ ਫੈਸਲਾ ਹੋਣ ਲੱਗਾ - ਚਲੋ ਪਹਿਲਾਂ

ਕੋਈ ਥਾਣਾ ਜਾਂ ਕੋਈ ਖ਼ਜਾਨਾ ਲੁਟਿਆ ਜਾਵੇ। ਇਸ ਦੌਰਾਨ ਵਿਚ ਜੇ ਕਿਤੇ ਪੋਲੀਸ ਨੇ ਕਿਸੇ ਜਥੇ ਨੂੰ ਪੁਛ ਪੜਤਾਲ ਲਈ ਰੋਕ ਲਿਆ ਅਤੇ ਅਣਭਾਉਂਦਾ ਵਿਵਹਾਰ ਕੀਤਾ ਤਾਂ ਕਿਸੇ ਨੇ ਬੁਕਲ 'ਚੋਂ ਪਸਤੋਲ ਕਢ ਕੇ ਉਸ ਨੂੰ ਪਾਰ ਬੁਲਾਉਣ ਦੀ ਠਾਣੀ। ਫ਼ੀਰੋਜ਼ ਸ਼ਹਿਰ ਦੇ ਸਾਕੇ ਵਿਚ ਇਸੇ ਕਾਹਲ ਕਾਰਨ ਭਾਰੀ ਨੁਕਸਾਨ ਹੋਇਆ। ਹਥਿਆਰਾਂ ਦਾ ਪ੍ਰਬੰਧ ਨਾ ਹੋਇਆ ਤੇ ਪੈਸੇ ਦੀ ਥੁੜ ਮਹਿਸੂਸ ਹੋਈ ਤਾਂ ਡਾਕੇ ਮਾਰਨ ਦਾ ਫ਼ੈਸਲਾ ਕਰ ਲਿਆ। ਅਤੇ ਚੱਬੇ ਦੇ ਡਾਕੇ ਬਾਰੇ ਮੰਨਿਆ ਜਾਂਦਾ ਹੈ ਕਿ "ਦਰਅਸਲ ਇਹ ਡਾਕਾ ਪਾਰਟੀ ਨੂੰ ਲੈ ਲੱਥਾ।"

ਰਾਸ ਬਿਹਾਰੀ ਬੋਸ ਦੇ ਕਮਾਨ ਸੰਭਾਲਣ ਤੋਂ ਬਾਅਦ ਜਥੇਬੰਦੀ ਦੀ ਕੁਝ ਵਿਉਂਤ ਬਨਾਉਣ ਦਾ ਪ੍ਰਬੰਧ ਹੋਇਆ। ਇਸ ਦੇ ਕਾਰਕੁਨਾਂ ਨੇ ਬੜੀ ਬਹਾਦਰੀ ਅਤੇ ਹੌਸਲੇ ਨਾਲ ਬਹੁਤ ਸਾਰੀਆਂ ਫ਼ੌਜੀ ਛਾਉਣੀਆਂ ਵਿਚ ਜਾ ਕੇ ਪ੍ਰਚਾਰ ਕੀਤਾ ਅਤੇ ਆਪਣੀ ਦਲੇਰੀ ਦੀ ਮਿਸਾਲ ਦੇ ਸਦਕੇ ਕਾਫ਼ੀ ਸਿਪਾਹੀਆਂ ਨੂੰ ਗ਼ਦਰ ਵਿਚ ਸ਼ਾਮਲ ਹੋਣ ਲਈ ਤਿਆਰ ਕਰ ਲਿਆ। ਤਾਰੀਖ ਨਿਸ਼ਚਤ ਹੋ ਗਈ ਪਰ ਇਹ ਗਦਰ ਦੀ ਸਕੀਮ ਸਕੀਮ ਹੀ ਰਹਿ ਗਈ। ਛਾਪੇ ਪਏ, ਬਹੁਤ ਸਾਰੇ ਫੜੇ ਗਏ ਅਤੇ ਸਾਜ਼ਸ਼ ਦੇ ਦੋਸ਼ਾਂ ਵਿਚ ਬਹੁਤ ਵਡੀ ਗਿਣਤੀ ਵਿਚ ਗ਼ਦਰੀ ਫਾਂਸੀ ਲਾ ਕੇ ਸ਼ਹੀਦ ਕਰ ਦਿਤੇ ਗਏ। ਬਹੁਤਿਆਂ ਨੂੰ ਉਮਰ ਕੈਦ ਤੇ ਹੋਰ ਸਜ਼ਾਵਾਂ ਭੁਗਤਣੀਆਂ ਪਈਆਂ।

ਸਮਕਾਲੀ ਇਤਿਹਾਸਕ ਸੰਦਰਭ ਵਿਚ ਇਸ ਲਹਿਰ ਦੀ ਅਗਾਂਹਵਧੂ ਸਮਰਥਾ (potential) ਜ਼ਾਹਰ ਹੈ। ਇਸ ਨੇ ਪ੍ਰਵਾਸੀ ਹਿੰਦੁਸਤਾਨੀਆਂ ਦੀਆਂ ਜ਼ਾਤੀ ਰੰਜਸ਼ਾਂ ਨੂੰ ਦੇਸ਼ਵਾਸੀਆਂ ਦੇ ਸਮੂਹਕ ਰਾਜਨੀਤਿਕ ਹਿੱਤਾਂ ਦਾ ਰੂਪ ਦੇਣ, ਨਵੀਂ ਰਾਜਨੀਤਕ ਸੋਚ ਪੈਦਾ ਕਰਨ, ਦੇਸ਼ ਦੀ ਆਜ਼ਾਦੀ ਅਤੇ ਨਵੇਂ ਭਵਿਖ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਲੋਕ ਸੰਗਰਾਮ ਦੀ ਰਾਹ ਪੇਸ਼ ਕੀਤੀ। ਸਮਕਾਲੀਨ ਵਿਅਕਤੀਗਤ ਆਤੰਕਵਾਦ ਦੀ ਪਰੰਪਰਾ ਦੇ ਉਲਟ ਲੋਕਾਂ ਦੀ ਰਾਜਨੀਤਕ ਸੂਝ ਅਤੇ ਤਾਕਤ ਦੇ ਮਹੱਤਵ ਨੂੰ ਪਛਾਣਿਆ। ਹਜ਼ਾਰਾਂ ਦੀ ਗਿਣਤੀ ਵਿਚ ਇਹਨਾਂ ਮਜ਼ਦੂਰ ਕਿਸਾਨਾਂ ਦਾ ਆਪਣੇ ਆਪਣੇ ਕੰਮ ਕਾਜ ਛੱਡ ਕੇ, ਸਭ ਕੁਝ ਦੇਸ਼ ਦੇ ਲੇਖੇ ਲਾ ਕੇ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਤੁਰ ਆਉਣਾ ਇਸ ਲਹਿਰ ਦੇ ਗੈਰ-ਮਾਮੂਲੀ ਪ੍ਰਭਾਵ ਦਾ ਸਬੂਤ ਹੈ। ਜਿਹੜੇ ਵੀ ਗ਼ਦਰ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਏ ਉਹਨਾਂ ਦਾ ਕਾਇਆ ਪਲਟ ਹੋ ਗਿਆ। ਉਹਨਾਂ ਵਿਚ ਵਡੇ ਰਾਜਨੀਤਕ ਆਦਰਸ਼ਾਂ ਦੀ ਪਕੜ ਅਸਾਧਾਰਨ ਅਤੇ ਚਿਰ ਸਥਾਈ ਸੀ। ਕਰਤਾਰ ਸਿੰਘ ਸਰਾਭਾ ਵਾਂਗ ਕਾਫ਼ੀ ਦੇਸ਼ ਭਗਤ ਖਿੜੇ ਮਥੇ ਫਾਂਸੀ ਚੜ੍ਹ ਗਏ। ਜਿਨ੍ਹਾਂ ਉਮਰ ਕੈਦਾਂ ਜਾਂ ਹੋਰ ਸਜ਼ਾਵਾਂ ਭੋਗੀਆਂ ਉਹ ਪੋਲੀਸ ਅਤੇ ਜੇਲ੍ਹ ਜੀਵਨ ਦੀਆਂ ਯਾਤਨਾਵਾਂ ਨੂੰ ਬਹੁਤ ਹੌਸਲੇ ਨਾਲ ਝਲਦੇ ਰਹੇ। ਇੱਕੇ ਦੁੱਕੇ ਨੂੰ ਛੱਡ ਕੇ ਇਨ੍ਹਾਂ ਵਿਚੋਂ ਕੋਈ ਡੋਲਿਆ ਨਹੀਂ। ਇਹਨਾਂ ਦੀ ਮਰਯਾਦਾ ਅਤੇ ਲਹਿਰ ਲਈ ਤੇ ਇਕ ਦੂਜੇ ਲਈ ਵਫ਼ਾਦਾਰੀ ਵਿਆਪਕ ਗੁਣ ਸਨ। ਇਹ ਦੂਜੇ ਭਾਰਤੀਆਂ ਵਿਚ ਭਾਰੂ ਵਿਤਕਰਿਆਂ, ਧਰਮ, ਜ਼ਾਤ ਪਾਤ, ਅਤੇ ਹੋਰ ਪ੍ਰਕਾਰ ਦੀਆਂ ਤੰਗ ਦਿਲੀਆਂ ਤੋਂ ਆਜ਼ਾਦ ਰਹੇ ਅਤੇ ਵਡੇ ਤੋਂ ਵਡੇ ਫ਼ਿਰਕੂ ਝੱਖੜਾਂ ਵੇਲੇ ਵੀ ਅਡੋਲ ਅਤੇ ਇਹਨਾਂ ਸੰਕੀਰਣਤਾਵਾਂ ਤੋਂ ਉਪਰ ਰਹੇ।

ਇਸ ਦੇ ਨਾਲ ਹੀ ਇਹ ਵੀ ਸਪਸ਼ਟ ਹੈ ਕਿ ਲੋੜੀਂਦੀ ਰਾਜਨੀਤਕ ਸੋਧ ਅਤੇ ਲੀਡਰਸ਼ਿਪ ਦੀ ਘਾਟ ਨੇ ਇਸ ਨੂੰ ਸਿਰਫ਼ ਕੁਰਬਾਨੀਆਂ ਦੇਣ ਦੀ ਰਾਹ ਤੇ ਤੋਰ ਦਿਤਾ। ਜਿਵੇਂ ਜਿਵੇਂ ਇਸ ਵਿਚਾਰਧਾਰਾ ਦੀ ਪਕੜ ਵਧੀ, ਭਾਵੁਕਤਾ ਤੇ ਆਪਮੁਹਾਰਾਤਤਾ ਹਾਵੀ ਹੁੰਦੇ ਗਏ। ਇਹੋ ਪੱਖ ਇਸ ਲਹਿਰ ਦੀ ਤਕੜਾਈ ਵੀ ਸੀ ਅਤੇ ਕਮਜ਼ੋਰੀ ਵੀ। ਜਿਥੇ ਜਾਨ ਦੀ ਬਾਜ਼ੀ ਲਗਾਉਣ ਦੀ ਤਿਆਰੀ ਹੀ ਇਨਕਲਾਬੀ ਜਜ਼ਬੇ ਦਾ ਸਭ ਤੋਂ ਵਡਾ ਮਾਪਦੰਡ ਬਣ ਜਾਵੇ ਉਥੇ ਇਸ ਉਲਾਰ ਨੂੰ ਠੱਲ੍ਹ ਪਾ ਕੇ ਚਿੰਤਨ, ਸਿਧਾਂਤ, ਯੋਜਨਾ ਅਤੇ ਜਥੇਬੰਦੀ ਦੀਆਂ ਲੋੜਾਂ ਦੀ ਸਲਾਹ ਦੇਣ ਵਾਲਾ ਡਰਪੋਕ ਗਿਣਿਆ ਜਾਂਦਾ ਹੈ। ਅਜਿਹੇ ਮਾਹੌਲ ਵਿਚ ਉਹ ਨੇਤਾ ਹੀ ਟਿਕ ਸਕਦੇ ਸਨ ਜਿਹੜੇ ਇਸੇ ਰੌਂ ਵਿਚ ਅਗੇ ਤੁਰ ਸਕਣ। ਲੀਡਰ-ਸ਼ਿਪ ਇਨਕਲਾਬ ਦੇ ਕਠਨ ਕਾਰਜਾਂ ਨੂੰ ਨਜਿੱਠਣ ਯੋਗ ਨਹੀਂ ਰਹਿੰਦੀ।

ਵਿਚਾਰਧਾਰਾ ਦੀ ਜਕੜ ਅਤੇ ਜਥੇਬੰਦੀ ਦੀਆਂ ਲੋੜਾਂ ਦਾ ਟਾਕਰਾ, ਵਸਤੂਗਤ ਪੱਖਾਂ (factors) ਅਤੇ ਵਿਸ਼ੇਗਤ ਤੱਤਾਂ (subjective elements) ਦਾ ਪ੍ਰਸਪਰ ਤਨਾਓ, ਹਰ ਇਨਕਲਾਬੀ ਲੋਕ ਲਹਿਰ ਦੀ ਸਮੱਸਿਆ ਹੁੰਦੇ ਹਨ। ਕੇਵਲ ਵਸਤੂਗਤ ਹਾਲਾਤ ਦੀ ਪਕਿਆਈ ਆਉਣ ਦੀ ਉਡੀਕ ਕਰਨ ਵਾਲੇ, ਸਿਧਾਂਤਕ ਪਕਿਆਈ ਅਤੇ ਜਥੇਬੰਦੀ ਦੇ ਸਨਕੀ ਨੇਤਾ ਲੋਕ

ਲਹਿਰ ਨੂੰ ਪੰਗੂ ਬਣਾ ਦੇਂਦੇ ਹਨ ਅਤੇ ਕਈ ਵਾਰੀ ਕੁਝ ਵੀ ਕਰਨ ਜੋਗੇ ਨਹੀਂ ਰਹਿੰਦੇ। ਲੋਕਾਂ ਦੀਆਂ ਰੰਜਸ਼ਾਂ ਅਤੇ ਉਭਰੇ ਜਜ਼ਬਾਤ ਨੂੰ ਸਹੀ ਸੇਧ ਦੇਣ ਵਾਲੀ ਲੋਕ ਲਹਿਰ ਦੀ ਘਾਟ ਵਿਚੋਂ ਹੌਸਲਾ-ਪਸਤੀ ਦੀ ਅੱਤਕ-ਵਾਦੀ ਕਾਰਵਾਈ ਨੂੰ ਜਾਇਜ਼ ਕਰਾਰ ਦੇਣ ਦੀ ਬਿਰਤੀ ਦਾ ਸ਼ਿਕਾਰ ਹੋ ਜਾਂਦੀ ਹੈ। ਇਸ ਦੇ ਉਲਟ, ਜਿਵੇਂ ਗ਼ਦਰ ਲਹਿਰ ਵਿਚ ਹੋਇਆ, ਦਲੇਰੀ ਅਤੇ ਆਪਾ ਵਰਣ ਦੇ ਜਜ਼ਬਾਤੀ ਉਭਾਰ ਨਾਲ ਲਹਿਰ ਦਾ ਫੈਲਾਅ ਤਾਂ ਤੇਜ਼ੀ ਨਾਲ ਹੋਇਆ, ਪਰ ਇਸ ਦੇ ਨਾਲ ਨਾਲ ਮੌਜੂਦਾ ਇਨਕਲਾਬੀ ਸਮਰੱਥਾ ਨੂੰ ਲੋੜੀਂਦੇ ਉਦੇਸ਼ ਲਈ ਜਥੇਬੰਦ ਅਤੇ ਤਿਆਰ ਫ਼ੌਜ ਦਾ ਰੂਪ ਦੇਣ ਦਾ ਕੰਮ ਮੁਖ ਨਹੀਂ ਰਹਿੰਦਾ। ਫੈਲਾਅ ਨੂੰ ਵੇਖ ਕੇ ਨੇਤਾਵਾਂ ਵਿਚ ਇਹ ਖ਼ੁਸ਼-ਫ਼ਹਿਮੀ ਬਣ ਜਾਂਦੀ ਹੈ ਕਿ ਬਸ ਇਨਕਲਾਬ ਆਇਆ ਕਿ ਆਇਆ,। ਪਰ ਜਦੋਂ ਕਾਰਵਾਈ ਦਾ ਅਸਲ ਵੇਲਾ ਆਉਂਦਾ ਹੈ ਤਾਂ ਸਿੱਧਾਂਤ, ਯੋਜਨਾ, ਜਥੇਬੰਦੀ ਨਾ ਹੋਣ ਕਾਰਨ ਤਦਅਰਥਤਾ, ਜੋ ਸੰਭਵ ਹੋਵੇ, ਬਹਾਦਰੀ ਦਾ ਕਾਰਨਾਮਾ ਕਰ ਗੁਜ਼ਰਨ ਦੀ ਰੀਝ ਹਾਵੀ ਹੋਣ ਕਾਰਨ, ਮੁਖ ਨਿਸ਼ਾਨਾ ਅੱਖੋਂ ਓਹਲੇ ਹੋ ਜਾਂਦਾ ਹੈ। ਇਸ ਦਾ ਬਦਲ ਕੁਰਬਾਨੀ ਦੇਣਾ ਰਹਿ ਜਾਂਦਾ ਹੈ। ਸਭ ਤੋਂ ਵਡੀ ਕਮਜ਼ੋਰੀ ਇਹ ਹੁੰਦੀ ਹੈ ਕਿ ਇਸ ਪੈਦਾ ਹੋਈ ਸੰਕੀਰਣਤਾ ਦਾ ਅਹਿਸਾਸ ਵੀ ਖ਼ਤਮ ਹੋ ਗਿਆ ਹੁੰਦਾ ਹੈ। ਇਸ ਸਦੀ ਦੇ ਸ਼ੁਰੂ ਵਿਚ ਲੈਨਿਨ ਨੇ ਆਪਣੇ ਮਸ਼ਹੂਰ ਲੇਖ **ਕੀ ਕਰਨਾ ਲੋੜੀਏ : ਸਾਡੀ ਲਹਿਰ ਦਾ ਭਖ਼ਦਾ ਸੁਆਲ** ਵਿਚ ਉਸ ਵੇਲੇ ਦੀ ਆਪਮੁਹਾਰਤਾ ਦੇ ਖ਼ਿਲਾਫ਼ ਜਹਾਦ ਕਰਦਿਆਂ ਜੋ ਲਿਖਿਆ ਸੀ ਉਹ ਗ਼ਦਰ ਲਹਿਰ ਦੇ ਵਿਸ਼ਲੇਸ਼ਣ ਲਈ ਵੀ ਬਹੁਤ ਲਾਹੇਵੰਦ ਹੈ। ਉਸ ਦੀ ਚੇਤਾਵਨੀ ਇਸ ਤਰ੍ਹਾਂ ਸੀ :

> "ਤਾਂ ਵੀ ਜਥੇਬੰਦੀ ਦੇ ਆਪਮੁਹਾਰਾ ਵਿਕਾਸ ਕਰ ਰਹੇ ਰੂਪਾਂ ਦੀ ਦਾਸਤਾ, ਸਾਡੇ ਜਥੇਬੰਦਕ ਕੰਮ ਦੇ, ਇਸ ਸਭ ਤੋ ਮਹਤਵਪੂਰਨ ਖੇਤਰ ਵਿਚ ਸਾਡੇ "ਦਸਤਕਾਰੀ" ਢੰਗਾਂ ਦੇ ਸੋੜੇਪਣ ਅਤੇ ਕਚਘਰੜਪੁਣੇ ਨੂੰਮਹਿਸੂਸ ਕਰਨ ਤੋਂ ਅਸਫਲ ਰਹਿਣਾ, ਮੈਂ ਕਹਿੰਦਾ ਹਾਂ, ਇਹ ਮਹਿਸੂਸ ਕਰਨ ਤੋਂ ਅਸਫ਼ਲ ਰਹਿਣਾ ਇਕ ਅਸਲੀ ਬੀਮਾਰੀ ਹੈ, ਜਿਹੜੀ ਸਾਡੀ ਲਹਿਰ ਨੂੰ ਲੱਗੀ ਹੋਈ ਹੈ। ਇਹ ਐਸੀ ਬੀਮਾਰੀ ਨਹੀਂ ਜਿਹੜੀ ਪਤਣ ਨਾਲ ਲਗਦੀ ਹੈ ਸਗੋਂ ਬੇਸ਼ਕ, ਐਸੀ ਬੀਮਾਰੀ ਹੈ ਜਿਹੜੀ ਵਾਧੇ ਨਾਲ ਲਗਦੀ ਹੈ। ਪਰ ਇਹ ਹੁਣ ਦਾ ਸਮਾਂ ਹੀ ਹੈ, ਜਦੋਂ ਆਪਮੁਹਾਰੇ ਰੋਹ ਦੀ ਲਹਿਰ, ਇਕ ਤਰ੍ਹਾਂ ਨਾਲ, ਅਸਾਂ ਲਹਿਰ ਦੇ ਆਗੂਆਂ ਅਤੇ ਜਥੇਬੰਦਕਾਂ, ਉਪਰੋ ਦੀ ਹੁੰਝਦੀ ਹੋਈ ਲੰਘ ਰਹੀ ਹੈ, ਕਿ ਪਛੜੇਪਣ ਦੀ ਸਾਰੀ ਵਕਾਲਤ ਦੇ ਖਿਲਾਫ਼, ਇਸ ਮਾਮਲੇ ਵਿਚ ਸੋੜਪਣ ਨੂੰ ਕਿਸੇ ਤਰ੍ਹਾਂ ਵੀ ਕਾਨੂੰਨੀ ਰੂਪ ਦੇਣ ਦੇ ਖਿਲਾਫ਼ ਦਰਿੜ੍ਹ ਘੋਲ ਚਲਾਇਆ ਜਾਣਾ ਚਾਹੀਦਾ ਹੈ। ਉਹਨਾਂ ਸਾਰਿਆਂ ਵਿੱਚ, ਜਿਹੜੇ ਅਮਲੀ ਕੰਮ ਵਿਚ ਹਿੱਸਾ ਲੈ ਰਹੇ ਹਨ ਜਾਂ ਇਹ ਕੰਮ ਹੱਥ ਲੈਣ ਲਈ ਤਿਆਰ ਹੋ ਰਹੇ ਹਨ, ਸਾਡੇ ਵਿਚਕਾਰ ਪਾਏ ਜਾਂਦੇ ਸਿਖਾਂਦਰੂਪੁਣੇ ਨਾਲ ਅਸੰਤੋਖ, ਅਤੇ ਇਸ ਤੋਂ ਆਪਣਾ ਛੁਟਕਾਰਾ ਕਰਾਉਣ ਲਈ ਅਹਿੱਲ ਦਰਿੜ੍ਹਤਾ ਪੈਦਾ ਕਰਨਾ ਖਾਸ ਕਰਕੇ ਜ਼ਰੂਰੀ ਹੈ।" (ਸਫ਼ਾ, 128)

ਆਪਮੁਹਾਰਤਾ ਤੋਂ ਪਤਾ ਚਲਦਾ ਹੈ ਕਿ ਚੇਤਨਾ ਹਾਲੀ ਮੁਢਲੇ ਰੂਪ ਵਿਚ ਹੈ। ਇਸ ਨੂੰ ਚੇਤਨ ਇਨਕਲਾਬੀ ਰਾਜਨੀਤਕ ਤਾਕਤ ਵਿਚ ਬਦਲਣ ਲਈ ਇਸ ਦੇ ਆਗੂਆਂ ਵਲੋਂ ਸੰਬੰਧਿਤ ਵਿਚਾਰਧਾਰਕ ਰਾਜ-ਨੀਤਕ ਘੋਲ ਦੀ ਲੋੜ ਹੈ। ਗ਼ਦਰ ਪਾਰਟੀ ਦੇ ਨੇਤਾਵਾਂ ਨੇ ਆਪਣੀ ਲਹਿਰ ਦੀਆਂ ਬੁਨਿਆਦੀ ਕਮਜ਼ੋਰੀਆਂ ਅਤੇ ਇਸਦੀਆਂ ਮਨੋਵਿਰਤੀਆਂ ਦੇ ਖ਼ਿਆਫ਼ ਕੋਈ ਜਹਾਦ ਤਾਂ ਨਹੀਂ ਕੀਤਾ। ਪਰ 1922 ਤੋਂ ਬਾਦ ਇਸ ਸੰਗ੍ਰਾਮ ਦੀ ਲਾਈਨ ਨੂੰ ਬਦਲ ਲਿਆ — ਇਸ ਨੇ ਪੰਜਾਬ ਵਿੱਚ ਕਿਰਤੀ ਕਿਸਾਨ ਲਹਿਰ ਦਾ ਰੂਪ ਧਾਰਨ ਕੀਤਾ – ਸੋਚ, ਨਜ਼ਰੀਆ, ਸਿੱਧਾਂਤ, ਕਾਰਜ਼ ਜਥੇਬੰਦੀ ਸਭ ਪਾਸੇ ਤਬਦੀਲੀ ਲਿਆਉਣ ਦੀ ਲੋੜ ਨੂੰ ਮਹਿਸੂਸ ਕੀਤਾ।

ਪਰ ਵਿਅੰਗ ਇਹ ਹੈ ਕਿ ਬਾਕੀਆਂ ਨੂੰ ਤਾਂ ਛੱਡੋ, ਮਾਰਕਸਵਾਦੀ ਲਿਖਾਰੀਆਂ ਅਤੇ ਬੁਧੀਜੀਵੀਆਂ ਨੇ ਵੀ ਜਦੋਂ ਕਿਤੇ ਗ਼ਦਰ ਲਹਿਰ ਦਾ ਵਿਸ਼ਲੇਸ਼ਣ ਕੀਤਾ ਤਾਂ ਉਸ ਵਿਚਲੀ ਬੁਨਿਆਦੀ ਘਾਟ ਦੀ ਉਪਜ ਤੇ ਅਲਾਮਤ – ਮਾਰਕੇਬਾਜ਼ੀ, ਆਪਮੁਹਾਰਤਾ ਅਤੇ ਸ਼ਹੀ-ਦੀਆਂ ਨੂੰ ਵਧਾ ਚੜ੍ਹਾ ਕੇ ਦੱਸਣ ਤੇ ਹੀ ਜ਼ੋਰ ਪਾਇਆ। ਜਦੋਂ ਇਸ ਲਹਿਰ ਦੀ ਅਸਫਲਤਾ ਦਾ ਵਿਸ਼ਲੇਸ਼ਣ ਕਰਨ ਤੇ ਆਏ ਤਾਂ ਫੇਰ ਸਭ ਤੋਂ ਵੱਡਾ ਇਕੋ ਕਾਰਨ ਲੱਭਾ ਕਿ "ਮੁਖਬਰ ਮਾਰ ਗਿਆ।" ਘਰ ਦੇ ਭੇਤੀ ਨੇ

(ਅੱਗੇ ਪੜ੍ਹੋ ਸਫ਼ਾ 15 ਦੇ ਥੱਲੇ)

ਦਰਸ਼ਨ ਖਟਕੜ

□

# ਸਰਕਾਰ ਦੀ ਤਲਾਸ਼

ਉਂਜ ਸਰਕਾਰ ਤਾਂ ਵੱਡੀ ਚੀਜ਼ ਹੈ ਹੁੰਦੀ
ਬਾਘ ਜਿਹੀ ਤੇ ਸ਼ੇਰ ਜਿਹੀ
ਮਾਸਖੋਰੀ, ਜੋ ਬੁੱਕਦੀ ਫਿਰਦੀ
ਕਦਮ ਕਦਮ ਤੇ ਦਹਿਲ ਪਾਉਂਦੀ।
ਪਰ ਸਮਿਆਂ ਦੀ ਚਾਬਕ ਮੋਹਰੇ
ਰੋਹ ਦੇ ਗੱਜਦੇ ਬੱਦਲਾਂ ਸੌਂਹੇ
ਬਣ ਖਰਗੋਸ਼ ਵੀ ਨੱਠਦੀ ਦਿੱਸੇ
ਨਜ਼ਰੋਂ ਓਝਲ ਹੋ ਹੋ ਜਾਵੇ।

ਬਹੁਤ ਪੈਂਡਾ ਕਰ ਆਏ ਪੇਂਡੂ 'ਗੁਆਰ'
ਬਰਛੇ ਵਾਲਾ ਡਾਕੀਆ ਆ ਧਮਕਦਾ ਸੀ ਕਦੇ
ਛਿੱਟੇ ਹੋਏ ਬੋਤੇ ਦੇ ਵਾਂਗੂੰ।
ਉਹ ਇਸ 'ਸਰਕਾਰ' ਦੇ ਕੋਲੋਂ
ਅੱਖ ਬਚਾਕੇ ਇਉਂ ਲੰਘ ਜਾਂਦੇ
ਲੰਘਦਾ ਕੋਈ ਜੀਕਣ ਮਾਰਖੁੰਡੇ ਪਸ਼ੂ ਦੇ ਕੋਲੋਂ।

ਉਹ ਬਾਬੂ ਟੇਸ਼ਣ ਤੇ ਜਿਹੜੇ ਗਾਡ-ਗੱਡੀ ਦੇ
ਰੱਬ ਦੇ ਹੁਕਮ ਵਰਗੇ ਹੁਕਮ 'ਚ ਚੱਲਦੇ ਲੱਗਦੇ
ਰਹੇ ਸਮਝਦੇ,
ਸੂਕਦੇ ਇੰਜਣ, ਦੌੜਨ ਗੱਡੀਆਂ।
'ਇਹ ਸਰਕਾਰ ਦੇ ਕੰਮ ਤਾਂ ਬਾਬਾ
ਜੀਣ-ਮਰਨ ਦੇ ਨੇਮਾਂ ਵਰਗੇ ਪੱਕੇ ਹੁੰਦੇ।'

ਅੱਜ ਕਿਸੇ ਚਿੰਤਾ ਫਿਕਰ ਦੇ ਵਾਂਗੂੰ
ਪਿੰਡ ਨਹੀਂ ਹੈ ਡਾਕੀਆ ਆਇਆ,
ਬਿਨਾਂ ਮਿਲਾਵਟ ਵਸਤਾਂ ਦੇ
ਮੰਡੀ ਵਿਚ ਨਾ ਆਉਣੇ ਵਾਂਗੂੰ
ਗੱਡੀ ਨਹੀਂ ਪਟੜੀ ਤੇ ਆਈ,
ਤਾਂ ਬਾਬੂ ਟੇਸ਼ਣ ਦੇ
ਤੇ ਗਾਡ ਗੱਡੀ ਦੇ,
ਜਿਨਾਂ ਦੇ ਚਿਹਰਿਆਂ ਨਾਲੋਂ
ਬਰਦੀਆਂ ਦੇ ਵੱਧ ਇਹ ਜਾਣੂੰ ਰਹੇ
ਅੱਜ ਕਿਸੇ ਹੁਕਮ ਦੇ ਗੋਲੇ ਨਹੀਂ ਲੱਗੇ।
ਤਦੇ ਤਾਂ ਆਖ ਉਠੇ ਨੇ ਇਹ :
'ਇਹ ਤਾਂ ਫਿਰ ਸਰਕਾਰ ਨਾ ਹੋਏ।'

ਖੇਤਾਂ ਦੇ ਬੰਨਿਆਂ ਨੂੰ ਬੰਨਦੀ, ਪੁੱਟਦੀ
ਨਾਲ ਜ਼ਰੀਬਾਂ ਰਕਬੇ ਮਿਣਦੀ
ਜੋ ਪਟਵਾਰੀ-ਘਰ ਵਿੱਚ ਰਹਿੰਦੀ
ਉਸ "ਸਰਕਾਰ" ਨੂੰ ਲੱਖ ਸਲਾਮਾਂ ਕਰਦੇ ਆਏ
ਡਰਦੇ ਆਏ,
ਪਰ ਅੱਜ ਖਾਲੀ ਪਰਤੇ ਜਦ ਪਟਵਾਰ-ਖਾਨਿਓਂ
ਕਹਿਣ ਵਡਾਰੂ :
"ਮੜ੍ਹੇ ਮੁਜ਼ਾਰੇ ਲਈ ਕਿੱਧਰੇ ਹੈ ਗਿਆ ਪਟਵਾਰੀ
ਰੌਲ਼ਾ ਕੋਈ ਸਰਕਾਰ ਵਿਰੁਧ ਆ ...।

ਹੱਕ ਨਹੱਕ ਦਾ ਕਰਨ ਨਿਤਾਰਾ
ਬੜੇ ਸ਼ਹਿਰ ਦੀ ਬੜੀ ਕਚਹਿਰੀ,
ਜਿਹੜੇ 'ਸਾਹਬ'
ਉੱਪਰਲੀ 'ਸਰਕਾਰ' ਸਦਾਏ,
ਰਾਜਧਾਨੀ ਦੀਆਂ ਸੜਕਾਂ ਉੱਪਰ ਨਿਕਲ ਆਏ
ਹੱਕ ਨਹੱਕ ਦਾ ਲੈਣ ਲਈ ਨਿਰਣਾ।

ਤਦ ਹੀ ਹੁਣ ਉਹ ਆ ਕੇ ਦੱਸਣ :
ਇਹ ਵੀ ਫਿਰ ਸਰਕਾਰ ਨਾ ਹੋਏ... ।'

ਲਾਹਣ ਦੀ ਘੁੱਟ' ਤੇ ਆ ਧਮਕੇ
ਜਾਂ ਮੇਲੇ ਵਿੱਚ
ਕੋੜੀ ਅੱਖ ਦਾ ਪਿੱਛਾ ਕਰਦੀ
ਕਿਸੇ ਜਲੂਸ, ਮੁਜ਼ਾਹਰੇ ਦੇ ਰਾਹ
ਭੈਅ ਦੇ ਕੰਡੇ ਆਣ ਖਿਲਾਰੇ
ਉੱਲਰਦੀਆਂ ਬਾਹਾਂ ਨੂੰ ਕੁੱਟਦੀ
ਛੱਲੀਆਂ ਵਾਂਗੂ ;
ਜਿਸ ਦੀ ਜੀਭ 'ਤੇ ਗਾਲ੍ਹਾਂ ਉੱਗਣ
ਜੀਕਣ ਖੁੰਭਾਂ ਢੇਰਾਂ ਉਪਰ ਵਰਖਾ-ਰੁੱਤੇ,
ਛਾਪੇ ਦੇ ਦਿਨ ਕੰਨੋਂ-ਕੰਨੀਂ ਕਹਿਣ ਔਰਤਾਂ
'ਕਾਲੇ ਮੂੰਹਾਂ ਵਾਲੇ ਨਾਕੇ ਮੱਲ ਖੜੇ ਆ ।'
ਤੇ ਸਭ ਆਖਣ :
'ਇਹ ਸਰਕਾਰ ਤਾਂ ਜੀਂਦਾ-ਜਮ ਆਂ ।'
ਪਰ ਅਜ ਅੱਖੀਂ ਵੇਖ ਅਚੰਭਾ ਸ਼ਹਿਰੋਂ ਆਏ,
ਖਾਕੀ ਵਰਦੀ, ਲਾਲ, ਨੀਲੀਆਂ ਪੱਗਾਂ,
ਲੰਬੀਆਂ ਲੰਬੀਆਂ ਡਾਰਾਂ ਬੰਨ੍ਹੀਂ,
ਚੁੱਕਣ ਮੁੱਕੇ, ਬੋਲ ਵੀ ਉੱਚੇ,
ਸਾਗਰ ਦੀ ਇਕ ਛੱਲ ਦੇ ਵਾਂਗੂ
ਜ਼ਿੰਦਾਬਾਦ ਤੇ ਮੁਰਦਾਬਾਦ ਦੇ ਨਾਹਰੇ ਨਾਹਰੇ ।
ਇਹ 'ਸਰਕਾਰ' ਸੰਭਾਲਣ ਦੇ ਲਈ,
ਇਕ ਦੂਜੀ 'ਸਰਕਾਰ' ਆ ਜਾਵੇ ।

ਇਸ ਨੂੰ ਬੰਨ੍ਹੀਂ ਜੇਲ੍ਹਾਂ ਦੇ ਵਲ ਧੂਹੀ ਜਾਵੇ ।
ਏਸ ਅਚੰਭੇ ਦੇ ਵਿਚ ਖੁੱਭੇ
ਸੱਥਾਂ ਵਿੱਚ ਆ ਪਰਦਾ ਚੁੱਕਣ ;
'ਇਹ ਵੀ ਫਿਰ ਸਰਕਾਰ ਨਾ ਹੋਏ -।'
ਫ਼ੌਜ ਜਿਹੀ ਸਰਹੱਦਾਂ ਦੀ
ਜਿਸ ਨੂੰ ਰਾਖੀ ਕਰਦੇ ਕਹਿੰਦੇ
ਇਕ ਸਿਪਾਹੀ ਉਸ ਦਾ ਲਿਖਦਾ :
"ਹੋਸ਼ ਵਿਚ ਸਰਕਾਰ ਆ ਜਾਵੇ
ਅਸੀਂ ਸਿਪਾਹੀ ਨਹੀਂ ਔਰਤਾਂ
ਸਾਹਬਾਂ ਦੇ ਘਰ ਸੰਭਾਲਣ ਲਈ
ਤੇ ਬੱਚੇ ਪਾਲਣ ਲਈ ।"

ਖ਼ਬਰ ਇਹ ਪੜ੍ਹ ਜਦ ਪਿੰਡ ਸੁਣਾਈਏ
ਭਊਂ ਚਾੜ੍ਹਨ, ਅੱਗੇ-ਪਿੱਛੇ ਸਿਰ ਹਿੱਲੇ,
ਧਰਤ ਖੁਰਚ ਕੇ ਪੈਰਾਂ ਦੇ ਸੰਗ,
ਆਪਣਾ ਧੰਧਾ ਸੌਂਹੇ ਧਰਦੇ
'ਇਹ ਵੀ ਤਾਂ ਸਰਕਾਰ ਨਹੀਂ ਫਿਰ...।'
ਜੀਭ ਤੋਂ ਧੱਕਦੇ ਇਹ ਪੁੱਛ ਅਗੇ,
"ਹਾਂ ਬਈ ਮੁੰਡਿਓ
ਤੇ ਬਾਕੀ ਸਰਕਾਰ ਆ ਕਿਹੜੀ
ਕਿਥੇ ਰਹਿੰਦੀ ?"
ਉਂਜ ਤਾਂ ਸਰਕਾਰ ਵੱਡੀ ਚੀਜ਼ ਹੈ ਹੁੰਦੀ,
ਬਾਘ ਜਿਹੀ ਤੇ ਸ਼ੇਰ ਜਿਹੀ
ਮਾਸਖ਼ੋਰੀ ਜੋ ਬੁੱਕਦੀ ਫਿਰਦੀ,
ਕਦਮ ਕਦਮ ਤੇ ਦਹਿਲ ਪਾਉਂਦੀ,
ਪਰ ਸਮਿਆਂ ਦੀ ਚਾਬਕ ਮੋਹਰੇ,
ਰੋਹ ਦੇ ਗੱਜਦੇ ਬੱਦਲਾਂ ਅੱਗੇ
ਬਣ ਖਰਗੋਸ਼ ਵੀ ਨੱਚਦੀ ਦਿੱਸੇ
ਨਜ਼ਰੋਂ ਓਝਲ ਹੋ ਹੋ ਜਾਵੇ । □

---

ਸਫਾ 13 ਦੀ ਬਾਕੀ

ਲੰਕਾ ਢਾਉਣ ਦੀ ਵਿਉਤ ਬਨਾ ਦਿੱਤੀ । ਇਹ ਇਸੇ ਤਰ੍ਹਾਂ ਦੀ ਸੋਚਣੀ ਸੀ ਜਿਸ ਨੇ ਬਬਰ ਅਕਾਲੀ ਲਹਿਰ ਦਾ ਮੁਖ ਮੰਤਵ ਦੇਸ਼ਘਾਤੀਆਂ, ਮੁਖਬਰਾਂ ਨੂੰ ਸਿਝਣਾਂ ਹੀ ਬਣਾ ਦਿਤਾ ਸੀ ।

ਦੇਸ਼ ਭਗਤਾਂ ਦੀ ਕੁਰਬਾਨੀਆਂ ਤੋਂ ਪ੍ਰੇਰਣਾ ਲੈਣੀ ਗ਼ਲਤ ਨਹੀਂ ਪਰ ਦਲੇਰੀ, ਬਹਾਦਰੀ ਸ਼ਹੀਦੀ ਨੂੰ ਇਨਕਲਾਬੀ ਲਹਿਰ ਦਾ ਕੇਂਦਰੀ ਤੱਤ ਮਨਣਾ ਤੇ ਉਸੇ ਨੂੰ ਉਭਾਰਨਾ – ਇਤਿਹਾਸ ਵੱਲ ਇਹ ਇਕ ਆਦਰਸ਼-ਵਾਦੀ ਨਜ਼ਰੀਆ –– ਸਿਰਫ਼ ਇਤਿਹਾਸ ਨੂੰ ਸਮਝਣ ਲਈ ਬਹੁਤ ਗ਼ਲਤ ਨਜ਼ਰੀਆ ਹੀ ਨਹੀਂ ਇਸਦੀਆਂ ਗੁੱਝੇ ਅਰਥ (Implications) ਬਹੁਤ ਖਤਰਨਾਕ ਕਿਸਮ ਦੇ ਹੁੰਦੇ ਹਨ । ਇਹ ਵਾਸਤਵ ਵਿੱਚ, ਸਿਧਾਂਤ ਚਿੰਤਨ ਵਿਰੋਧੀ ਮਾਰਕੇਬਾਜ਼ੀ, ਇਨਕਲਾਬੀ ਉਤਾਵਲੇਪਨ ਦਾ ਸਮਰਥਨ ਹੀ ਹੈ । ਇਸ ਸ਼ੌਕੀਆਪਨ ਦੇ ਵਿਰੁਧ ਜਦੋਂ ਜਹਿਦ ਦੀ ਲੋੜ ਹੈ ।

□

ਸਬਿੰਦਰਜੀਤ ਸਾਗਰ

□

# ਪੂਰੇ ਆਦਮੀ

ਮੈਂ ਉਸ ਨੂੰ ਤੱਕਿਆ ਹੈ
ਹਰ ਥਾਂ 'ਤੇ
ਰਾਸ਼ਨ ਦੀ ਲੰਮੀ ਲਾਈਨ 'ਚ ਖਲੋਤੇ
ਮਸ਼ੀਨ ਨਾਲ ਮਸ਼ੀਨ ਹੋਏ
ਮਿੱਟੀ ਨਾਲ ਮਿੱਟੀ
ਹੜਤਾਲੀਆਂ ਦੇ ਨਾਰ੍ਹਿਆਂ ਵਿਚ ਗੁਆਚੇ
ਮੈਂ ਹਰ ਥਾਂ 'ਤੇ ਤੱਕਿਆ ਹੈ।

ਆਪਣੇ ਕਮਰੇ ਦੀ ਧੁਆਂਖੀ ਕੰਧ ਬਾਰੇ
ਉਹ ਨਹੀਂ ਜਾਣਦਾ
ਮੀਂਹ ਵਰ੍ਹਣ ਤੇ
ਚੋਂਦੀ ਕਿਉਂ ਹੈ ਛੱਤ ਉਸਦੀ ?
ਉਸ ਦਾ ਹੱਥ ਛੂਹ ਸਕਦਾ ਹੈ ਛੱਤ
ਉਹ ਨਹੀਂ ਜਾਣਦਾ।
ਉਸ ਨੂੰ ਸਿਰਫ ਐਨੀ ਕੁ ਸੋਝੀ ਹੈ
ਅੱਗ ਚੁਲ੍ਹੇ ਦੀ
ਕਿਵੇਂ ਰੱਖੀਦੀ ਹੈ ਸੁਲਘਦੀ ?
ਸੂਝ ਦੀ ਪਹੁੰਚ ਤੋਂ ਊਣਾ ਉਹ
ਆਉਣ ਵਾਲੀਆਂ ਸਦੀਆਂ ਦੇ
ਪਛਾਣ ਸਕਦਾ ਹੈ ਨਕਸ਼
ਉਹ ਸਿਰਫ ਉਹ ਹੈ
ਉਹ ਜੋ ਸਿਰਫ ਆਪਣੇ ਲਈ ਨਹੀਂ
ਪਰ ਉਹ ਇਕੱਲਾ ਨਹੀਂ।

ਨਹੀਂ ਬਨਾਉਣੇ ਹੋਰ ਆਪਣੇ ਚੁਫੇਰੇ
ਖ਼ਿਆਲਾਂ ਦੇ ਦਾਇਰੇ
ਕਿਤਾਬਾਂ 'ਚੋਂ ਕੱਢ ਕੇ ਸਿਰ ਆਪਣਾ
ਤੇ ਲਾਕੇ ਐਨਕ ਅੱਖਾਂ 'ਤੇ
ਗਲੀਆਂ 'ਚ ਉਤਰ ਜਾਣੀਆਂ ਹਨ
ਜਾਣ ਲਈ
ਗਲੀਆਂ, ਸੜਕਾਂ ਤੇ ਬਸਤੀ ਦੇ ਰਾਹਾਂ 'ਤੇ।

ਆਪਣਿਆਂ ਹੱਥਾਂ 'ਚ ਲੈ ਕੇ
ਉਸ ਦੇ ਖੁਰਦਰੇ,
ਬਦਬੂ ਮਾਰਦੇ ਗੰਦੇ ਹੱਥਾਂ ਨੂੰ
ਮੈਂ ਉਸ ਦੇ ਹੋਰ ਨੇੜੇ ਸਰਕ ਆਵਾਂਗਾ
ਸੁਨਹਿਰੀ ਭਵਿੱਖ ਦੀ ਲਲਕ
ਜੋੜਾਂਗੇ ਉਸ ਦੇ ਪੈਰਾਂ, ਉਸ ਦੇ ਹਥਾਂ ਨਾਲ
ਅਸੀਂ ਆਪਣੇ ਧੜ 'ਤੇ ਸਿਰ ਧਰਾਂਗੇ
ਅਸੀਂ ਆਪਣੀ ਬਾਂਹ ਫੜੀ ਹੈ
ਮੁੜ ਪੌੜੀਆਂ ਚੜ੍ਹ ਉਪਰ ਵਲ ਜਾਵਾਂਗੇ
ਆਪਣੇ ਕਮਰੇ 'ਚ ਨਹੀਂ
ਉਸ ਦੇ ਘਰ ਨੂੰ ਜਾਂਦੀਆਂ ਪੌੜੀਆਂ ਤਕ।
ਉਦੋਂ ਪੂਰੇ ਆਦਮੀ ਹੋਵਾਂਗੇ
ਧੜ ਤੇ ਸਿਰ ਵਾਲੇ ਪੂਰੇ ਆਦਮੀ
ਜਿਹਨਾਂ ਦੇ ਹੱਥਾਂ ਵਿਚ ਹੋਵੇਗੀ
ਸਿਰਜਨ ਦੀ ਲੌਕਿਕ ਸ਼ਮਰਥਾ। □


ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ

ਸ਼ਹੀਦ ਭਗਤ ਸਿੰਘ ਦਾ ਫਾਂਸੀ ਦੇ ਤਖ਼ਤੇ ਤੋਂ ਲਿਖਿਆ ਲੇਖ

**ਮੈਂ ਨਾਸਤਕ ਕਿਉਂ ?**

ਮੂਲ : 1 ਰੁਪਿਆ

ਨਾਟਕ

# ਟੋਆ

## (ਕ੍ਰਿਸ਼ਨ ਚੰਦਰ ਦੀ ਹਿੰਦੀ ਕਹਾਣੀ ਤੇ ਅਧਾਰਤ)

---

(ਸਟੇਜ ਤੇ ਇਕ ਸੜਕ ਬਣੀ ਹੈ, ਜਿਸ ਦੇ ਵਿਚ ਇਕ ਟੋਆ ਹੈ ਟੋਏ ਵਿਚ ਇਕ ਆਦਮੀ ਡਿਗਿਆ ਹੋਇਆ। ਟੋਏ ਦਾ ਅਕਾਰ ਏਡਾ ਕੁ ਹੈ ਕਿ ਉਸ ਵਿਚੋਂ ਆਦਮੀ ਦਾ ਕਿਸੇ ਬਾਹਰ ਮਦਦ ਤੋਂ ਬਗੈਰ ਨਿਕਲਣਾ ਮੁਸ਼ਕਿਲ ਹੈ, ਵੈਸੇ ਅਸਾਨੀ ਨਾਲ ਉਹ ਟੋਏ ਵਿਚ ਹਿਲ ਜੁਲ ਸਕਦਾ ਹੈ। ਆਦਮੀ ਇਕ ਗਰੀਬ ਮਜ਼ਦੂਰ ਲਗਦਾ ਹੈ ਪਰ ਸੇਹਤ ਦਾ ਮਾੜਾ ਹੈ। ਉਮਰ ਕੋਈ 30-35 ਵਰ੍ਹੇ ਵਿਚ ਹੈ। ਟੋਏ ਵਿਚ ਇਕ ਦੱਬੀ ਪਾਣੀ ਵਾਲੀ ਪਾਇਪ ਦਾ ਕੁਝ ਹਿਸਾ ਨਜ਼ਰ ਆ ਰਿਹਾ ਹੈ)

ਡਿਗਿਆ ਆਦਮੀ – (ਟੋਏ ਵਿਚੋਂ ਨਿਕਲਣ ਲਈ ਵਿਅਰਥ ਕੋਸ਼ਿਸ਼ ਕਰਦਾ ਹੋਇਆ, ਉਚੀ ਆਵਾਜ਼ ਵਿਚ) ਮੈਨੂੰ ਬਚਾਓ, ਲੋਕੋ ਮੈਂ ਟੋਏ ਵਿਚ ਡਿਗ ਪਿਆ, ਜੇ, ਮੈਨੂੰ ਬਾਹਰ ਕਢੋ ਓ...

(ਖੱਪ ਸੁਣ ਕੇ ਦੋ ਆਦਮੀ ਆਉਂਦੇ ਹਨ। ਇਕ ਨੇ ਪੈਂਟ ਪਾਈ ਹੋਈ ਹੈ, ਦੂਸਰੇ ਨੇ ਖਾਕੀ ਨਿਕਰ। ਪੈਂਟ ਵਾਲਾ ਆਦਮੀ ਟੋਏ ਦੇ ਕਿਨਾਰੇ ਤੇ ਖਲੋ ਜਾਂਦਾ ਹੈ। ਉਸ ਦੇ ਹੱਥ ਵਿਚ ਇਕ ਛੋਟੀ ਜਹੀ ਕਾਪੀ ਤੇ ਪੈਨਸਲ ਹੈ। ਖਾਕੀ ਨਿਕਰ ਵਾਲਾ ਆਦਮੀ ਟੋਏ ਦੇ ਕਿਨਾਰੇ ਤੇ ਆਕੜ ਕੇ ਬੈਠ ਜਾਂਦਾ ਹੈ ਅਤੇ ਆਰਾਮ ਨਾਲ ਬੀੜੀ ਪੀਣ ਲਗ ਪੈਂਦਾ ਹੈ ਅਤੇ ਸਵਾਹ ਟੋਏ ਵਿਚ ਝਾੜਦਾ ਹੈ)

ਡਿਗਿਆ ਆਦਮੀ – (ਟੋਏ ਵਿਚੋਂ ਹੱਥ ਪੈਰ ਫੈਲਾ ਕੇ ਉਚੀ ਆਵਾਜ਼ ਵਿਚ ਉਹਨਾਂ ਨੂੰ ਵੇਖਦੇ ਹੋਏ) ਮੈਨੂੰ ਬਚਾਓ, ਭਾਈ ਸਾਹਿਬ ਮੈਨੂੰ ਬਚਾਓ, ਮੈਂ ਟੋਏ ਵਿਚ ਡਿਗ ਪਿਆ ਜੇ।

(ਬਿਨਾਂ ਕੋਈ ਪਰਵਾਹ ਕੀਤਿਆਂ, ਖਾਕੀ ਨਿਕਰ ਵਾਲੇ ਨੇ ਜੇਬ ਵਿਚੋਂ ਲੋਹੇ ਵਾਲਾ ਫੀਤਾ ਕੱਢਿਆਂ। ਬੀੜੀ ਖਤਮ ਕੀਤੀ। ਫੀਤੇ ਵਿਚੋਂ ਲਚਕਦਾ ਹੋਇਆ ਲੋਹੇ ਦਾ ਗਜ਼ ਖਿਚਿਆ।)

ਪੈਂਟ ਵਾਲਾ – (ਦੰਦਾਂ ਵਿਚ ਪੈਨਸਲ ਦਬਾਉਂਦਿਆਂ ਹੋਇਆਂ, ਰੋਅਬ ਵਿਚ) ਬੋਲੋ।

ਨਿਕਰ ਵਾਲਾ – (ਸਟੀਲ ਦੇ ਫੀਤੇ ਨੂੰ ਟੋਏ ਉਤੇ ਰਖਦਿਆਂ ਹੋਇਆਂ) ਲੰਬਾਈ 6 ਫੁਟ (ਫਿਰ ਫੀਤੇ ਦਾ ਰੁਖ ਬਦਲ ਕੇ) ਚੌੜਾਈ ਚਾਰ ਫੁੱਟ। (ਟੋਏ ਦੀ ਡੂੰਘਾਈ ਨੂੰ ਜਾਚਦਿਆਂ ਹੋਇਆਂ) ਡੂੰਘਾਈ 15 ਫੁੱਟ।

ਪੈਂਟ ਵਾਲਾ - ਤਤ-ਤਤ, ਬੜਾ ਡੂੰਘਾ ਏ।

ਟੋਏ ਵਾਲਾ – (ਚੀਕਦਾ ਹੋਇਆ) ਇਹੋ ਤੇ ਮੈਂ ਕਹਿੰਦਾ ਹਾਂ, ਟੋਆ ਬੜਾ ਡੂੰਘਾ ਏ, ਮੈਂ ਆਪੇ ਨਹੀਂ ਨਿਕਲ ਸਕਦਾ, ਮੈਨੂੰ ਤੁਹਾਡੀ ਮਦਦ ਚਾਹੀਦੀ ਏ। ਮੇਹਰਬਾਨੀ ਕਰਕੇ ਜਨਾਬ ਮੈਨੂੰ ਟੋਏ ਵਿਚੋਂ ਕੱਢ ਦਿਓ, ਨਹੀਂ ਤਾਂ ਮੈਂ ਪਿਆ ਭੁੱਖਾ ਪਿਆਸਾ ਮਰ ਜਾਵਾਂਗਾ।

ਪੈਂਟ ਵਾਲਾ – (ਬੜੀ ਕਠੋਰਤਾ ਨਾਲ) ਚੁੱਪ ਰਹੋ, ਸਾਡਾ ਕੰਮ ਟੋਏ ਦੀ ਪਮਾਇਸ਼ ਕਰਨਾ ਹੈ, ਕਿਸੇ ਨੂੰ ਏਹਦੇ ਵਿਚੋਂ ਕੱਢਣ ਦਾ ਨਹੀਂ ।

ਨਿਕਰ ਵਾਲਾ – ਜਨਾਬ ਇਹ ਟੋਆ ਬਹੁਤ ਪੁਰਾਣਾ ਏ, ਤੇ ਹੈ ਵੀ ਬਹੁਤ ਵਡਾ ਏ ।

ਪੈਂਟ ਵਾਲਾ – ਸਾਨੂੰ ਕੀ ? (ਦੂਸਰੇ ਪਾਸੇ ਇਸ਼ਾਰਾ ਕਰਦੇ ਹੋਏ) ਏਧਰ ਬਥੇਰੀ ਥਾਂ ਏ ਕਾਰਾਂ ਲਗਣ ਵਾਸਤੇ । ਜਿੰਨਾਂ ਚਿਰ ਕਾਰਾਂ ਲੰਘ ਸਕਦੀਆਂ ਨੇ, ਮੋਇਆ ਨੇ ਪੂਰਨਾ ਏ (ਨਿਕਰ ਵਾਲੇ ਨੂੰ ਇਸ਼ਾਰਾ ਕਰਦਿਆਂ ਹੋਇਆਂ) ਚੱਲ ਅਜੇ ਏਸ ਸੜਕ ਦੇ ਬਹੁਤ ਸਾਰੇ ਟੋਏ ਵੇਖਣੇ ਨੇ ।

(ਨਿਕਰ ਵਾਲਾ ਸੜੀ ਬੀੜੀ ਦਾ ਟੋਟਾ ਟੋਏ ਵਿਚ ਸੁਟ ਕੇ ਪੈਂਟ ਵਾਲੇ ਦੇ ਨਾਲ ਤੁਰ ਪਿਆ)

ਡਿਗਿਆ ਆਦਮੀ – (ਫਿਰ ਚੀਕਦਾ ਹੋਇਆ) ਮੈਂ ਟੋਏ ਵਿਚ ਡਿਗ ਪਿਆ ਜੇ, ਮੈਨੂੰ ਬਾਹਰ ਕਢੋ, ਬਾਹਰ ਕਢੋ ਓ ਕਿਸੇ ਤਰ੍ਹਾਂ......

(ਉਹਦਾ ਰੌਲਾ ਸੁਣ ਕੇ ਤਿੰਨ ਆਦਮੀ ਆਉਂਦੇ ਹਨ ਅਤੇ ਟੋਏ ਦੇ ਤਿੰਨਾ ਪਾਸਿਆਂ ਤੇ ਖਲੋ ਜਾਂਦੇ ਹਨ । ਦੋ ਆਦਮੀਆਂ ਨੇ ਸਫੇਦ ਅਚਕਨਾਂ ਤੇ ਧੋਤੀਆਂ ਪਾਈਆਂ ਹਨ ਤੀਸਰੇ ਨੇ ਟੈਰਾ-ਲੀਨ ਦੀ ਕੀਮਤੀ ਪੈਂਟ ਪਾਈ ਹੈ ਤੇ ਬੂਟ ਬਹੁਤ ਚਮਕਦਾਰ ਹਨ ਤਿੰਨੋ ਜਣੇ ਟੋਏ ਵਿਚ ਡਿਗੇ ਆਦਮੀ ਨੂੰ ਬੜੇ ਧਿਆਨ ਨਾਲ ਵੇਖਦੇ ਹਨ)

ਇਕ ਅਚਕਨ ਵਾਲਾ - ਟੋਏ ਵਿਚ ਡਿੱਗ ਪਿਆ ਏ ?

ਦੂਸਰਾ ਅਚਕਨ ਵਾਲਾ – ਹਾਂ, ਟੋਆ ਈ ਮਲੂਮ ਹੁੰਦਾ ਏ ।

ਪੈਂਟ ਵਾਲਾ – ਹਰ ਸੜਕ ਉਤੇ ਟੋਏ ਹੁੰਦੇ ਨੇ । ਸਾਡੀ ਸਰਕਾਰ ਹਰ ਸੜਕ ਤੇ ਵਡੇ ਵਡੇ ਟੋਏ ਬਣਾਉਂਦੀ ਹੈ । ਇਥੋਂ ਅੱਖਾਂ ਖੋਲ੍ਹ ਕੇ ਚਲਣ ਵਾਲਾ ਕਦੀ ਨਹੀਂ ਡਿਗ ਸਕਦਾ, ਇਹ ਸਾਰਾ ਇਹਦਾ ਆਪਣਾ ਕਸੂਰ ਏ ।

ਡਿਗਿਆ ਆਦਮੀ – (ਘਬਰਾਈ ਹੋਈ ਅਵਾਜ਼ ਵਿਚ) ਮੇਰਾ ਕੋਈ ਕਸੂਰ ਨਹੀਂ । ਮੈਂ ਕੱਲ ਰਾਤ ਦਾ ਇਸ ਟੋਏ ਵਿਚ ਡਿਗਿਆ ਪਿਆ ਹਾਂ । ਸੜਕ ਤੇ ਹਨੇਰਾ ਸੀ, ਇਸ ਸੜਕ ਤੇ ਬਿਜਲੀ ਦੇ ਖੰਬੇ ਬਹੁਤ ਦੂਰ ਦੂਰ ਨੇ, ਤੇ ਆਹ ਜੇਹੜਾ ਸਾਹਮਣਾ ਖੰਬਾ ਏ, ਏਸ ਦਾ ਬਲਬ ਟੁੱਟਾ ਏ, ਨਹੀਂ ਇਤਬਾਰ ਤਾਂ ਆਪ ਵੇਖ ਲਓ । ਰਾਤੀਂ ਬੜਾ ਹਨੇਰਾ ਸੀ, ਮੈਂ ਕਾਹਲੀ ਕਾਹਲੀ ਘਰ ਜਾ ਰਿਹਾ ਸੀ ਕਿ ਟੋਏ ਵਿਚ ਡਿਗ ਪਿਆ । ਮੈਨੂੰ ਏਸ ਟੋਏ ਵਿਚੋਂ ਕਢੋ, ਮੇਰੇ ਹਾਲ ਤੇ ਤਰਸ ਕਰੋ, ਮੇਰੀ ਜ਼ਨਾਨੀ ਘਰ ਮੈਨੂੰ ਉਡੀਕਦੀ ਹੋਣੀ ਏ ।

ਇਕ ਆਦਮੀ – (ਅਫਸੋਸ ਨਾਲ) ਟੋਆ ਡੂੰਘਾ ਏ ।

ਦੂਸਰਾ ਆਦਮੀ - ਇਸ ਵਿਚ ਚਿਕੜ ਵੀ ਏ ।

ਤੀਸਰਾ ਆਦਮੀ – ਏਸ ਨੂੰ ਕੱਢਣ ਵਾਲਾ ਆਪ ਟੋਏ ਵਿਚ ਡਿਗ ਸਕਦਾ ਹੈ ।

ਚੌਥਾ – ਕਪੜੇ ਵੀ ਖਰਾਬ ਹੋਣਗੇ ।

ਇਕ ਬੁੱਢੀ ਔਰਤ – ਪਰ ਕਿਸੇ ਨਾ ਕਿਸੇ ਨੂੰ ਤਾਂ ਏਸ ਵਿਚਾਰੇ ਨੂੰ ਕਢਣਾ ਹੀ ਚਾਹੀਦਾ ਏ ।

[ ਬਹੁਤ ਸਾਰੇ ਲੋਕਾਂ ਨੂੰ ਸੜਕ ਦੇ ਇਕੱਠੇ ਹੋਏ ਦੇਖ ਕੇ ਇਕ ਸਿਪਾਹੀ ਭੱਜਾ ਭੱਜਾ ਆਉਂਦਾ ਹੈ ।]

ਸਿਪਾਹੀ – (ਗੁੱਸੇ ਨਾਲ ਭੀੜ ਨੂੰ ਭਜਾਉਂਦਾ ਹੋਇਆ) ਕੀ ਹੋਇਆ ?... ਭੱਜੋ ..ਭੱਜੋ **ਏਥੋਂ**, ਰਸਤਾ ਦਿਓ, ਰਸਤੇ ਤੋਂ ਹਟ ਜਾਓ, ਇਹ ਭੀੜ ਕਾਨੂੰਨ ਦੇ ਖਿਲਾਫ਼ ਏ, ਪਾਗਲ ਹੋਏ ਓ, ਸ਼ੁਦਾਈ ਓ ਸਾਰੇ ।... ਕੀ ਤੁਸੀਂ ਅਜ ਤਕ ਕਿਸੇ ਨੂੰ ਟੋਏ ਵਿਚ ਡਿੱਗਾ ਹੋਇਆ ਨਹੀਂ ਵੇਖਿਆ ? ਇਹ ਕੋਈ ਅਜੂਬਾ ਏ ਜਿਹੜੀ ਏਸ ਤਰ੍ਹਾਂ ਭੀੜ ਏ । ਹਟੋ, ਭੱਜੋ ਏਥੋਂ ਨਹੀਂ ਤਾਂ ਮੈਂ ਹੁਣੇ ਲਾਠੀਚਾਰਜ ਕਰਦਾ ਹਾਂ ।

[ ਪੁਲਿਸ ਦੀ ਵਰਦੀ ਵੇਖ ਕੇ ਲੋਕ ਏਧਰ ਓਧਰ ਭੱਜ ਜਾਂਦੇ ਹਨ । ਪੁਲਿਸ ਵਾਲਾ ਇਕੱਲਾ ਟੋਏ ਦੇ ਕਿਨਾਰੇ ਤੇ ਖੜਾ ਰਹਿ ਜਾਂਦਾ ਹੈ । ]

ਪੁਲਿਸ ਵਾਲਾ – (ਆਪਣੀ ਨੋਟ ਬੁਕ ਕਢ ਕੇ, ਗਰਜਦਾ ਹੋਇਆ) ਬਦਮਾਸ਼। ਭੈਣ ਦਾ ਖਸਮ ਜਾਣ ਬੁਝ ਕੇ ਟੋਏ ਵਿਚ ਡਿਗਿਆ ਏ ਤੇ ਮਜਮਾ ਲਾ ਕੇ ਪਿਉ ਵਾਲਾ ਪੈਸੇ ਬਟੋਰਨ ਦਾ ਤਰੀਕਾ ਕਢਿਆ ਸੁ।

ਡਿਗਿਆ ਆਦਮੀ – ਦੁਹਾਈ ਸਰਕਾਰ, ਮੈਂ ਬਦਮਾਸ਼ ਨਹੀਂ ਜੇ, ਮੈਂ ਟੋਏ ਵਿਚ ਡਿਗਿਆ ਆਦਮੀ ਹਾਂ, ਮੈਨੂੰ ਬਾਹਰ ਕਢੋ।

[ ਸਿਪਾਹੀ ਬੜੇ ਧਿਆਨ ਨਾਲ ਟੋਏ ਵਿਚ ਐਧਰ ਓਧਰ ਵੇਖਦਾ ਹੈ, ਥੱਲੇ ਟੋਏ ਵਿਚ ਪਾਣੀ ਦੀ ਪਾਈਪ ਨਜ਼ਰ ਆ ਜਾਂਦੀ ਹੈ, ਜਿਸ ਵਿਚੋਂ ਪਾਣੀ ਰਿਸ ਰਿਸ ਕੇ ਨਿਕਲ ਰਿਹਾ ਹੈ ਤੇ ਟੋਏ ਵਿਚ ਜਮਾਂ ਹੋ ਰਿਹਾ ਹੈ। ]

ਸਿਪਾਹੀ – (ਗੁਸੇ ਨਾਲ) ਆ ਤੂੰ ਆਪਣੀ ਮਾਂ ਪੈਪ 'ਚ ਮੋਰੀ ਕਰਨ ਆਇਆਂ, ਤਾਂ ਕਿ ਸ਼ਹਿਰ ਵਿਚ ਹੈਜ਼ਾ ਫੈਲ ਜਾਏ। ਤੂੰ ਮੈਨੂੰ ਨਕਸਲੀਆ ਲਗਦਾ ਏਂ, ਜਾਂ ਪਾਕਿਸਤਾਨੀ ਜਸੂਸ ਏਂ ਪੁਤਰਾ।

ਡਿਗਿਆ ਆਦਮੀ - ਮੈਂ ਜਸੂਸ ਨਹੀਂ, ਦੁਹਾਈ ਜੇ ਸਰਕਾਰ, ਮੈਂ ਇਕ ਗਰੀਬ ਸ਼ਹਿਰੀ ਹਾਂ, ਨਵੀਆਂ ਬਣਨ ਵਾਲੀਆਂ ਬਿਲਡਿੰਗਾਂ ਤੇ ਇੱਟਾਂ ਢੋ ਢੋ ਕੇ ਆਪਣਾ ਪੇਟ ਪਾਲਦਾ ਹਾਂ।

ਸਿਪਾਹੀ – ਸਭ ਪਤਾ ਲਗ ਜਾਊ ਬੱਚੂ, ਪੁਲਿਸ ਨੂੰ ਸਭ ਪਤਾ ਹੁੰਦਾ ਏ। (ਗਰਜ ਕੇ) ਆਪਣਾ ਨਾਂ ਦੱਸ।

ਡਿਗਿਆ ਆਦਮੀ - ਗਰੀਬ ਦਾਸ।

ਸਿਪਾਹੀ – ਕਿਥੇ ਰਹਿੰਦਾ ਏਂ ?

ਡਿਗਿਆ ਆਦਮੀ – ਜੀ, ਪੁਰਾਣੀ ਬਸਤੀ।

ਸਿਪਾਹੀ – ਕਿੰਨੀ ਉਮਰ ਏ ਤੇਰੀ ?

ਡਿਗਿਆ ਆਦਮੀ – ਜੀ 32 ਸਾਲ।

ਸਿਪਾਹੀ – ਕੋਈ ਪੱਕਾ ਨਿਸ਼ਾਨ ਵਿਖਾ (ਡਿਗੇ ਆਦਮੀ ਦੇ ਚੁਪ ਰਹਿਣ ਤੇ) ਭੈਣ ਦਿਆ ਯਾਰਾ ਬੋਲਦਾ ਨਹੀਂ ? (ਫਿਰ ਆਪ ਵਿਚ) ਮਥੇ ਤੇ ਜ਼ਖਮ ਦਾ ਨਿਸ਼ਾਨ (ਡਾਇਰੀ ਤੇ ਲਿਖਦਾ ਹੈ) ਤੇਰਾ ਚਲਾਨ ਹੋਏਗਾ।

ਡਿਗਿਆ ਆਦਮੀ – (ਦੰਦ ਪੀਸ ਕੇ) ਬੇਸ਼ਕ ਚਲਾਨ ਹੋ ਜਾਵੇ, ਪਰ ਮੈਨੂੰ ਟੋਏ ਵਿਚੋਂ ਤਾਂ ਕਢੋ।

ਸਿਪਾਹੀ – ਮੈਂ ਤੈਨੂੰ ਇਸ ਟੋਏ ਵਿਚੋਂ ਨਹੀਂ ਕਢ ਸਕਦਾ। (ਸਿਪਾਹੀ ਨੋਟ ਬੁਕ ਤੇ ਪੈਨਸਿਲ ਜੇਬ ਵਿਚ ਰਖਣ ਤੋਂ ਪਹਿਲੋਂ ਇਕ ਪਰਚਾ ਫਾੜਦਾ ਹੈ ਅਤੇ ਉਸ ਨੂੰ ਟੋਏ ਵਿਚ ਡਿਗੇ ਆਦਮੀ ਵਲ ਸੁਟਦਾ ਹੈ) ਆਹ ਤੇਰਾ ਚਲਾਨ ਏ, ਕਲ੍ਹ ਸਵੇਰੇ ਦਸ ਵਜੇ ਤੋਂ ਪਹਿਲਾਂ ਚੌਂਕ ਵਾਲੇ ਠਾਣੇ ਵਿਚ ਰੀਪੋਰਟ ਕਰੋ।

[ ਸਿਪਾਹੀ ਚਲਾ ਜਾਂਦਾ ਹੈ। ਕੁਝ ਦੇਰ ਡਿਗਿਆ ਆਦਮੀ ਹੈਰਾਨੀ ਤੇ ਡਰ ਨਾਲ ਚੁੱਪ ਰਹਿੰਦਾ ਹੈ, ਫਿਰ ਹੌਲੀ ਹੌਲੀ ਚੀਕਣਾ ਸ਼ੁਰੂ ਕਰ ਦੇਂਦਾ ਹੈ। ]

ਡਿਗਿਆ ਆਦਮੀ – (ਆਪਣੇ ਆਪ ਨਾਲ) ਹਾਏ ਰੱਬਾ ਬੜੀ ਤੇਹ ਲਗੀ ਆ। (ਪਾਈਪ ਵਲ ਵੇਖਦਾ ਹੋਇਆ) ਆਹ ਪਾਈਪ ਦੇ ਜੋੜ ਵਿਚੋਂ ਪਾਣੀ ਸਿੰਮਦਾ ਹੈ ਸ਼ਾਇਦ ਖੁਲ੍ਹ ਹੀ ਜਾਵੇ (ਜ਼ੋਰ ਲਾ ਕੇ ਖੋਲ੍ਹਦਾ ਹੈ) ਲੈ ਖੁਲ੍ਹ ਗਿਆ (ਪਾਣੀ ਪੀਂਦਾ ਹੈ ਤੇ ਫੇਰ ਕੱਸ ਦੇਂਦਾ ਹੈ) ਲੈ ਮਾੜਾ ਜਿਹਾ ਕੱਸਿਆਂ ਬਿਲਕੁਲ ਸਿੰਮਣੋਂ ਵੀ ਹਟ ਗਿਆ ਏ। ਬਸ ਏਨੀ ਗੱਲ ਸੀ।

[ ਪਾਣੀ ਪੀਣ ਦੇ ਦੌਰਾਨ, ਦੋ ਆਦਮੀ ਉਸ ਨੂੰ ਉਪਰੋਂ ਵੇਖ ਰਹੇ ਹਨ ਤੇ ਉਸ ਦੇ ਪਾਣੀ ਪੀਣ ਤੋਂ ਬਾਅਦ। ]

ਪਹਿਲਾ ਆਦਮੀ – ਇਕ ਆਦਮੀ ਏ। ਜੋ ਟੋਏ ਵਿਚ ਡਿਗ ਕੇ ਪਾਈਪ ਖੋਲ੍ਹ ਖੋਲ੍ਹ ਕੇ ਆਪਣੀ ਪਿਆਸ ਬੁਝਾ ਰਿਹਾ ਏ।

ਦੂਸਰਾ ਆਦਮੀ – ਹਾਲਾਂ ਕਿ ਆਪਣੇ ਘਰ ਜਾ ਕੇ ਵੀ ਬੁਝਾ ਸਕਦਾ ਸੀ। ਬੜਾ ਅਜੀਬ ਆਦਮੀ ਏਂ।

ਪਹਿਲਾ ਆਦਮੀ – ਮੈਨੂੰ ਤਾਂ ਕੋਈ ਫ਼ਕੀਰ ਲਗਦਾ ਏ।

ਦੂਸਰਾ ਆਦਮੀ – (ਡਿਗੇ ਆਦਮੀ ਨੂੰ) ਬਾਬਾ ਕੇਲਾ ਖਾਓਗੇ। (ਆਪਣੇ ਬਹੁਤ ਸਾਰੇ ਚੁਕੇ ਕੇਲਿਆਂ ਵਿਚੋਂ ਇਕ ਉਸ ਵਲ ਸੁਟਦਾ ਹੈ)।

[ ਡਿਗਿਆ ਆਦਮੀ ਛੇਤੀ ਨਾਲ ਕੇਲਾ ਦਬੋਚ ਲੈਂਦਾ ਹੈ। ਛਿਲਕਾ ਲਾਹ ਕੇ ਇਕੋ ਵਾਰੀ ਸਾਰਾ ਕੇਲਾ ਨਿਗਲ ਲੈਂਦਾ ਹੈ। ਉਸ ਦੀਆਂ ਅੱਖਾਂ ਫਟੀਆਂ ਫਟੀਆਂ ਹਨ ਤੇ ਜਬਾੜੇ ਅਜੀਬ ਤਰ੍ਹਾਂ ਹਿਲਦੇ ਹਨ। ]

ਦੂਸਰਾ ਆਦਮੀ - (ਪਹਿਲੇ ਆਦਮੀ ਨੂੰ) ਵੇਖ, ਕਿਡੇ ਅਜੀਬ ਤਰ੍ਹਾਂ ਜਬਾੜੇ ਹਲਾਏ ਸੂ; ਫੇਰ ਵੇਖਣੇ ਈ (ਦੂਸਰਾ ਕੇਲਾ ਉਸ ਵਲ ਸੁਟਦਾ ਹੈ) ਟੋਏ ਵਾਲਾ ਆਦਮੀ ਉਸ ਨੂੰ ਜਦ ਨਿਗਲ ਰਿਹਾ ਹੁੰਦਾ ਹੈ) ਵੇਖ ਨਜ਼ਾਰਾ, ਵੇਖ (ਕੇਲਾ ਖਾ ਜਾਣ ਤੋਂ ਬਾਅਦ, ਟੋਏ ਵਾਲੇ ਆਦਮੀ ਨੂੰ) ਹੁਣ ਨੰਬਰ ਦੱਸ ?

ਡਿਗਿਆ ਆਦਮੀ – ਘਰ ਦਾ ਨੰਬਰ ?

ਦੂਸਰਾ ਆਦਮੀ – ਘਰ ਦਾ ਨੰਬਰ ਨਹੀਂ, ਸੱਟੇ ਦਾ ਨੰਬਰ...ਬਾਬਾ।

ਡਿਗਿਆ ਆਦਮੀ - (ਚੀਕਦਾ ਹੋਇਆ) ਮੈਂ ਕੋਈ ਬਾਬਾ ਨਹੀਂ। ਮੈਂ ਇਕ ਗ਼ਰੀਬ ਸ਼ਹਿਰੀ ਹਾਂ, ਇੱਟਾਂ ਢੋਣ ਵਾਲਾ। ਮੈਂ ਕਲ੍ਹ ਰਾਤ ਦੇ ਗਿਆਰਾਂ ਵਜੇ ਤੋਂ ਏਸ ਟੋਏ ਵਿਚ ਡਿਗਿਆ ਹੋਇਆ ਹਾਂ ਤੇ ਕੋਈ ਬੰਦਾ ਮੇਰੀ ਮਦਦ ਲਈ ਨਹੀਂ ਆਉਂਦਾ। ਕਿਡੇ ਜ਼ਾਲਿਮ ਲੋਕ ਹੋ ਤੁਸੀਂ।

ਦੂਸਰਾ ਆਦਮੀ - ਸਾਲਾ ਦੋ ਕੇਲੇ ਖਾ ਕੇ ਸਾਨੂੰ ਜ਼ਾਲਿਮ ਕਹਿੰਦਾ ਏ। ਤੇ ਉਤੋਂ ਨੰਬਰ ਵੀ ਨਹੀਂ ਦਸਦਾ (ਟੋਏ ਦੇ ਕਿਨਾਰੇ ਤੋਂ ਮਿੱਟੀ ਦਾ ਢੇਲਾ ਚੁਕਦੇ ਹੋਏ) ਮਾਰਾਂ ਸਾਲੇ ਦੇ ਸਿਰ ਉਤੇ ਤੇ ਭੰਨ ਦਿਆਂ ਇਹਦਾ ਸਿਰ ?

ਪਹਿਲਾ - (ਰੋਕਦਾ ਹੋਇਆ) ਸ਼ੁਦਾਈ ਏਂ ਤੂੰ ? ਸਮਝਦਾ ਨਹੀਂ, ਬਾਬਾ ਜੀ ਨੇ ਨੰਬਰ ਤਾਂ ਦੱਸ ਦਿਤਾ ਏ।

ਦੂਸਰਾ ਆਦਮੀ - ਕੀ ?

ਪਹਿਲਾ - ਗਿਆਰਾਂ ?

ਦੂਸਰਾ - ਗਿਆਰਾਂ ?

ਪਹਿਲਾ - ਹਾਂ ਗਿਆਰਾਂ...ਹਾਂ ਯੱਕੇ ਨਾਲ ਯੱਕਾ।

ਦੂਸਰਾ - ਵਾਹ, ਚਲ ਪੁਤਰਾ ਭੱਜ ਨੰਬਰ ਲਾਉਣ ਦਾ ਟਾਈਮ ਜਾ ਰਿਹਾ ਏ।

[ ਜਾਂਦੇ ਹਨ। ]

ਡਿਗਿਆ ਆਦਮੀ - ਓ ਕੋਈ ਮੈਨੂੰ ਏਸ ਟੋਏ ਵਿਚੋਂ ਕਢੋ ਲੋਕੋ।

[ ਸੜਕ ਦੇ ਇਕ ਪਾਸਿਓਂ ਇਕ ਲੰਮਾ ਤਕੜਾ ਗੋਰਾ ਚਿੱਟਾ ਆਦਮੀ ਆਉਂਦਾ ਹੈ ਜਿਸ ਨੇ ਕੀਮਤੀ ਸੂਟ ਪਾਇਆ ਹੈ। ਉਸ ਦੀਆਂ ਐਨਕਾਂ ਬਹੁਤ ਕੀਮਤੀ ਹਨ ਅਤੇ ਟੋਏ ਵਿਚ ਡਿਗੇ ਆਦਮੀ ਨੂੰ ਵੇਖ ਕੇ ਦਇਆ ਭਾਵ ਨਾਲ ਮੁਸਕਰਾਉਂਦਾ ਹੈ ਜਿਸ ਨਾਲ ਉਸ ਦੇ ਦੋ ਸੋਨੇ ਦੇ ਦੰਦ ਵਿਖਾਈ ਦੇਂਦੇ ਹਨ। ਸ਼ਕਲ ਤੋਂ ਕੋਈ ਵਿਦੇਸ਼ੀ ਲਗਦਾ ਹੈ। ]

ਵਿਦੇਸ਼ੀ – ਹੈਲੋ, ਮੇਰਾ ਨਾਂ ਬਾਰਨਜ਼ਪਿੰਗ ਹੈ।

ਡਗਿਆ ਆਦਮੀ – (ਨਿਮਰਤਾ ਨਾਲ) ਸਾਹਿਬ ਜੀ, ਮੈਨੂੰ ਟੋਏ ਵਿਚੋਂ ਬਾਹਰ ਕਢੋ।

ਵਿਦੇਸ਼ੀ – (ਆਪਣੀ ਬਾਂਹ ਦੀ ਕੀਮਤੀ ਘੜੀ ਵੇਖਦਾ ਹੋਇਆ) ਮੈਂ ਸਿਰਫ਼ ਅੱਧਾ ਘੰਟਾ ਲੂੰਗਾ।

ਡਗਿਆ ਆਦਮੀ – ਅੱਧਾ ਘੰਟਾ ਕੀ, ਇਕ ਘੰਟਾ ਲਓ, ਦੋ ਘੰਟੇ ਲਓ, ਪਰ ਕਿਸੇ ਤਰ੍ਹਾਂ ਮੈਨੂੰ ਇਸ ਟੋਏ ਵਿਚੋਂ ਬਾਹਰ ਕਢੋ।

ਵਿਦੇਸ਼ੀ – (ਕਾਲੇ ਚਮੜੇ ਦੀ ਜਿਲਦ ਵਾਲੀ ਇਕ ਮੋਟੀ ਨੋਟ ਬੁਕ ਤੇ ਇਕ ਕੀਮਤੀ ਪੈੱਨ ਕਢਦੇ ਹੋਏ) ਕੁਝ

ਸਵਾਲੋਂ ਕਾ ਜਵਾਬ ਚਾਹਤਾ ਹੂੰ ।

ਡਿਗਿਆ ਆਦਮੀ – ਪੁਛੋ...ਪੁਛੋ ।

ਵਿਦੇਸ਼ੀ - ਤੁਮ ਕਬ ਸੇ ਇਸ ਗੱਡੇ ਮੇਂ ਹੋ ?

ਡਿਗਿਆ ਆਦਮੀ – ਕਲ੍ਹ ਰਾਤ ਤੋਂ ।

ਵਿਦੇਸ਼ੀ – ਕਲ ਰਾਤ ਸੇ ਤੋ ਹੋ, ਲੇਕਨ ਲਗਤਾ ਕੈਸਾ ਹੈ ਕਿ ਕਬ ਸੇ ਹੋ ?

ਡਿਗਿਆ ਆਦਮੀ – ਇਉਂ ਲਗਦਾ ਹੈ ਜਿਵੇਂ ਸੈਂਕੜੇ ਸਾਲ ਬੀਤ ਗਏ ਹੋਣ ।

ਵਿਦੇਸ਼ੀ – (ਛੇਤੀ ਛੇਤੀ ਲਿਖਦੇ ਹੋਏ) ਆਹ, ਯਹੀ ਉਤਰ ਮੈਂ ਚਾਹਤਾ ਥਾ... ਅੱਛਾ ਯਹ ਬਤਾਓ, ਜਬ ਤੁਮ ਗੱਡੇ ਮੇਂ ਗਿਰੇ ਉਸ ਸਮਯ ਤੁਮ ਨੇ ਕਿਆ ਅਨੁਭਵ ਕੀਆ ?

ਡਿਗਿਆ ਆਦਮੀ – ਕਿਆ ਅਨੁਭਵ ਕੀਆ ? ਕੀ ਮਤਲਬ ਤੁਹਾਡਾ ?

ਵਿਦੇਸ਼ੀ – ਮਤਲਬ ਯਹ ਕਿ ਉਸ ਸਮਯ ਤੁਮਾਰੀ ਅਚੇਤਨਤਾ ਕੀ ਨਿਰਬੋਧਤਾ ਮੇਂ ਕਿਸ ਪਰਕਾਰ ਕੀ ਨਿਸ਼ੇਧਵਤੀ ਥੀ ?

ਡਿਗਿਆ ਆਦਮੀ – (ਬਹੁਤ ਘਬਰਾਹਟ ਨਾਲ) ਮੈਨੂੰ ਪਤਾ ਨਹੀਂ ।

ਵਿਦੇਸ਼ੀ – ਕਿਆ ਤੁਮ ਗੱਡੇ ਮੇਂ ਖੁਸ਼ ਨਹੀਂ ਹੋ ?

ਡਿਗਿਆ ਆਦਮੀ – ਬਿਲਕੁਲ ਨਹੀਂ ।

ਵਿਦੇਸ਼ੀ – ਨਹੀਂ ? ਬੜੇ ਅਜੀਬ ਹੋ । ਯਹ ਨਹੀਂ ਸੋਚਤੇ ਕਿ ਅਗਰ ਤੁਮੇ ਇਸ ਸੇ ਭੀ ਗਹਿਰਾ ਗੱਡਾ ਮਿਲ ਜਾਤਾ ਤੋ ਤੁਮਾਰੀ ਹੱਡੀ ਪਸਲੀ ਟੂਟ ਜਾਤੀ ।

ਡਿਗਿਆ ਆਦਮੀ – (ਹੱਥ ਜੋੜ ਕੇ ਬੇਨਤੀ ਕਰਦਾ ਹੋਇਆ) ਏ ਸਾਬ, ਮੈਂ ਤੁਹਾਡੇ ਅਗੇ ਹੱਥ ਜੋੜਦਾ ਜੇ, ਏਡੇ ਔਖੇ ਔਖੇ ਸਵਾਲ ਮੈਥੋਂ ਨਾ ਪੁਛੋ । ਮੈਂ ਇਕ ਗ਼ਰੀਬ ਲੋੜਵੰਦ ਆਦਮੀ ਹਾਂ । ਮੈਨੂੰ ਕਿਸੇ ਤਰ੍ਹਾਂ ਟੋਏ ਵਿਚੋਂ ਕਢੋ ।

ਵਿਦੇਸ਼ੀ – ਜਰਮਨ ਪ੍ਰਾਬਲਮ ਬਾਰੇ ਤੁਮਹਾਰਾ ਕਿਆ ਖਯਾਲ ਹੈ ?

ਡਿਗਿਆ ਆਦਮੀ – ਜਰਮਨ ਮਲਮ ? ਸਾਹਿਬ ਜੀ ਮੈਂ ਅਜ ਤਕ ਕੋਈ ਮਲਮ ਇਸਤੇਮਾਲ ਨਹੀਂ ਕੀਤੀ । ਧਰਮ ਨਾਲ ਸਾਰੀ ਉਮਰ ਇੱਟਾਂ ਢੋਂਦਾ ਰਿਹਾ ਜੇ ।

ਵਿਦੇਸ਼ੀ – ਅਮਰੀਕਾ ਯਾ ਰੂਸ, ਇੰਨ ਦੋਨੋਂ ਮੇਂ ਸੇ ਤੁਮ ਕਿਸੇ ਬੇਹਤਰ ਸਮਝਤੇ ਹੋ ?

ਡਿਗਿਆ ਆਦਮੀ – (ਅੱਖਾਂ ਬੰਦ ਕਰਕੇ ਬਿਲਕੁਲ ਲਚਾਰ ਹੋ ਕੇ) ਜੋ ਮੈਨੂੰ ਟੋਏ ਵਿਚੋਂ ਕਢੇ ।

ਵਿਦੇਸ਼ੀ – (ਆਪਣੀ ਨੋਟ ਬੁਕ ਬੰਦ ਕਰਕੇ ਮੁਸਕਰਾਉਂਦਿਆਂ ਹੋਇਆਂ) ਥੈਂਕਯੂ, ਤੁਮ ਨੇ ਆਪਨੀ ਮੁਸੀਬਤ ਕੇ ਬਾਵਜੂਦ ਮੇਰੇ ਸਵਾਲਾਤ ਕਾ ਜਵਾਬ ਦੇ ਦਿਆ, ਇਸ ਕੇ ਲਿਯੇ ਮੈਂ ਤੁਮਹੇ ਹਾਰਦਿਕ ਧੰਨਵਾਦ ਦੇਤਾ ਹੂੰ, ਅਬ ਮੈਂ ਜਾਤਾ ਹੂੰ ।

ਡਿਗਿਆ ਆਦਮੀ – ਮੇਰੀ ਮਦਦ ਕਰਦੇ ਜਾਓ ਸਾਹਿਬ ।

ਵਿਦੇਸ਼ੀ – ਸੌਰੀ, ਯਹ ਮੇਰਾ ਕਾਮ ਨਹੀਂ ਹੈ, ਮੈਂ ਦਰਅਸਲ ਆਰਗੇਨਾਈਜ਼ੇਸ਼ਨ ਕਾ ਭੇਜਾ ਹੂਆ ਫਾਰਨ ਐਕਸਪਰਟ ਹੂੰ । ਮੈਂ ਆਪਨੇ ਤਰੱਕੀ ਯਾਫਤਾ ਮੁਲਕ ਸੇ ਤੁਮਾਰੇ ਪਿਛੜੇ ਹੂਏ ਮੁਲਕ ਦੀ ਮਦਦ ਕਰਨੇ ਕੇ ਲਿਯੇ ਭੇਜਾ ਗਿਆ ਹੂੰ ।

ਡਿਗਿਆ ਆਦਮੀ – ਤਾਂ ਮੇਰੀ ਮਦਦ ਕਰੋ ਗੋਰੇ ਸਾਹਿਬ ।

ਵਿਦੇਸ਼ੀ – ਸੌਰੀ, ਯਹ ਮੇਰਾ ਕਾਮ ਨਹੀਂ ਹੈ, ਮੇਰਾ ਕਾਮ ਸੜਕ ਕੇ ਗੱਡੋਂ ਕੀ ਗਿਨਤੀ ਕਰਨਾ ਹੈ ਔਰ ਗੱਡੋਂ ਮੇਂ ਗਿਰੇ ਲੋਗੋਂ ਕਾ ਵਿਗਿਆਨਕ ਅਧਿਅਨ ਕਰਨਾ ਹੈ । ਮੈਂ ਇਸ ਕਾਮ ਕੇ ਲਿਯੇ ਦੋ ਸਾਲ ਤਕ ਤੁਮਾਰੇ ਮੁਲਕ ਕਾ ਦੌਰਾ ਕਰੂੰਗਾ । ਹਰ ਸੜਕ ਕੇ ਏਕ ਏਕ ਗਡੇ ਕੋ ਦੇਖੂੰਗਾ । ਉਸ ਕੇ ਬਾਦ ਆਪਨੇ

ਮੁਲਕ ਜਾ ਕਰ ਰਪੋਟ ਲਿਖੂੰਗਾ। ਹਰ ਸੜਕ ਕੇ ਏਕ ਏਕ ਗੱਡੇ ਕੋ। ਇਸ ਮੇਂ ਏਕ ਸਾਲ ਲਗ ਜਾਏਗਾ। ਉਸ ਕੇ ਬਾਦ ਇਸ ਪਰ ਵਿਚਾਰ ਵਿਮਰਸ ਹੋਗਾ। ਸੰਭਵ ਹੈ ਸਾਲ ਇਸ ਮੇਂ ਲਗ ਜਾਏ। ਉਸ ਕੇ ਬਾਦ ਯਹ ਰਪੋਰਟ ਮੁਨਾਸਿਬ ਮਸ਼ਵਰੋਂ ਕੇ ਸਾਥ ਤੁਮਾਰੇ ਮੁਲਕ ਕੀ ਹਕੂਮਤ ਕੋ ਪੇਸ਼ ਕਰ ਦੀ ਜਾਏਗੀ। ਗੁਡ ਬਾਈ।

[ ਚਲਾ ਜਾਂਦਾ ਹੈ। ]

ਡਿਗਿਆ ਆਦਮੀ – (ਚੀਕਦਾ ਹੋਇਆ, ਦੋਵੇਂ ਹੱਥ ਪੁੜਪੁੜੀਆਂ ਤੇ ਰਖ ਲੈਂਦਾ ਹੈ) ਹਾਏ ਓ ਲੋਕੋ, ਮੈਨੂੰ ਜਿਊਂਦੇ ਜੀਅ ਮਾਰ ਸੁਟਿਆ ਜੇ। ਮੈਨੂੰ ਕੋਈ ਨਹੀਂ ਜੇ ਕੱਢ ਸਕਦਾ ਏਸ ਜਿਲ੍ਹਣ 'ਚੋਂ।

[ ਇਕ ਪਾਸਿਓਂ ਇਕ ਸਾਧੂ ਆਉਂਦਾ ਹੈ, ਟੋਏ ਦੀ ਆਵਾਜ਼ ਸੁਣ ਕੇ ਕਿਨਾਰੇ ਤੇ ਆ ਜਾਦਾ ਹੈ, ਜਿਸ ਨੂੰ ਵੇਖ ਕੇ ਹੇਠਲਾ ਕੁਝ ਚੀਕਣਾ ਬੰਦ ਕਰ ਦੇਂਦਾ ਹੈ। ]

ਸਾਧੂ – ਕਿਉਂ ਰੋਂਦਾ ਏਂ ਬੱਚਾ ?

ਡਿਗਿਆ ਆਦਮੀ – (ਉਪਰ ਵੇਖਦਾ ਹੋਇਆ) ਸਾਧੂ ਜੀ ਮਹਾਰਾਜ, ਮੈਂ ਟੋਏ ਵਿਚ ਡਿੱਗ ਪਿਆ ਹਾਂ, ਕਿਸੇ ਤਰ੍ਹਾਂ ਮੈਨੂੰ ਟੋਏ ਵਿਚੋਂ ਬਾਹਰ ਕਢੋ।

ਸਾਧੂ – (ਹੱਸਦਿਆਂ ਹੋਇਆਂ) ਭੋਲਿਆ ਪੁਤਰਾ, ਕਿੱਡਾ ਨਦਾਨ ਏਂ, ਇਸ ਛੋਟੀ ਜਿਹੀ ਜਿਲ੍ਹਣ 'ਚੋਂ ਨਿਕਲ ਕੇ ਬਾਹਰ ਦੀ ਬਹੁਤ ਵਡੀ ਜਿਲ੍ਹਣ ਵਿਚ ਵੜਨਾ ਚਾਹੁੰਦਾ ਏਂ ? ਓ ਮੂਰਖਾ, ਇਹ ਸਾਰੀ ਦੁਨੀਆਂ ਹੀ ਇਕ ਬਹੁਤ ਵੱਡਾ ਟੋਆ ਹੈ ਤੇ ਹਰੇਕ ਇਨਸਾਨ ਇਕ ਟੋਏ ਵਿਚ ਹੈ। ਕੋਈ ਛੋਟੇ ਵਿਚ, ਕੋਈ ਵਡੇ ਵਿਚ, ਏਸ ਟੋਏ ਤੋਂ ਮੁਕਤੀ ਕਿਸੇ ਦੇ ਵੱਸ ਵਿਚ ਨਹੀਂ, ਇਸ ਟੋਏ ਤੋਂ ਮੁਕਤੀ ਤਾਂ ਸਿਰਫ਼ ਰੱਬ ਹੀ ਦਵਾ ਸਕਦਾ ਹੈ।

ਡਿਗਿਆ ਆਦਮੀ – (ਤਰਲੇ ਨਾਲ) ਐਂ ਮੈਨੂੰ ਆਪਣੇ ਹੱਥ ਦਾ ਥੋੜਾ ਜਿਹਾ ਸਹਾਰਾ ਦੇ ਦਿਓ ਮਹਾਰਾਜ। ਮੈਂ ਤੁਹਾਡੇ ਸਹਾਰੇ ਨਾਲ ਸੜਕ ਤੇ ਆ ਜਾਵਾਂਗਾ।

ਸਾਧੂ – ਕੀ ਸੜਕ ਕੀ ਟੋਆ, ਕੀ ਮੋਰੀ ਕੀ ਖੰਭਾ, ਸਭ ਬਰਾਬਰ ਨੇ। ਇਹ ਸੰਸਾਰ ਸਭ ਝੂਠ ਏ, ਸਭ ਮਾਇਆ ਦਾ ਚੱਕਰ ਹੈ (ਦੋਵੇਂ ਹੱਥ ਫੈਲਾ ਕੇ) ਅਸੀਂ ਤਾਂ ਚਲੇ ਆਂ ਸਿਧੇ ਹਰਦਵਾਰ ਨੂੰ, ਤੈਨੂੰ ਟੋਏ ਵਿਚੋਂ ਤਾਂ ਕੱਢ ਸਕਦੇ ਨਹੀਂ, ਹਾਂ ਏਨਾ ਅਸ਼ੀਰਵਾਦ ਜ਼ਰੂਰ ਦੇ ਸਕਦੇ ਹਾਂ; ਕਿ ਬੇਟਾ, ਜਿਥੇ ਵੀ ਰਵੇਂ, ਸੁਖੀ ਰਵੇਂ।

[ ਸਾਧੂ ਦੇ ਜਾਣ ਤੋਂ ਬਾਅਦ ਦੋ ਆਦਮੀ ਭੱਜੇ ਭੱਜੇ ਆਏ। ]

ਪਹਿਲਾ – ਇਹੀ ਉਹ ਟੋਆ ਹੈ।

ਦੂਸਰਾ – ਹਾਂ, ਹੈ ਤਾਂ ਇਹੀ, ਪਰ ਬੜਾ ਵੱਡਾ ਏ।

ਪਹਿਲਾ – ਤੇ ਏਸ ਵਿਚ ਇਕ ਆਦਮੀ ਈ ਡਿਗਿਆ ਹੋਇਆ ਏ।

ਦੂਸਰਾ – ਤੇ ਏਸ ਟੋਏ ਨੂੰ ਓਨਾ ਚਿਰ ਪੂਰਿਆ ਨਹੀਂ ਜਾ ਸਕਦਾ, ਜਦ ਤਕ ਇਸ ਆਦਮੀ ਨੂੰ ਟੋਏ 'ਚੋਂ ਕਢਿਆ ਨਾ ਜਾਵੇ।

ਪਹਿਲਾ – ਤੇ ਜਦ ਤਕ ਕਢਿਆ ਨਾ ਜਾਵੇ, ਟੋਆ ਪੂਰਿਆ ਨਹੀਂ ਜਾ ਸਕਦਾ।

ਦੂਸਰਾ – ਸਾਡੇ ਕੋਲ ਆਦਮੀ ਨੂੰ ਬਾਹਰ ਕੱਢਣ ਦਾ ਟਾਈਮ ਨਹੀਂ ਹੈ।

ਪਹਿਲਾ – ਤੇ ਟੋਏ ਨੂੰ ਪੂਰਨ ਦਾ ਟਾਈਮ ਨਹੀਂ ਹੈ।

ਦੂਸਰਾ – ਤੇ ਮਨਿਸਟਰ ਸਾਹਿਬ ਦੀ ਸਵਾਰੀ ਦਸ ਮਿੰਟ ਤਕ ਏਧਰੋਂ ਲੰਘਣ ਵਾਲੀ ਹੈ।

ਪਹਿਲਾ – ਤਾਂ ਹੁਣ ਕੀ ਕਰੀਏ ?

ਡਿਗਿਆ ਆਦਮੀ – (ਕਮਜ਼ੋਰ ਆਵਾਜ਼ ਵਿਚ ਚੀਕਦਾ ਹੋਇਆ) ਮੈਨੂੰ ਟੋਏ 'ਚੋਂ ਬਾਹਰ ਕਢੋ।

ਪਹਿਲਾ – (ਗਰਜ ਕੇ) ਚੁਪ ਓਏ ਕੁਤੇ ਦਿਆ ਪੁਤਰਾ। ਬਕਵਾਸ ਬੰਦ ਕਰ। ਹੁਣੇ ਵਜ਼ੀਰ ਸਾਹਿਬ ਏਧਰ ਦੀ ਲੰਘਣ ਵਾਲੇ ਹਨ; ਏਸ ਲਈ ਜਿਥੇ ਪਿਆ ਏਂ ਓਥੇ ਈ ਸਾਹ ਖਿਚ ਕੇ ਪਿਆ ਰਹੋ। ਜੇ ਕੁਸਕਿਆ ਤਾਂ ਖੋਪਰੀ ਭੰਨ ਦਿਆਂਗਾ।

[ ਟੋਏ ਵਾਲਾ ਆਦਮੀ ਸਹਿਮ ਜਾਂਦਾ ਹੈ ਤੇ ਚੁਪ ਕਰ ਜਾਂਦਾ ਹੈ ਅਤੇ ਉਹ ਦੋਵੇਂ ਆਦਮੀ ਆਰ ਪਾਰ ਏਧਰ ਓਧਰ ਵੇਖਦੇ ਹਨ। ]

ਪਹਿਲਾ ਆਦਮੀ – (ਇਸ਼ਾਰਾ ਕਰਕੇ) ਉਹ ਬਿਲਡਿੰਗ ਦੇ ਥਲੇ ਲੱਕੜੀ ਦੇ ਤਖ਼ਤੇ ਜ਼ਮੀਨ ਤੇ ਪਏ ਦਿਸਦੇ ਨੇ ਨਾਂ, ਉਹਨਾਂ ਨੂੰ ਲਿਆ ਕੇ ਇਸ ਟੋਏ ਤੇ ਵਿਛਾ ਦਈਏ। ਜਦੋਂ ਵਜ਼ੀਰ ਸਾਹਿਬ ਚਲੇ ਜਾਣਗੇ ਚੁਕ ਉਥੇ ਹੀ ਰਖ ਦੇਵਾਂਗੇ।

[ ਉਹ ਦੋਵੇਂ ਕਾਹਲੀ ਕਾਹਲੀ ਇਹੀ ਕਰਦੇ ਹਨ ਜਦੋਂ ਉਹ ਮਿੱਟੀ ਫੱਟੇ ਦੁਆਲੇ ਠੀਕ ਕਰ ਰਹੇ ਹਨ ਤਾ ਇਕ ਪਾਸਿਓਂ ਵਜ਼ੀਰ ਸਾਹਿਬ ਆਉਂਦੇ ਹਨ ਆਲੇ ਦੁਆਲੇ ਅਫ਼ਸਰ, ਪ੍ਰੈਸ ਵਾਲੇ ਜੋ ਡਾਇਰੀਆਂ ਕੱਢੀ ਲਿਖ ਰਹੇ ਹਨ ਫੋਟੋ ਗਰਾਫਰ ਫ਼ੋਟੋਆਂ ਖਿਚ ਰਹੇ ਹਨ। ਦੋਵੇਂ ਆਦਮੀ ਕੱਸ ਕੇ ਸਲੂਟ ਮਾਰਦੇ ਆਕੜੇ ਖੜੇ ਹਨ। ]

ਇਕ ਅਫ਼ਸਰ – ਵੇਖੋ ਜਨਾਬ ਸੜਕ ਤੇ ਕੋਈ ਟੋਆ ਨਹੀਂ। ਬੜੀ ਅੱਛੀ ਤਰ੍ਹਾਂ, ਬੜੇ ਲਾਇਕ ਕਰਮਚਾਰੀਆਂ ਬਣਵਾਈ ਹੈ।

ਮੰਤਰੀ - ਟੋਆ ਤਾਂ ਮੈਨੂੰ ਵੀ ਕੋਈ ਨਹੀਂ ਨਜ਼ਰ ਆਉਂਦਾ। ਅਸਲ ਵਿਚ ਸ਼ਿਕਾਇਤ ਕਰਨ ਵਾਲੇ ਹਕੂਮਤ ਨੂੰ ਬਦਨਾਮ ਕਰਨ ਲਈ ਏਸ ਤਰ੍ਹਾਂ ਕਰਦੇ ਨੇ। (ਪ੍ਰੈਸ ਰਿਪੋਰਟਰ ਲਿਖਦੇ ਹਨ)।

ਅਫ਼ਸਰ – ਜਨਾਬ, ਬਹੁਤ ਠੀਕ ਕਿਹਾ ਤੁਸੀਂ ਜਨਾਬ।

ਮੰਤਰੀ – ਐਵੇਂ ਰੌਲਾ ਪਾਉਂਦੇ ਹਨ। ਆਟਾ ਨਹੀਂ ਮਿਲਦਾ। ਬਈ ਜੇ ਨਹੀਂ ਵੀ ਮਿਲਦਾ ਤਾਂ ਰੋਟੀ ਜ਼ਰੂਰ ਖਾਣੀ ਏ, ਫਲ ਖਾਓ, ਸੇਬ ਖਾਓ, ਖਜੂਰਾਂ ਖਾਓ, ਤਰਾਂ ਖਾਓ।

ਅਫਸਰ – ਬਹੁਤ ਠੀਕ ਜਨਾਬ।

ਮੰਤਰੀ – ਡੀਜ਼ਲ ਨਹੀਂ ਤਾਂ ਭਈ ਪਟਰੋਲ ਪਾਓ ਮਸ਼ੀਨਾਂ 'ਚ, ਕੋਲਾ ਨਹੀਂ ਤਾਂ ਗੈਸ ਵਰਤੋਂ ਗੈਸ ਨਹੀਂ ਤਾਂ ਚੀਜ਼ਾਂ ਜ਼ਰੂਰੀ ਗਰਮ ਕਰਕੇ ਖਾਣੀਆਂ ਨੇ, ਠੰਡੀਆਂ ਕਰਕੇ ਖਾਓ।

ਅਫਸਰ – ਬਹੁਤ ਅੱਛਾ ਆਈਡੀਆ ਜਨਾਬ।

ਮੰਤਰੀ – ਮੈਨੂੰ ਵੇਖ ਲਓ, ਜਦੋਂ ਦਾ ਕੋਲਾ ਘਟਿਆ ਹੈ ਮੈਂ ਫਰਿਜ 'ਚ ਠੰਡੀਆਂ ਕੀਤੀਆਂ ਚੀਜ਼ਾਂ ਖਾਂਦਾ ਹਾਂ, ਆਈਸ ਕਰੀਮ ਖਾਂਦਾ ਹਾਂ।

(ਕਹਿੰਦੇ ਹੋਏ ਮੰਤਰੀ ਸਟੇਜ ਤੋਂ ਚਲਾ ਜਾਂਦਾ ਹੈ, ਦੋਵੇਂ ਆਦਮੀ ਆਪਣਾ ਸਲੂਟ ਹਟਾਉਂਦੇ ਹਨ ਤੇ ਛੇਤੀ ਨਾਲ ਫੱਟਾ ਟੋਏ ਤੋਂ ਚੁਕ ਕੇ ਆਪਣੀ ਥਾਂ ਤੇ ਰਖ ਆਉਂਦੇ ਨੇ ਤੇ ਚਲੇ ਜਾਂਦੇ ਹਨ ਟੋਏ ਵਾਲਾ ਆਦਮੀ ਡਰਿਆ ਡਰਿਆ ਵੇਖਦਾ ਹੈ)

ਡਿਗਿਆ ਆਦਮੀ – (ਆਪਣੇ ਆਪ ਨੂੰ) ਹੁਣ ਤਾਂ ਫੇਰ ਰਾਤ ਪੈਂਦੀ ਜਾਂਦੀ ਹੈ। ਹੁਣ ਮੈਨੂੰ ਕਿਸੇ ਨਹੀਂ ਕੱਢਣਾ। ਰੱਬਾ ਮੈਨੂੰ ਮੌਤ ਹੀ ਦੇ ਦੇ।

(ਇਕ ਜ਼ਨਾਨੀ ਇਕ ਪਾਸਿਓਂ ਆਉਂਦੀ ਹੈ। ਉਸ ਦੇ ਕਪੜੇ ਪਾਟੇ ਹਨ ਵਾਲ ਖਿਲਰੇ ਹਨ, ਪਾਗਲਾਂ ਵਾਂਗ ਏਧਰ ਓਧਰ ਵੇਖਦੀ ਹੈ ਤੇ ਟੋਏ ਕੋਲ ਪਹੁੰਚ ਜਾਂਦੀ ਹੈ ਪਰ ਉਸ ਨੂੰ ਟੋਏ ਦਾ ਪਤਾ ਨਹੀਂ ਲਗਦਾ ਪਰ ਡਿਗਿਆਂ ਆਦਮੀ ਉਸ ਨੂੰ ਪਛਾਣ ਲੈਂਦਾ ਹੈ)

ਡਿਗਿਆਂ ਆਦਮੀ – (ਚੀਕ ਕੇ)...

(ਜ਼ਨਾਨੀ ਇਧਰ ਓਧਰ ਵੇਖਦੀ ਹੈ) (ਆਦਮੀ ਜ਼ੋਰ ਦੀ ਚੀਕ ਕੇ) ਮੈਂ ਆਂ। ਇਧਰ ਥੱਲੇ

ਟੋਏ ਵਿਚ ।

(ਜ਼ਨਾਨੀ ਟੋਏ ਤੇ ਝੁਕ ਜਾਂਦੀ ਹੈ) (ਆਦਮੀ ਖੁਸ਼ੀ ਵਿਚ ਕੰਬਦੀ ਆਵਾਜ਼ ਨਾਲ) ਜ਼ਰਾ ਹੱਥ ਨੀਵਾਂ ਕਰ ਠਾਂਹ ਝੁਕ ਕੇ ਹੱਥ ਨੀਵਾਂ ਕਰ। ਮੈਂ ਤੇਰੇ ਹੱਥ ਦਾ ਸਹਾਰਾ ਲੈ ਕੇ ਉਪਰ ਆ ਜਾਵਾਂਗਾ ।

(ਜ਼ਨਾਨੀ ਖੁਸ਼ੀ ਨਾਲ ਹੰਝੂ ਪੂੰਝਦੀ ਹੋਈ ਆਪਣਾ ਹੱਥ ਥਲੇ ਵਧਾਉਂਦੀ ਹੈ ਥਲੇ ਟੋਏ ਵਾਲਾ ਆਦਮੀ ਆਪਣੀ ਜ਼ਨਾਨੀ ਦਾ ਹੱਥ ਫੜ ਕੇ ਉਪਰ ਜਾਣ ਲਈ ਜ਼ੋਰ ਲਾਉਂਦਾ ਹੈ ਤਾਂ ਉਸ ਦੀ ਜ਼ਨਾਨੀ ਖਿਸਕ ਕੇ ਥਲੇ ਟੋਏ ਵਿਚ ਆ ਡਿਗਦੀ ਹੈ ।)

(ਸਟੇਜ ਤੇ ਰੌਸ਼ਨੀ ਬੁਝਦੀ ਹੈ)

ਸਟੇਜ ਦੇ ਪਿਛੋਂ ਆਵਾਜ਼ – ਵਕਤ ਬੀਤਦਾ ਗਿਆ ਤੇ ਏਸ ਸੜਕ ਦੀ ਹਾਲਤ ਵੀ ਸਾਡੇ ਦੇਸ਼ ਦੀ ਹਾਲਤ ਵਾਂਗ ਵਿਗੜਦੀ ਗਈ। ਟੋਏ ਹੋਰ ਡੂੰਘੇ ਹੁੰਦੇ ਗਏ, ਮਹਿੰਗਾਈ ਹੋਰ ਵਧਦੀ ਗਈ, ਗਰੀਬੀ ਹੋਰ ਵਧਦੀ ਗਈ। ਇਸ ਬਦਕਿਸਮਤ ਪਰਵਾਰ ਵਾਂਗ ਲਖਾਂ, ਕਰੋੜਾਂ ਪਰਵਾਰ ਏਸ ਜਿਲਣ ਵਿਚ ਫਸ ਗਏ। ਧਰਤੀ ਉਤਲਿਆਂ ਨੇ ਕਦੀ ਵੀ ਕਿਸੇ ਜਿਲਣ ਵਿਚ ਫਸੇ ਨੂੰ ਇਸ ਵਿਚੋਂ ਬਾਹਰ ਕੱਢਣ ਦੀ ਲੋੜ ਨਾ ਸਮਝੀ, ਸਗੋਂ ਉਹਨਾਂ ਦਾ ਮਜ਼ਾਕ ਉਡਾਇਆ, ਦੁਰਕਾਇਆ, ਮਜਬੂਰੀ ਦਾ ਫਾਇਦਾ ਉਠਾਇਆ ।

ਫੇਰ ਬਾਰਾਂ ਸਾਲ ਬਅਦ ਇਕ ਦਿਨ ਆਇਆ ਜਦੋਂ (ਰੌਸ਼ਨੀ ਹੁੰਦੀ ਹੈ) ਟੋਏ ਵਿਚ ਆਦਮੀ, ਜ਼ਨਾਨੀ ਉਸ ਤੋਂ ਵੀ ਬੁਰੀ ਹਾਲਤ ਵਿਚ ਰੁਲੇ ਹਨ, ਨਾਲ ਦੋ ਬੱਚੇ ਹਨ। ਸਟੇਜ ਦੇ ਇਕ ਪਾਸਿਓਂ ਜਲੂਸ ਆਉਂਦਾ ਹੈ ਉਹਨਾ ਹੱਥ ਵਿਚ ਝੰਡੇ ਫੜੇ ਹਨ ਜਿਨ੍ਹਾਂ ਤੇ ਲਿਖਿਆ ਹੈ "ਸਾਨੂੰ ਰੋਟੀ ਦਿਓ" "ਖਰਚਾ ਦਿਓ" ਤੇ ਉਹ ਹੌਲੀ ਹੌਲੀ ਚਲ ਰਹੇ ਹਨ)

ਸਾਰੇ ਆਦਮੀ – ਸਾਨੂੰ ਰੋਟੀ ਦਿਓ, ਕਪੜਾ ਦਿਓ, ਰਹਿਣ ਨੂੰ ਘਰ ਦਿਓ, ਐਸੇ ਹਾਕਿਮ ਦਿਓ ਜੋ ਸਾਡੇ ਨਾਲ ਬਸ ਲਈ ਲਾਇਨ ਵਿਚ ਸਾਡੇ ਨਾਲ ਖੜੇ ਹੋ ਸਕਣ ।

(ਸਾਰੇ ਟੋਏ ਦੇ ਕਿਨਾਰੇ ਤੇ ਖਲੋ ਜਾਂਦੇ ਹਨ ਤੇ ਹੈਰਾਨੀ ਨਾਲ ਅੰਦਰ ਵੇਖਦੇ ਹਨ) ਇਕ ਦਮ ਬਹੁਤ ਸਾਰੇ ਹੱਥ ਥਲੇ ਟੋਏ ਵਲ ਵਧ ਜਾਂਦੇ ਹਨ ।)

ਇਕ ਆਵਾਜ਼ – ਆਓ ਆਓ, ਉਪਰ ਆਓ, ਟੋਏ ਚੋਂ ਨਿਕਲ ਜਾਓ, ਸਾਡੇ ਨਾਲ ਚਲੋ ।

(ਆਦਮੀ ਦੀਆਂ ਅੱਖਾਂ ਫਟੀਆਂ ਜਹੀਆਂ ਰਹਿ ਜਾਂਦੀਆਂ ਹਨ। ਉਹ ਇਕ ਬੱਚਾ ਆਪਣੇ ਹੱਥਾਂ ਵਿਚ ਲੁਕਾ ਲੈਂਦਾ ਹੈ। ਦੂਸਰਾ ਜ਼ਨਾਨੀ ਆਪਣੀ ਛਾਤੀ ਨਾਲ ਲਾ ਲੈਂਦੀ ਹੈ)

ਜ਼ਨਾਨੀ – (ਸਹਿਮ ਕੇ) ਨਹੀਂ, ਨਹੀਂ, ਨਹੀਂ ।

ਅਵਾਜ਼ – ਅਸੀਂ ਤੁਹਾਨੂੰ ਟੋਏ ਵਿਚੋਂ ਕੱਢਣ ਆਏ ਹਾਂ, ਸਾਡੇ ਨਾਲ ਚਲੋ, ਵੇਖੋ ਬਾਹਰ ਹਵਾ ਕਿੰਨੀ ਤਾਜ਼ੀ ਏ, ਅਸਮਾਨ ਕਿੰਨਾ ਖੁਲ੍ਹਾ ਹੈ, ਆਓ ਸਾਡੇ ਨਾਲ ਮਿਲਕੇ ਇਕ ਉਚੇ ਜੀਵਣ ਲਈ ਕੋਸ਼ਿਸ਼ ਕਰੋ

(ਉਹਨਾਂ ਦੇ ਹੱਥ ਸਹਾਰਾ ਦੇਣ ਲਈ ਹੋਰ ਨੀਵੇਂ ਹੁੰਦੇ ਹਨ) (ਆਦਮੀ, ਜ਼ਨਾਨੀ ਬੱਚੇ ਡਰ ਕੇ ਜ਼ਮੀਨ ਨਾਲ ਲਗ ਜਾਂਦੇ ਹਨ)

ਡਿਗਿਆ ਆਦਮੀ – (ਸਿਰ ਹਲਾ ਕੇ) ਨਹੀਂ, ਨਹੀਂ, ਹੁਣ ਮੈਂ ਤੁਹਾਡੇ ਨਾਲ ਨਹੀਂ ਜਾ ਸਕਦਾ, ਇਸ ਸੜਕ ਦੇ ਟੋਏ ਚੋਂ ਮੈਨੂੰ ਬਹੁਤ ਆਰਾਮ ਏ । ਮੈਨੂੰ ਬਹੁਤ ਆਰਾਮ ਏ...

[ਨਾਟਕੀ ਰੂਪ : ਜਤਿੰਦਰ ਸਿੰਘ ਬਰਾੜ]

(ਪਰਦਾ)

**ਬ** ◻ ਮ੍ਰਿਤਯੁਬੋਧ

**ਲੌ** ◻ ਸ਼ਹਰਯਾਰ

**ਰ** ◻ ਗੁਰਬਖ਼ਸ਼ ਜੱਸ

---

[ ਬਲੌਰ ਕਾਲਮ ਹੇਠ ਅਸੀਂ ਉਹਨਾਂ ਵਿਦਵਾਨਾਂ ਦੇ ਵਿਚਾਰ ਪੇਸ਼ ਕਰਾਂਗੇ ਜੋ ਕਿਸੇ ਨਾ ਕਿਸੇ ਤਰ੍ਹਾਂ ਪ੍ਰਗਤੀਵਾਦੀ ਸਾਹਿਤ ਤੇ ਚਿੰਤਨ ਨਾਲ ਸੰਬੰਧਿਤ ਮਸਲਿਆਂ ਬਾਰੇ, ਵਿਚਾਰ ਪੇਸ਼ ਕਰ ਨਗੇ। ਹੇਠਾਂ ਤਿੰਨ ਵਿਦਵਾਨਾਂ ਦੇ ਵਿਚਾਰ ਹਾਜ਼ਰ ਹਨ । ਮ੍ਰਿਤਯੁਬੋਧ ਸੱਚੀ ਘਟਨਾ ਨਾਲ ਇਹ ਦੱਸਣ ਦਾ ਯਤਨ ਕਰਦਾ ਹੈ ਕਿ ਕਿਸ ਪ੍ਰਕਾਰ ਦਾ ਸਾਹਿਤ ਸਰਕਾਰ ਵਲੋਂ ਖ਼ਤਰਨਾਕ ਸਮਝਿਆ ਜਾਂਦਾ ਹੈ। ਸ਼ਹਰਯਾਰ ਦੱਸਦਾ ਹੈ ਕਿ ਉਸੇ ਸਰਕਾਰ ਦੇ ਠੀਕ ਨੱਕ ਹੇਠ ਵਿਕਦਾ ਜਾਂ ਪ੍ਰਚਾਰਿਆ ਜਾਂਦਾ ਸਾਹਿਤ, ਲੋਕਾਂ ਲਈ ਕਿੰਨਾ ਖ਼ਤਰਨਾਕ ਹੈ। ਜੱਸ ਗ਼ਲਤ ਸੋਚਣੀ ਤੇ ਉਸ ਦੇ ਪ੍ਰਚਾਰ ਪ੍ਰਤੀ ਸਾਨੂੰ ਸੁਚੇਤ ਕਰਦਾ ਹੈ। ]

## ਕਿਨੀ ਵਾਰ ਜ਼ਬਤ ਕਰੋਗੇ ਕਿਤਾਬ

ਹਿੰਦੁਸਤਾਨੀ ਕਾਨੂੰਨ ਕਹਿੰਦਾ ਹੈ ਕਿ ਕਿਸੇ ਆਦਮੀ ਨੂੰ ਇਕੋ ਕਸੂਰ ਲਈ ਇਕ ਤੋਂ ਵਧ ਵਾਰ ਸਜ਼ਾ ਨਹੀਂ ਦਿਤੀ ਜਾ ਸਕਦੀ । ਲੇਕਿਨ ਕੀ ਸਰਕਾਰ ਇਕੋ ਕਿਤਾਬ ਨੂੰ ਹਾਈਕੋਰਟ ਤਕ ਦੇ ਇਸ ਦੇ ਖ਼ਿਲਾਫ਼ ਹੁਕਮ ਹਣ ਉਤੇ ਵੀ ਉਸ ਨੂੰ ਦੂਜੀ ਵਾਰ ਜ਼ਬਤ ਕਰਨ ਦਾ ਹੁਕਮ ਦੇ ਸਕਦੀ ਹੈ – ਇਸ ਬਾਰੇ ਕਾਨੂੰਨ ਸ਼ਾਇਦ ਖ਼ਾਮੋਸ਼ ਹੈ ਪਰ ਰਾਜਿਸਥਾਨ ਸਰਕਾਰ ਨੇ ਇਹੀ ਕੀਤਾ ਹੈ । ਰਾਜਿਸਥਾਨ ਹਾਈਕੋਰਟ ਦੇ ਨੌਜਵਾਨ ਵਕੀਲ ਸ੍ਰੀ ਵਰਿੰਦਰ ਬੰਧੂ ਨੇ ਹਾਈਕੋਰਟ ਵਿਚ ਇਕ ਅਰਜ਼ੀ ਦਾਇਰ ਕਰਕੇ ਆਪਣੀ ਕਿਤਾਬ – ਕ੍ਰਾਂਤੀ ਕਿਉਂ ਔਰ ਕੈਸੇ – ਨੂੰ ਰਾਜਿਸਥਾਨ ਸਰਕਾਰ ਵਲੋਂ ਦੂਜੀ ਵਾਰ ਜ਼ਬਤ ਕੀਤੇ ਜਾਣ ਦੇ ਗੈਜ਼ੇਟਿਡ ਆਰਡਰ ਨੂੰ ਚੁਣੌਤੀ ਦਿਤੀ ਹੈ। ਅਰਜ਼ੀ ਵਿਚ ਉਹਨਾਂ ਨੇ ਮੰਗ ਕੀਤੀ ਹੈ ਕਿ ਉਹਨਾਂ ਦੀ ਕਿਤਾਬ ਨੂੰ ਜ਼ਬਤ ਕਰਨ ਦਾ ਸਰਕਾਰੀ ਹੁਕਮ ਰੱਦ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਹ ਹੁਕਮ ਉਨ੍ਹਾਂ ਨੂੰ ਇਸ ਕਿਤਾਬ ਦਾ ਵਡਾ ਐਡੀਸ਼ਨ ਛਾਪਣ ਤੋਂ ਰੋਕਦਾ ਹੈ ਤੇ ਉਨ੍ਹਾਂ ਕੋਲ ਕਈ ਮਸ਼ਹੂਰ ਪ੍ਰਕਾਸ਼ਕਾਂ ਦੀਆਂ ਉਸ ਨੂੰ ਛਾਪਣ ਦੀਆਂ ਪੇਸ਼ਕਸ਼ਾਂ ਹਨ।

1968–69 ਵਿਚ ਸ੍ਰੀ ਬੰਧੂ ਵਲੋਂ ਲਿਖੀ ਤੇ ਜਨ ਪ੍ਰਕਾਸ਼ਨ ਸਮਿਤੀ ਜੈਪੁਰ ਵਲੋਂ ਛਾਪੀ ਗਈ 28 ਸਫ਼ਿਆਂ ਦੀ ਕਿਤਾਬ – ਕ੍ਰਾਂਤੀ ਕਿਉਂ ਔਰ ਕੈਸੇ ਦੇ ਵਿਸ਼ੇ ਤੋਂ ਇਲਾਵਾ ਇਸ ਦੇ ਕਵਰ ਉਤੇ ਛਪੇ ਸਕੈਚਾਂ ਤੇ ਟੂਕਾਂ ਉਤੇ ਵੀ ਸਰਕਾਰ ਨੂੰ ਇਤਰਾਜ਼ ਹੈ । ਇਸ ਨੂੰ ਜ਼ਬਤ ਕਰਨ ਦੇ 6 ਮਈ ਨੂੰ ਜਾਰੀ ਕੀਤੇ ਗਏ ਖ਼ਾਸ ਗੈਜ਼ੇਟਿਡ ਆਰਡਰ ਵਿਚ ਕਿਤਾਬ ਦੇ ਦੂਜੇ ਤੇ ਤੀਜੇ ਅਧਿਆਏ ਦੇ 24 ਇਤਰਾਜ਼ਯੋਗ ਹਿੱਸਿਆਂ ਦੀਆਂ ਟੂਕਾਂ ਦਿੰਦੇ ਹੋਏ ਕਿਹਾ ਗਿਆ ਹੈ ਕਿ ਇਹ ਹਿੰਦੁਸਤਾਨ ਵਿਚ ਕਾਨੂੰਨ ਰਾਹੀਂ ਬਣੀ ਸਰਕਾਰ ਦੇ ਪ੍ਰਤੀ ਨਫ਼ਰਤ ਤੇ ਬੇਇਜ਼ਤੀ ਲਿਆਉਂਦੇ ਹਨ ਤੇ ਲਿਆਉਣ ਦੀ ਕੋਸ਼ਿਸ਼ ਕਰਦੇ ਹਨ। ਉਸ ਦੇ ਪ੍ਰਤੀ ਰਾਜ ਧਰੋਹ ਭੜਕਾਉਂਦੇ ਹਨ ਤੇ ਭੜਕਾਉਣ ਦੀ ਕੋਸ਼ਿਸ਼ ਕਰਦੇ ਹਨ। ਪਛੜੀਆਂ ਜਮਾਤਾਂ (ਬੇ ਜ਼ਮੀਨ ਕਾਰੀਗਰ ਤੇ

ਮਿਹਨਤ-ਕਸ਼ ਜਮਾਤਾਂ ਤੇ ਅਮੀਰ ਜਮਾਤਾਂ) (ਰਾਜਾ, ਮਹਾਰਾਜਾ, ਜ਼ਿਮੀਦਾਰ ਸੇਠ ਤੇ ਸ਼ਾਹੂਕਾਰ) ਵਿਚ ਆਪਸੀ ਮਿਲਵਰਤਣ ਦੇ ਖ਼ਿਲਾਫ਼ ਹੋਣ ਤੇ ਆਮ ਅਮਨ ਨੂੰ ਭੰਗ ਕਰਨ ਦੀ ਸੰਭਾਵਨਾ ਹੈ। ਇਹ ਵੀ ਕਿਹਾ ਗਿਆ ਹੈ ਕਿ ਅਜਿਹੀ ਸਮਗਰੀ ਪ੍ਰਕਾਸ਼ਨ ਲਈ 1960 ਦੀ ਤਾਜ਼ੀਰਾਤੇ ਹਿੰਦ ਦੀਆਂ ਧਾਰਾਵਾਂ-124 ਏ. ਤੇ 153-ਬੀ. ਦੇ ਤਹਿਤ ਸਜ਼ਾ ਦੇਣ ਦਾ ਮਾਮਲਾ ਬਣਦਾ ਹੈ। ਸਰਕਾਰੀ ਹੁਕਮ ਵਿਚ ਦਿਤਾ ਗਿਆ ਇਕ ਇਤਰਾਜ਼ਯੋਗ ਹਿੱਸਾ ਇਹ ਹੈ : "ਆਜ ਹਮਾਰਾ ਦੇਸ਼ ਕ੍ਰਾਂਤੀ ਕੇ ਦਵਾਰ ਪਰ ਆ ਖੜਾ ਹੂਆ ਹੈ। ਵੋ ਸਾਰੇ ਹਾਲਾਤ, ਜੋ ਇਨਕਲਾਬ ਕੇ ਲੀਏ ਮਾਕੂਲ ਮੌਜੂ ਮਾਨੇ ਗਏ ਹੈਂ, ਮਹਰਸ਼ੀ ਲੈਨਿਨ ਜੈਸੇ ਕ੍ਰਾਂਤੀ ਕੇ ਪ੍ਰਣੇਤਾਓਂ ਦਵਾਰਾ, ਆਜ ਯਹਾਂ ਪੂਰੀ ਤਰਹ ਮੌਜੂਦ ਹੈਂ। ਵਾਕਈ ਆਜ਼ਾਦੀ ਹਾਸਿਲ ਕਰਨਾ ਅਭੀ ਬਾਕੀ ਹੈ, ਜਿਸ ਕੇ ਲੀਏ ਯਹਾਂ ਕਾ ਅਵਾਮ ਬੁਰੀ ਤਰਹ ਛਟਪਟਾ ਰਹਾ ਹੈ ਔਰ ਮੁਕਤ ਹੋਨੇ ਕੇ ਲੀਏ, ਬਿਨਾ ਭ੍ਰਮਿਤ ਹੂਏ, ਸਸ਼ਸਤਰ ਸੰਘਰਸ਼ ਕੀ ਰਾਹ ਪਰ ਬੜ੍ਹ ਚਲਾ ਹੈ ਸੋਚ ਕਰ – 'ਸਰਫ਼ਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ, ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈਂ !"

ਰਾਜ਼ਿਸਥਾਨ ਸਰਕਾਰ ਦੇ ਇਕ ਕਿਤਾਬ ਨੂੰ ਜ਼ਬਤ ਕਰਨ ਦੇ ਹੁਕਮ ਨਾਲ ਕਈ ਦਿਲਚਸਪ ਗੱਲਾਂ ਜੁੜੀਆਂ ਹੋਈਆਂ ਹਨ। ਇਹ ਹੁਕਮ ਸਰਕਾਰ ਵਲੋਂ 26 ਜੁਲਾਈ 1975 ਨੂੰ ਐਮਰਜੈਂਸੀ ਦੌਰਾਨ ਜਾਰੀ ਕੀਤੇ ਗਏ ਸਰਕਾਰ ਦੇ ਇਸੇ ਕਿਤਾਬ ਨੂੰ ਜ਼ਬਤ ਕਰਨ ਦੇ ਹੁਕਮ ਦੀ ਹੂ-ਬ-ਹੂ ਨਕਲ ਲਗਦਾ ਹੈ। ਤੇ ਉਹ ਹੁਕਮ ਵੀ ਉਸ ਸਮੇਂ ਦਿਤਾ ਗਿਆ ਜਦੋਂ ਸ੍ਰੀ ਬੰਧੂ 4 ਜੁਲਾਈ 1975 ਤੋਂ ਹੀ ਮੀਸਾ ਤਹਿਤ ਸੈਂਟਰਲ ਜੇਲ੍ਹ, ਜੈਪੁਰ ਵਿਚ ਨਜ਼ਰਬੰਦ ਸਨ। ਉਹਨਾਂ ਨੂੰ ਸਰਕਾਰੀ ਹੁਕਮ ਬਾਰੇ ਅਖ਼ਬਾਰਾਂ ਤੋਂ ਹੀ ਪਤਾ ਲਗਾ ਸੀ। ਸਤੰਬਰ 1975 ਵਿਚ ਭਰਤਪੁਰ ਜੇਲ੍ਹ ਵਿਚੋਂ ਉਨ੍ਹਾਂ ਨੇ ਹਾਈਕੋਰਟ ਨੂੰ ਇਕ ਅਰਜ਼ੀ ਭੇਜ ਕੇ ਸਰਕਾਰੀ ਹੁਕਮ ਨੂੰ ਚੁਣੌਤੀ ਦਿਤੀ ਤੇ ਜੱਜਾਂ ਦੇ ਸ੍ਰੀ ਦਵਾਰਕਾ ਪ੍ਰਸ਼ਾਦ, ਸ੍ਰੀ ਕੇ.ਐਸ. ਸਿੱਧੂ ਤੇ ਸ੍ਰੀ ਮਹੇਂਦਰ ਭੂਸ਼ਣ ਵਾਲੇ ਬੈਂਚ ਨੇ ਅਰਜ਼ੀ ਉਤੇ ਅਰਜ਼ੀ ਦੇਣ ਵਾਲੇ ਦੇ ਹੱਕ ਵਿਚ ਫ਼ੈਸਲਾ ਦਿੰਦੇ ਹੋਏ ਕਿਹਾ ਕਿ ਜਾਰੀ ਕੀਤੇ ਗਏ ਨੋਟੀਫ਼ਿਕੇਸ਼ਨ ਵਿਚ ਕਿਤਾਬ ਜ਼ਬਤ ਕਰਨ ਦਾ ਕੋਈ ਨਿਆਈ ਆਧਾਰ ਨਹੀਂ ਦਿਤਾ ਗਿਆ ਹੈ। ਹਾਈਕੋਰਟ ਨੇ 2 ਨਵੰਬਰ 1975 ਨੂੰ ਇਹ ਫ਼ੈਸਲਾ ਦਿਤਾ ਤੇ ਸ਼ਾਇਦ ਸ੍ਰੀ ਬੰਧੂ ਦੀ ਗ੍ਰਿਫ਼ਤਾਰੀ ਜਾਇਜ਼ ਠਹਿਰਾਉਣ ਲਈ 10 ਮਾਰਚ 1976 ਨੂੰ ਉਨ੍ਹਾਂ ਦੇ ਖ਼ਿਲਾਫ਼ ਤਾਜ਼ੀ-ਰਾਤੇ ਹਿੰਦ ਦੀ ਧਾਰਾ 124-ਏ ਦੇ ਤਹਿਤ ਰਾਜ-ਧਰੋਹ ਦਾ ਮਾਮਲਾ ਇਕ ਅਦਾਲਤ ਵਿਚ ਦਾਇਰ ਕਰ ਦਿਤਾ ਗਿਆ। ਉਸ ਮਾਮਲੇ ਵਿਚ ਮੁੜ ਇਸੇ ਕਿਤਾਬ ਦੇ ਹਿਸੇ ਦਿੰਦੇ ਹੋਏ ਦਸਿਆ ਗਿਆ ਕਿ ਅਪ੍ਰੈਲ 1970 ਵਿਚ ਇਹ ਕਿਤਾਬ ਖ਼ੁਫ਼ੀਆ ਤੌਰ ਤੇ ਲੋਕਾਂ ਵਿਚ ਸਰਕਾਰ ਪ੍ਰਤੀ ਨਫ਼ਰਤ ਫੈਲਾਉਣ ਤੇ ਹਥਿਆਰਬੰਦ ਬਗ਼ਾਵਤ ਭੜਕਾਉਣ ਲਈ ਵੰਡੀ ਜਾ ਰਹੀ ਸੀ।

1977 ਦੇ ਮਧ-ਜਨਵਰੀ ਵਿਚ ਲੋਕ ਸਭਾ ਲਈ ਚੋਣਾਂ ਦੇ ਐਲਾਨ ਮਗਰੋਂ ਸ੍ਰੀ ਬੰਧੂ ਨੂੰ ਰਿਹਾ ਕਰ ਦਿਤਾ ਗਿਆ ਲੇਕਿਨ ਉਹਨਾਂ ਦੇ ਖ਼ਿਲਾਫ਼ ਰਾਜ-ਧਰੋਹ ਦਾ ਮਾਮਲਾ ਵਾਪਸ ਨਹੀਂ ਲਿਆ ਗਿਆ। ਉਨ੍ਹਾਂ ਨੇ ਜੈਪੁਰ ਦੇ ਜ਼ਿਲਾ ਜੱਜ ਦੀ ਅਦਾਲਤ ਵਿਚ ਮੀਸਾ ਤਹਿਤ ਗ਼ਲਤ ਨਜ਼ਰਬੰਦੀ ਦੇ ਹਰਜਾਨੇ ਲਈ ਇਕ ਮਾਮਲਾ ਦਾਇਰ ਕੀਤਾ। ਸ਼ੁਰੂ ਵਿਚ ਉਹ 69,200 ਰੁਪਏ ਦੇ ਹਰਜਾਨੇ ਦਾ ਦਾਅਵਾ ਕਰ ਰਹੇ ਸਨ ਲੇਕਿਨ ਲੋੜੀਂਦੀ ਕੋਰਟ-ਫ਼ੀਸ ਨਾ ਹੋਣ ਕਰਕੇ ਉਨ੍ਹਾਂ ਨੇ ਇਸ਼ ਨੂੰ ਘਟਾ ਕੇ 30,000 ਰੁਪਏ ਕਰ ਦਿਤਾ। ਆਖ਼ਿਰ ਉਨ੍ਹਾਂ ਨੂੰ ਸਰਕਾਰ ਤੋਂ 14,000 ਮਿਲੇ ਵੀ ਲੇਕਿਨ ਇਹ ਨਾ ਦੇਣ ਲਈ ਸ਼ੇਖ਼ਾਵਤ ਸਰਕਾਰ ਦੇ ਐਡਵੋਕੇਟ-ਜਨਰਲ ਸ੍ਰੀ ਰਾਧਾ ਕ੍ਰਿਸ਼ਨ ਰਸਤੋਗੀ ਮੀਸਾ ਦਾ ਪੱਖ ਲੈਣ ਦੀ ਹੱਦ ਤਕ ਗਏ। ਕਿਹਾ ਜਾਂਦਾ ਹੈ ਕਿ ਉਹ ਸੂਬੇ ਦੇ ਕਾਨੂੰਨ ਮੰਤਰੀ ਸ੍ਰੀ ਵਿਰਧ ਮਲ ਸਿੰਘਵੀ ਦੀਆਂ ਲਿਖਤ ਹਿਦਾਇਤਾਂ ਮੁਤਾਬਕ ਕੰਮ ਕਰ ਰਹੇ ਸੀ। ਇਹ ਵੀ ਜ਼ਿਕਰ ਯੋਗ ਹੈ ਕਿ ਸ੍ਰੀ ਬੰਧੂ ਨੇ ਇਕ ਮਾਮਲੇ ਵਿਚ ਇਕ ਵਾਰ 27,000 ਰੁਪਏ ਦੁਆਏ ਸਨ। ਉਦੋਂ ਦੀ ਜਨਤਾ ਸਰਕਾਰ ਦੇ ਐਮਰਜੈਂਸੀ ਤੇ ਇਸ ਦੌਰਾਨ ਹੋਈਆਂ ਵਧੀਕੀਆਂ ਦੀ ਜਾਂਚ ਕਰਾਉਣ ਲਈ ਕਾਹਨ ਸਿੰਘ ਕਮਿਸ਼ਨ ਬਿਠਾਉਣ ਦੇ ਬਾਵਜੂਦ ਸ਼ਹਿਰੀ ਹੱਕਾਂ ਦੇ ਸਮਰਥਕ ਸ੍ਰੀ ਬੰਧੂ ਨਾਲ ਉਹ ਇਸ ਤਰ੍ਹਾਂ ਪੇਸ਼ ਆਈ।

ਉਨ੍ਹਾਂ ਦੇ ਖ਼ਿਲਾਫ਼ ਉਨ੍ਹਾਂ ਦੀ ਕਿਤਾਬ ਦੇ ਅਧਾਰ ਉਤੇ ਰਾਜ-ਧਰੋਹ ਦਾ ਮਾਮਲਾ ਚਾਰ ਸਾਲ ਮਗਰੋਂ ਵੀ

ਬਿਨਾਂ ਫ਼ੈਸਲੇ ਦੇ ਪਿਆ ਹੋਇਆ ਹੈ ਤੇ ਉਨ੍ਹਾਂ ਨੇ ਇਸ ਕਿਤਾਬ ਨੂੰ ਜ਼ਬਤ ਕਰਨ ਨੂੰ ਚੁਨੌਤੀ ਦਿੰਦੇ ਹੋਏ ਕਿਹਾ ਹੈ ਕਿ ਕਾਨੂੰਨ ਮੁਤਾਬਿਕ ਲੋੜੀਂਦੇ ਅਧਾਰ ਨਹੀਂ ਦਿਤੇ ਗਏ ਹਨ ਤੇ ਉਸ ਦੀ ਸਾਮੱਗਰੀ ਤਾਜ਼ੀ-ਰਾਤੇ ਹਿੰਦ ਦੀਆਂ ਧਾਰਾਵਾਂ 124-ਏ. 1534-ਏ ਜਾਂ 295-ਏ ਦਾ ਉਲਘਣ ਕਰਨ ਵਾਲੀ ਨਹੀਂ ਹੈ। ਇਸ ਦੇ ਨਾਲ ਹੀ ਉਹਨਾਂ ਨੇ ਕਾਰਵਾਈ ਕਰਨ ਲਈ ਫ਼ੌਜਦਾਰੀ ਕਾਨੂੰਨ ਦੀ ਧਾਰਾ 95 ਨੂੰ ਸੰਵਿਧਾਨ ਦੀ ਧਾਰਾ 19 ਦਾ ਉਲੰਘਣ ਕਰਨ ਵਾਲੀ ਵੀ ਕਿਹਾ ਹੈ। ਅਦਾਲਤ ਉਹਨਾਂ ਦੀ ਪਟੀਸ਼ਨ ਉਤੇ ਕੀ ਕਾਰਵਾਈ ਕਰੇਗੀ ਇਹ ਤਾਂ ਉਸ ਉਤੇ ਹੀ ਨਿਰਭਰ ਕਰਦਾ ਹੈ ਲੇਕਿਨ ਇਕ ਗੱਲ ਸਾਫ ਹੈ ਕਿ ਸ੍ਰੀ ਬੰਧੂ ਦੀ ਕਿਤਾਬ ਖੁਲ੍ਹੇ ਆਮ ਵੰਡੀ ਜਾ ਰਹੀ ਹੋਣ ਉਤੇ ਵੀ ਜੇਕਰ ਸਰਕਾਰ ਨੂੰ ਇਸ ਦੀ ਜਾਣਕਾਰੀ ਮਿਲਣ ਵਿਚ ਪੰਜ ਸਾਲ ਲਗੇ ਤੇ ਫੇਰ ਉਸ ਨੂੰ ਹੁਣ ਮੁੜ ਜ਼ਬਤ ਕਰਨ ਦਾ ਹੁਕਮ ਜਾਰੀ ਕਰਨ ਵਿਚ ਹੋਰ ਪੰਜ ਸਾਲ ਲਗੇ ਤਾਂ ਇਹ ਸਰਕਾਰ ਦੀ ਅਕੁਸ਼ਲਤਾ ਤੋਂ ਛੁਟ ਕੁਝ ਨਹੀਂ ਹੈ। ਕਾਨੂੰਨ ਕਮਿਸ਼ਨ ਮਾਮਲਿਆਂ ਦੇ ਨਿਪਟਣ ਵਿਚ ਦੇਰ ਹੋਣ ਬਾਰੇ ਤਾਂ ਚਿੰਤਾ ਪ੍ਰਗਟਾਉਂਦਾ ਰਿਹਾ ਹੈ ਲੇਕਿਨ ਹੁਣ ਇਸ ਦੇ ਇਕੋ ਕਿਤਾਬ ਉਤੇ ਅਦਾਲਤ ਦੇ ਇਸ ਦੇ ਖ਼ਿਲਾਫ਼ ਹੁਕਮ ਦੇ ਬਾਵਜੂਦ ਪਾਬੰਦੀ ਲਾਏ ਜਾਣ ਜਿਹੀਆਂ ਦੋਹਰੀਆਂ ਕਾਰਵਾਈਆਂ ਉਤੇ ਵਿਚਾਰ ਕਰਨ ਦਾ ਸਪਸ਼ਟ ਮਾਮਲਾ ਬਣਦਾ ਹੈ ਤੇ ਇਸ ਨੂੰ ਇਹ ਕਰਨਾ ਚਾਹੀਦਾ ਹੈ।

□ ਮ੍ਰਿਤਯੁਬੋਧ

---

## ਲੋਕਗੀਤ ਤੇ ਬਾਜ਼ਾਰ ਮਾਈ ਸੇਵਾਂ :

ਤੁਸੀਂ ਸਿੱਖ ਇਨਕਲਾਬ ਦੇ ਪ੍ਰਮੁੱਖ ਪ੍ਰੇਰਣਾ ਸ਼ਰੋਤ ਹਰਿਮੰਦਰ ਤੋਂ ਬਾਹਰ ਆ ਕੇ, 'ਛਠਮ ਪੀਰ ਬੈਠਾ ਗੁਰ ਭਾਈ' ਦੇ ਬਰਕਤ ਅਸਥਾਨ, ਅਕਾਲ ਤਖਤ ਤੋਂ ਦਸ ਬਾਰਾਂ ਪੌੜੀਆਂ 'ਉਤਾਂਹ' ਚੜ੍ਹੋ, ਅੱਗੇ ਝੂਠਾ ਬਾਜ਼ਾਰ ਹੈ। ਵੀਹਾਂ ਦੀ ਚੀਜ਼ ਪੰਜ ਵਿੱਚ ਤੇ ਪੰਜਾ ਦੀ ਵੀਹ ਵਿੱਚ ਖਰੀਦ ਲਵੋਂ ਕਿਸੇ ਨੂੰ ਕੋਈ ਮਿਹਣਾ ਨਹੀਂ; ਇਹ ਝੂਠਾ ਬਾਜ਼ਾਰ ਹੈ। ਧਰਮ ਦੀ ਖਾਸੀਅਤ ਹੈ ਕਿ ਉਸ ਦੇ ਬਿਲਕੁਲ ਨਾਲ ਝੂਠਾ ਬਾਜ਼ਾਰ ਹੋਵੇਗਾ। ਇਹ ਝੂਠਾ ਬਾਜ਼ਾਰ ਇਤਨਾ ਸ਼ਕਤੀ ਸ਼ਾਲੀ ਹੈ ਕਿ ਧਰਮ ਵਿਚੋਂ 'ਗ਼ੈਬ' ਨੂੰ ਮਨਫ਼ੀ ਕਰਕੇ ਸਿਰਫ ਬੁੱਤ- ਪ੍ਰਸਤੀ ਜੋਗਾ ਰਹਿਣ ਦੇਵੇਗਾ, ਆਮ ਆਦਮੀ ਨੂੰ। ਚਲੋ ਇਸਦਾ ਨਾਂ ਤਾਂ ਝੂਠਾ ਬਾਜ਼ਾਰ ਹੈ ਹੀ, ਰਤਾ ਪ੍ਰਮੁਖ ਦੁਆਰ ਥਾਣੀ ਬਾਹਰ ਆਉ। ਸ਼ਰਧਾ ਵਲੋਂ ਤੁਹਾਡੀ ਪਿੱਠ ਹੈ, 'ਖੱਬੇ' ਹੱਥ ਮੁੜੋ, ਬਾਜ਼ਾਰ ਮਾਈ ਸੇਵਾਂ ਹੈ। ਇਹ ਪੰਜਾਬੀਅਤ ਦਾ ਅਲਮਬਰਦਾਰ ਬਾਜ਼ਾਰ ਹੈ, ਪੰਜਾਬੀ ਸਾਹਿਤ ਰਾਹੀਂ ਪਰਚਾਰੀ ਜਾਂਦੀ ਪੰਜਾਬੀਅਤ। ਇਹ ਹੈ ਉਹ ਥਾਂ ਜਿਥੇ ਡਾਕਟਰ ਹਰਿਭਜਨ ਸਿੰਘ ਦਾ 'ਸਾਹਿਤ ਵਿਗਿਆਨ' ਵੀ 'ਉਪਲਬਧ' ਹੈ ਤੇ ਨਾਲ ਹੀ ਕੁਝ ਨੰਗੀਆਂ ਪਈਆਂ ਪੁਸਤਕਾਂ ਵੀ 'ਜਾਕਟ ਮਿੱਤਰਾਂ ਦੀ ਪਾ ਕੇ ਚੁਬਾਰੇ ਚੜ੍ਹਦੀ' ਜਾਕਟ ਤਾਂ ਪ੍ਰਵਾਣਿਤ ਪਹਿਰਾਵਾ ਮੰਨ ਲਈਏ ਪਰ ਬਦਲਣ ਲੱਗਿਆਂ ਜਦੋਂ ਕੋਈ ਓਹਲਾ ਨਹੀਂ, ਤਾਂ 'ਚੁਬਾਰੇ' ਤੇ 'ਕੋਠੇ' ਵਿਚਕਾਰ ਭਲਾ ਫਰਕ ਕਿਉਂ ਹੋਣ ਲੱਗਾ ? ਫਰਕ ਸਿਰਫ ਏਨਾ ਹੈ ਕਿ 'ਕੋਠੇ' ਦਾ ਨਾਂ 'ਚੁਬਾਰਾ' ਰੱਖਣ ਨਾਲ ਸੈਂਸਰ ਵਾਲਿਆਂ ਨੂੰ ਕੋਈ ਇਤਰਾਜ਼ ਨਾ ਰਿਹਾ, ਰੀਕਾਰਡਿੰਗ ਕੰਪਨੀਆਂ ਨੂੰ ਲੋਕਾਂ ਦੀਆਂ ਵਿਰੇਚਨ-ਪ੍ਰਵਿਰਤੀਆਂ 'ਕੈਸ਼' ਕਰਨ ਦਾ ਮੌਕਾ ਮਿਲ ਗਿਆ, ਤੇ ਸਰਮਾਇਆ ਹੁੰਝਣ ਵਾਲੀ ਇਕ ਅਦ੍ਰਿਸ਼ ਸ਼ਕਤੀ ਨੇ 'ਦੁੱਲੇ' ਦੀਆਂ ਵਾਰਾਂ ਗਾਉਣ ਦੇ ਅਗਲੇ ਇਤਿਹਾਸਕ ਕਰਮ ਵਿੱਚ ਜੋ ਹਾਂ-ਵਾਚਕ ਕਦਮ ਲਿਆ, ਉਸਦਾ ਇਵਜ਼ਾਨਾ ਉਸ ਨੂੰ ਮਿਲ ਗਿਆ, 'ਖੂਹ ਵਿਚ ਛਾਲ'। ਹਸਨਪੁਰੀ ਨੇ ਜੋ ਨਾਂਹ-ਵਾਚਕ ਕੜੀਆਂ ਵਿਚ ਕੜੀ ਜੋੜੀ, ਉਸ ਦੀਆਂ ਦਿੱਤੀਆਂ ਗਾਜਰਾਂ ਵਿੱਚ ਉਸ ਰੰਬਾ ਰੱਖ ਲਿਆ, ਬੰਬਈ ਵਿੱਚ ਛਾਲ, ਫਿਲਮੀ ਸਨਅਤ ਵਿੱਚ ਛਾਲ। ਪੈਸੇ ਦੇ ਢੇਰ ਵੱਲ ਛਾਲ। ਨੂਰਪੁਰੀ ਨੇ 'ਨੂਰ' ਪੁਰ ਨੂੰ ਪ੍ਰਵਾਣਤ ਮਹਿਮਾ ਦਿਤੀ ਅਤੇ ਹਸਨਪੁਰੀ ਨੇ 'ਹਸਨ' ਦੀ ਪੁਰੀ, 'ਪੁੱਠੇ' ਕਾਮਿਆਂ ਵਿੱਚ ਪਾ ਕੇ, ਲੋਕ-ਸਾਹਿਤ ਦੀਆਂ, ਲੋਟੂ ਵਰਗ ਵੱਲੋਂ, ਸ਼ੋਸ਼ਿਤ ਵਰਗ ਦਾ ਸਭਿਆਚਾਰਕ ਪਹਿਲੂ ਪਲੀਤ ਕਰਨ ਦੀਆਂ ਸੰਭਾਵਨਾਵਾਂ 'ਉਜਾਗਰ' ਕੀਤੀਆਂ। ਇਨ੍ਹਾਂ ਸੰਭਾਵਨਾਵਾਂ ਨਾਲ ਹਵਾ ਤੱਕ ਨੂੰ ਦੂਸ਼ਿਤ ਕਰਨ ਦੀ ਜ਼ਿਮੇਵਾਰੀ ਆਪਣੇ ਸਿਰ ਲੈ ਲਈ ਅਕਾਸ਼ਵਾਣੀ ਨੇ। ਜਲੰਧਰ ਨਾਥ ਦੇ ਤਪੋਸਥਾਨ ਤੇ, ਧਰਤੀ ਦੀ ਹਿੱਕ ਵਿੱਚ; ਲਾਲ ਚਿੱਟੇ ਰੰਗ ਦੇ ਗਗਨ-ਚੁੰਬੀ ਖੰਭੇ ਗੱਡ ਦਿੱਤੇ। 'ਇਹ ਅਕਾਸ਼ਵਾਣੀ ਜਲੰਧਰ ਹੈ, ਹੁਣ ਤੁਸੀਂ ਬੀਬੀ-ਬੀਬਾ ਕੋਲੋਂ ਲੋਕ-ਗੀਤ ਸੁਣੋਗੇ' ਤੇ ਲੋਕ-ਗੀਤ ਆਉਂਦਾ ਹੈ 'ਤੇਰੀ ਲਵਾਂ ਮੈਂ ਫੋਟੋ ਖਿੱਚ'। ਸ਼ਾਇਦ ਸਰਕਾਰੀ ਤੌਰ ਤੇ ਟੈਕਸ ਤੋਂ ਛੋਟ ਮਿਲੀ ਫਿਲਮ ਦਾ ਗੀਤ ਹੈ। ਗੀਤ ਦੇ ਸ਼ਬਦਾਂ ਤੇ

ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ। ਇਹ ਤਾਂ ਬਲਕਿ ਲੋਕ-ਗੀਤ 'ਅੱਖੀਆ 'ਚ ਯਾਰ ਵੱਸਦਾ' ਤੋਂ ਵੀ ਉਰ੍ਹਾਂ ਦੀ ਗੱਲ ਹੀ ਹੈ। ਅਤੇ ਉਚਾਰਣ ਵਿਚਲਾ ਫਰਕ ਬਦੋਬਦੀ 'ਸ਼ੰਕੇ' ਬਣ ਜਾਂਦਾ ਹੈ। ਲੋਕ ਤਾਂ ਚਿਤਰਹਾਰ 'ਚ ਗੀਤ ਚੱਲਦਾ ਦੇਖ ਕੇ ਹੀ ਹੱਸਦੇ ਨੇ, ਇਨ੍ਹਾਂ ਸ਼ੰਕਾਂਵਾਦੀਆਂ ਬਾਰੇ ਕੋਈ ਕੀ ਕਰੇ ?

ਅਕਾਸ਼ਵਾਣੀ ਦੀ ਏਦੋਂ ਵੱਧ ਲੱਚਰ 'ਵਾਣੀ' ਕੀ ਹੋ ਸਕਦੀ ਹੈ ਕਿ ਉਹ ਲੱਚਰ ਗੀਤਾਂ ਨੂੰ ਲੋਕ-ਗੀਤ ਕਹਿੰਦੇ ਹੈ। ਲੋਕ-ਗੀਤ ਦੀ ਸ਼ਨਾਖਤ ਏਡੇ ਵੱਡੇ ਖਿੱਤੇ ਦੀ ਖ਼ਿਲਾਅ 'ਚ ਪ੍ਰਤੀਨਿਧਤਾ ਕਰ ਰਹੀ ਏਸ ਸੰਸਥਾ ਨੂੰ ਨਹੀਂ। ਕਾਰਨ ? ਦਿੱਲੀ ਜਾਂ ਬੰਬਈ ਦੇ ਇੱਕ ਵਰਗ ਵਿਸ਼ੇਸ਼ ਦੀ ਜਾਂ ਇਹੋ ਜਿਹੀ ਹੋਰ ਇਖਲਾਕੀ ਜ਼ਹਿਨੀਅਤ ਵਾਲੇ ਤਬਕੇ ਦੇ ਪ੍ਰੋਡਿਊਸਰ ਡਾਇਰੈਕਟਰ 'ਲੋਕ' ਬਾਰ ਕੀ ਜਾਣ ਸਕਦੇ ਹਨ ? ਕਿਉਂ ਜਾਨਣਗੇ ? ਉਹ ਆਪਣ ਤਬਕੇ ਦੀਆਂ ਲੋੜਾਂ ਦੇ ਅਨੁਕੂਲ ਸਾਡਾ ਮਨ-ਮੰਡਲ, ਬਰਾਸਤਾ ਸੁਰ-ਮੰਡਲ ਗੰਧਲਾਉਣ ਵਿੱਚ ਆਪਣਾਂ ਪੂਰਾ ਯੋਗਦਾਨ ਦੇ ਰਹੇ ਹਨ। ਰੇਡੀਉ ਤੇ ਗੀਤ ਗਾਉਣ ਮਗਰੋਂ ਆਦਮੀ ਰੇਡੀਉ ਆਰਟਿਸਟ ਬਣ ਜਾਂਦਾ ਹੈ, ਉਸ ਨੂੰ ਦੂਰ-ਦਰਾਜ਼, ਅਤੇ ਪੰਜਾਬ ਦੇ ਧੁਰ ਅੰਦਰ ਤੱਕ ਮਾਣ ਇਜ਼ਤ ਦੀ ਨਜ਼ਰ ਨਸੀਬ ਹੋ ਜਾਂਦੀ ਹੈ। ਲੋਕ-ਮਾਨਸਿਕਤਾ ਉਤੇ ਉਸਦੇ 'ਲੋਕ-ਗੀਤਾਂ 'ਤੇ ਅਧਿਕਾਰੀ ਹੋਣ ਦੀ ਛਾਪ ਲੱਗ ਜਾਂਦੀ ਹੈ। ਲੋਕ ਦੀ ਆਪਣੀ ਲੋਕ-ਮਾਨਸਿਕਤਾ ਉਨ੍ਹਾਂ ਨੂੰ ਘਟੀਆ ਜਾਪਣ ਲੱਗ ਪੈਂਦੀ ਹੈ ਤੇ ਉਹ ਇਸ ਸੋਚੇ ਸਮਝੇ ਤਾਣੇ ਬਾਣੇ ਦੀ ਭੇਟ ਚੜ੍ਹਾ ਦੇਂਦੇ ਹਨ ਆਪਣੇ ਲੋਕ-ਵਿਰਸੇ ਨੂੰ ਕਈ ਵਾਰੀ ਵਿਸਰਭੋਲ ਹੀ।

ਹਾਕਮ ਵਰਗ ਜਾਣਦਾ ਹੈ ਕਿ ਲੋਕਾਂ ਨੂੰ ਜੋ ਪੁੜੀ ਪਿਆਉਣੀ ਹੈ ਉਸਦਾ ਸਭ ਤੋਂ ਕਾਰਗਰ ਤਰੀਕਾ ਹੈ ਲੋਕ ਮੁਹਾਵਰੇ ਦੀ ਵਰਤੋਂ। ਇਹ ਢੰਗ ਨਾਜ਼ੀਆਂ ਵਰਤਿਆ ਜਰਮਨ ਕੌਮ ਦੀ ਸਰਵਸ੍ਰੇਸ਼ਠਤਾ ਦਾ ਕਨੂੰਨ ਜਰਮਨਾਂ ਦੇ ਸਿਰ ਵਿੱਚ ਭਰ ਕੇ। ਅਗਾਂਹਵਧੂ ਮੁਲਕ ਤਾਂ ਇਸ ਬਾਰੇ ਸੁਚੇਤ ਪੱਧਰ ਤੇ ਯਤਨਸ਼ੀਲ ਰਹੇ ਹਨ ਤੇ ਰਹਿੰਦੇ ਹਨ। ਰੂਸ ਨੇ ਇਨ੍ਹਾ ਧਾਰਨਾਵਾਂ ਦੀ ਫੌਜੀ ਸਮੂਹਗਾਨਾਂ ਵਿੱਚ ਵਰਤੋਂ ਕੀਤੀ। ਚੀਨ ਨੇ ਇਸ ਮੁਹਾਵਰੇ ਦਾ ਆਸਰਾ ਲਿਆ। 'ਚਿਟੇ ਵਾਲਾਂ ਵਾਲੀ ਕੁੜੀ' ਉਨ੍ਹਾਂ ਦੀ ਇਨਕਲਾਬੀ ਮੁਹਾਵਰੇ ਦੀ ਨਾਇਕਾ ਹੈ। ਪੰਜਾਬੀ ਵਿੱਚ ਵੀ ਕੁਝ ਯਤਨ ਹੋਏ ਹਨ। ਪਰ ਸ਼ਿਵ ਦਾ 'ਚੀਰੇ ਵਾਲਿਆ' ਕਾਲਜੀ ਵਿਦਿਆਰਥੀਆਂ ਦੇ ਕੰਵਲੀਅਨ ਰੋਮਾਂਟਿਕ ਅਦਰਸ਼ਵਾਦ ਤੋਂ ਲਾਂਭੇ ਨਹੀਂ ਜਾ ਸਕਦਾ, ਅਤੇ 'ਉਦਾਸੀ' ਫੇਰ ਇਸ ਮਾਧਿਅਮ ਨੂੰ ਹੀਣਾ ਸਮਝ ਕੇ 'ਚੌਣਕਰੀਆਂ ਸੀਖਾਂ' ਪਿੱਛੇ ਮੱਧ-ਵਰਗ ਤੋਂ ਪਰਵਾਨਗੀ ਲੈਣ ਦਾ ਕੈਦੀ ਬਣ ਗਿਆ। ਸ਼ਿਵ ਕੋਲ ਇੱਕ ਵਿਸ਼ਵਾਸ਼ ਹੈ ਤੇ ਉਦਾਸੀ ਕੋਲ ਇਕ ਭਟਕਣਾ। ਸ਼ਿਵਦਾ ਵਿਸ਼ਵਾਸ਼ ਸਾਡੇ ਲਈ ਖਤਰਾ ਨਹੀਂ, ਉਦਾਸੀ ਭਟਕਣ ਜ਼ਰੂਰ ਇੱਕ ਉਦਾਸ ਸੁਰ ਹੈ। ਇਉਂ ਸਾਹਿਤਕ ਖੇਤਰ ਵਿੱਚ ਇਸ ਧੁਨੀ ਵਿੱਚ ਗਾਏ ਜਾਣ ਵਾਲੇ ਗੀਤਾਂ ਦੇ ਰਚਣਹਾਰ ਆਪਣੇ ਖ਼ਮੀਰ ਵਿੱਚ ਜਿਹੜੀਆਂ ਸੀਮਾਵਾਂ ਦੇ ਬੀਜਾਣੂ ਲਈ ਬੈਠੇ ਸਨ, ਉਨ੍ਹਾਂ ਦੀ ਮਾਰ ਤੋਂ ਉਹ ਮੁਕਤ ਨਹੀਂ ਹੋ ਸਕੇ।

'ਬਮੂਲੇ ਦੇ ਕੋਲ ਕੋਲ ਦੀ ਸਿੱਧੀ ਸਿੱਖ ਦੇ ਮੰਜੇ ਨੂੰ ਆ ਜਾ' ਆਪਣੇ ਅਸਲੀ ਪਰਿਪੇਖ ਵਿੱਚ ਜਿਸ ਡਰਾਵਣੇ ਯਥਾਰਥ ਦੇ ਰੂਬਰੂ ਸਾਨੂੰ ਕਰਦਾ ਹੈ, ਜਿਸ ਸਮਾਜਕ ਤੌਰ ਤੇ ਪ੍ਰਵਾਣਤ ਰਿਸ਼ਤੇ ਦੀ ਅੰਤਰ ਆਤਮਾ ਦੀ ਸਾਧਾਰਨ ਪਰਵਾਨਗੀ ਦੀ ਗਰੀਬੀ ਨੂੰ ਮਖੌਲ ਜਿਸ ਤਰ੍ਹਾਂ ਇਹ ਗੀਤ ਕਰਦਾ ਹੈ ਗੀਤ ਵਿੱਚ ਜਿਸ ਪਾਸ਼ਵਿਕ ਚਿਤ੍ਰਣ ਦੀ ਜ਼ੋਰਾਵਰ ਜੁੰਬਸ਼ ਨੂੰ ਜਿਹੜਾ ਝਟਕਾ ਸਿਰਫ 'ਨ੍ਹੇਰੇ ਦੀ ਓਟ ਵਰਗਾ ਅੰਦਾਜ਼ਾ' ਦੇਂਦਾ ਹੈ, ਬਾਜ਼ਾਰ ਮਾਈ ਸੇਵਾਂ ਉਸੇ ਯਥਾਰਥ ਦਾ ਨਗਨ ਰੂਪ ਪੇਸ਼ ਕਰਦਾ ਹੈ, ਪਰਿਪੇਖ ਤੋਂ ਵਿਛੁੰਨ ਕੇ, 'ਭਾਈ ਜੀ ਤੇ ਮੈਂ ਡਿਗ ਪਈ :

ਪੇਂਡੂ ਤੇ ਸ਼ਹਿਰੀ ਜੀਵਨ ਵਿੱਚ ਇੱਕ ਪਰਸਪਰ ਵਿਰੋਧ ਵੀ ਚੱਲਦਾ ਹੈ, ਸਹੂਲੀਅਤ, ਅਸਹੂਲੀਅਤ ਦਾ, ਇੱਕ ਪਰਸਪਰ ਸਾਂਝਾ ਵਪਾਰ ਵੀ ਚੱਲਦਾ ਹੈ, 'ਮਰਾੜਾਂ' ਤੇ 'ਬਰੀਕਿਆਂ' ਦੇ ਉਪਰੋਕਤ ਬਾਜ਼ਾਰ ਨਾਲ ਯੋਜਨਾ ਬਧ ਭਿਆਲੀ ਰਾਹੀਂ। ਇਸ ਭਿਆਲੀ ਦੀ ਲਪੇਟ ਵਿੱਚ ਸਾਡੇ 'ਇਨਕਲਾਬੀ' ਸ਼ਾਇਰ ਵੀ ਆ ਜਾਂਦੇ ਹਨ ਜਿਹੜੇ ਉਸ ਗੀਤਕਾਰ ਨੂੰ, ਵੱਸ ਚਲਦਾ ਹੋਵੇ ਤਾਂ ਰਾਸ਼ਟਰਪਤੀ ਐਵਾਰਡ ਵੀ ਦਿਵਾ ਦੇਣ ਜਿਹੜਾ ਹੇਠ ਲਿਖੀਆਂ ਸਤਰਾਂ ਨਾਲ 'ਅੰਤਰ-ਰਾਸ਼ਟਰੀ ਔਰਤ ਵਰ੍ਹੇ ਮਗਰੋਂ ਵੀ ਔਰਤ ਨੂੰ ਖਿਡੌਣਾ ਬਣਾਉਣ ਦੀ ਸਾਜ਼ਿਸ਼ ਰਚਦਾ ਹੈ।'

"ਜੋੜੀ ਜਦੋਂ ਚੁਬਾਰੇ ਚੜ੍ਹਦੀ, ਦਿਲ ਵਿੱਚ ਦੇਖ ਗਵਾਂਢਣ ਸੜਦੀ, ਸਾਰੇ ਪਿੰਡ ਵਿਚ ਗੱਲਾਂ ਕਰਦੀ, ਮੇਰੇ ਹੌਲੇ ਭਾਰ ਦੀਆਂ, ਬਿੱਚੀਆਂ ਪਾਉਂਦਾ ਰਹਿੰਦਾ ਨੀ ਮੁੰਡਾ ਮੁਟਿਆਰ ਦੀਆਂ।"

ਔਰਤ ਆਪਣੇ ਮੂੰਹੋਂ ਆਪਣੀਆਂ 'ਬਿੱਚੀਆਂ' ਪੈਂਦੀਆਂ ਦੇਖ ਕੇ ਖੁਸ਼ ਹੋ ਸਕਦੀ ਹੈ ? ਆਪਣੀ ਭਾਰੀ

ਗੇਰੀ ਸ਼ਖਸੀਅਤ ਨੂੰ 'ਹੌਲਿਆਂ' ਬਣਾ ਸਕਦੀ ਹੈ ? ਓਇ ਯੂਨੀਵਰਸਿਟੀਆਂ, ਕਾਲਜਾਂ ਦੇ ਜਾਂ ਪੜ੍ਹਦੇ ਪੜਾਉਂਦੇ, ਇਲਮਦੀਨੋ, ਤੁਹਾਨੂੰ ਕੋਈ ਗੈਰਤ ਨਹੀਂ ਆਉਂਦੀ ਜਦੋਂ ਸਾਡੇ ਸਦੀਆਂ ਪੁਰਾਣੇ, ਸਭਿਆਚਾਰਕ ਵਿਰਸੇ ਨੂੰ ਸਾਡ ਹੀ ਮੁਹਾਵਰੇ 'ਚ ਪਲੀਤ ਕੀਤਾ ਜਾ ਰਿਹਾ ਹੋਵੇ ਅਤੇ ਤੁਸੀਂ ਪੜ੍ਹ ਰਹੇ ਹੋਵੋ ਜਾਂ ਤੁਹਾਡੀਆਂ ਅੱਖਾਂ 'ਚ ਰੜਕ ਰਹੇ ਹੋਣ ਬਾਜ਼ਾਰ ਮਾਈ ਸੇਵਾਂ ਦੇ ਕਾਲੇ ਕੀਤੇ ਕਾਗਜ਼ ।

'ਖਿੱਚ ਕੇ ਛੜੇ ਨੇ ਅੱਖ ਮਾਰੀ'
'ਘੱਗਰੀ ਮੀਤੋ ਦੀ'
'ਕੂਲਰ ਛੜਿਆਂ ਦਾ'

□ ਸ਼ਹਰਯਾਰ

## ਕਰੋੜਪਤੀ ਬਨਣ ਦੇ ਨੁਸਖੇ ਦੀ ਅਸਲੀਅਤ

22 ਜੂਨ ਦੀ 'ਪੰਜਾਬੀ ਟ੍ਰਿਬਿਊਨ' ਵਿਚ ਕੰਗਾਲੀ ਤੋਂ ਕਰੋੜਪਤੀ ਬਣਨ ਤੀਕ, ਲੇਖ ਵਿਚ ਕ੍ਰਿਸ਼ਨ ਕੁਮਾਰ ਰੱਤੂ ਨੇ ਸਮਾਜ ਨੂੰ ਲੁਟਣ ਵਾਲੇ ਵਿਅਕਤੀਆਂ ਦੇ ਪੱਖ ਵਿਚ ਵਕਾਲਤ ਕੀਤੀ ਹੈ। ਪਹਿਲੀ ਗਲ ਤਾਂ ਇਹ ਕਿ ਦੁਨੀਆਂ ਦੇ ਇਹਨਾਂ ਅਮੀਰ ਆਦਮੀਆਂ ਨੇ ਕਦੇ ਵੀ ਕੰਗਾਲੀ ਤੋਂ ਜੀਵਨ ਸ਼ੁਰੂ ਨਹੀਂ ਸੀ ਕੀਤਾ — ਹਾਂ, ਸਾਧਾਰਣ ਜਾਂ ਆਮ ਪੱਧਰ ਤੋਂ ਭਾਵੇਂ ਸ਼ੁਰੂ ਕੀਤਾ ਹੋਵੇ। ਉਸ ਦੇ ਅਨੁਸਾਰ ਇਹ ਸਾਰੇ ਵਿਅਕਤੀ ਸਿਰਫ਼ ਮਿਹਨਤ ਸਦਕਾ ਹੀ ਕਰੋੜਪਤੀ ਬਣੇ ਹਨ । ਉਸ ਦੇ ਇਹ ਵੀ ਵਿਚਾਰ ਗੁਮਰਾਹ ਕਰਨ ਵਾਲਾ ਹੈ । ਫ਼ੋਰਡ ਤੇ ਰਾਕਫੈਲਰ ਵਰਗੇ ਜਿਨ੍ਹਾਂ ਕਰੋੜਪਤੀਆਂ ਦਾ ਇਥੇ ਜ਼ਿਕਰ ਹੈ, ਉਹਨਾਂ ਨੇ ਸਾਧਾਰਣ ਜੀਵਨ ਤੋਂ ਕਰੋੜਪਤੀ ਬਣਨ ਵਿਚਕਾਰ ਲੱਖਾਂ ਮਿਹਨਤਕਸ਼ ਲੋਕਾਂ ਨਾਲ ਪਰਦੇ ਪਿਛੇ ਜਾਂ ਸਾਹਮਣੇ ਜਿਹੜੀਆਂ ਬੇਈਮਾਨੀਆਂ ਅਤੇ ਧੋਖੇ ਕੀਤੇ ਹਨ — ਉਹ ਸਭ ਕੁਝ ਪਤਾ ਨਹੀਂ 'ਰਤੂ' ਹੁਰਾਂ ਨੂੰ ਕਿਉਂ ਦਿਖਾਈ ਨਹੀਂ ਦਿਤੇ। ਨਾਲ ਇਹ ਵੀ ਇਕ ਇਤਿਹਾਸਕ ਸਚਾਈ ਹੈ ਕਿ ਕੋਈ ਵਿਅਕਤੀ ਸਾਧਾਰਣ ਜੀਵਨ ਪੱਧਰ ਤੋਂ ਸ਼ੁਰੂ ਹੋ ਕੇ ਮਿਹਨਤ ਅਤੇ ਸੰਘਰਸ਼ ਸਦਕਾ ਜੀਵਨ ਵਿਚ ਵਧੀਆ ਰੋਟੀ ਕਪੜਾ ਤਾਂ ਖਾ ਹੰਢਾ ਸਕਦਾ ਹੈ ਪਰ ਜੇ ਉਹ ਸਚਾਈ ਅਤੇ ਈਮਾਨਦਾਰੀ ਨੂੰ ਪੱਲੇ ਰਖ ਕੇ ਚਲਣਾ ਚਾਹੇ ਤਾਂ ਉਹ ਕਰੋੜਪਤੀ ਤਾਂ ਕੀ ਕਦੇ ਲਖਪਤੀ ਵੀ ਨਹੀਂ ਬਣ ਸਕਦਾ। ਕੋਈ ਸਰਮਾਏਦਾਰ ਸਨਅਤ ਵਿਚ ਸਰਮਾਇਆ ਲਾ ਕੇ ਅਤੇ ਪੈਦਾਵਾਰੀ ਸਾਧਨਾਂ ਨੂੰ ਆਪਣੇ ਕਬਜ਼ੇ ਵਿਚ ਕਰਕੇ ਆਪਣੀ ਦੌਲਤ ਕਿਵੇਂ ਕਈ ਗੁਣਾ ਵਧਾ ਲੈਂਦਾ ਹੈ ? ਕੀ ਸਿਰਫ਼ ਸਰਮਾਇਆ ਜਾਂ ਮਸ਼ੀਨਾਂ ਹੀ ਉਤਪਾਦਨ ਕਰਦੀਆਂ ਹਨ ? ਉਤਪਾਦਨ ਲਈ ਹਮੇਸ਼ਾਂ ਮੁਖ ਮਨੁੱਖੀ ਕਿਰਤ ਸ਼ਕਤੀ ਦੀ ਲੋੜ ਹੁੰਦੀ ਹੈ। ਮਜ਼ਦੂਰਾਂ ਨੂੰ ਇਵਜ਼ਾਨੇ ਪੂਰੀ ਉਜਰਤ ਦੇਣ ਦੀ ਥਾਂ ਘਟ ਉਜਰਤ ਦੇ ਕੇ ਜੋ ਲਾਭ ਕਮਾਇਆ ਜਾਂਦਾ ਹੈ ਉਹ ਅਸਲ ਵਿਚ ਮਿਹਨਤੀ ਦਾ 'ਮਾਰਿਆ ਹੱਕ' ਹੀ ਹੁੰਦਾ ਹੈ। ਸਰਮਾਏ ਨਾਲ 'ਦਿਮਾਗ' ਅਤੇ 'ਲਿਆਕਤ' ਖ਼ਰੀਦੇ ਜਾਂਦੇ ਹਨ ਜੋ ਮਨੁਖੀ ਸ਼ਕਤੀ ਨੂੰ ਇਸ ਢੰਗ ਨਾਲ ਯੋਜਨਾਬਧ ਕਰਦੇ ਹਨ ਕਿ ਵਧ ਤੋਂ ਵਧ ਉਤਪਾਦਨ ਕੀਤਾ ਜਾ ਸਕੇ ਤਾਂ ਜੋ ਮਜ਼ਦੂਰਾਂ ਦਾ ਵਧ ਤੋਂ ਵਧ ਹੱਕ ਮਾਰ ਕੇ ਵਧ ਤੋਂ ਵਧ ਲਾਭ ਕਮਾਇਆ ਜਾ ਸਕੇ। ਇਥੇ ਲੇਖਕ ਨੇ ਇਹ ਵੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਜੋ ਗਰੀਬ ਹੈ ਉਹ ਨਿਖੱਟੂ ਹੈ ਅਤੇ ਦੁਨੀਆਂ ਦੇ ਕਰੋੜਪਤੀਆਂ ਵਾਂਗ ਹਰ ਮਿਹਨਤਕਸ਼ ਮਿਹਨਤ ਕਰਕੇ ਅਮੀਰ ਬਣ ਸਕਦਾ ਹੈ। ਇਥੇ ਐਮਰਜੈਂਸੀ ਵਿਚ ਐਲਾਨੇ ਗਏ ਨਾਹਰੇ ਅਤੇ 'ਮਹਾਂਵਾਕ' ਸਾਡੇ ਸਾਹਮਣੇ ਹਨ, "ਮਿਹਨਤ ਬਿਨਾਂ ਕੋਈ ਚਾਰਾ ਨਹੀਂ", "ਅਨੁਸ਼ਾਸਨ ਹੀ ਕੌਮ ਨੂੰ ਮਹਾਨ ਬਣਾਉਂਦਾ ਹੈ।" ਇਥੇ ਕੌਮ ਤਾਂ 'ਮਹਾਨ' ਨਾ ਬਣ ਸਕੀ ਪਰ 'ਅਨੁਸ਼ਾਸਨ' ਸਰਕਾਰ ਜ਼ਰੂਰ ਹੜਤਾਲਾਂ, ਮੁਜ਼ਾਹਰਿਆਂ ਅਤੇ ਰੈਲੀਆਂ ਤੇ ਪਾਬੰਦੀ, ਲਾਉਣ ਵਿਚ ਸਫਲ ਰਹੀ । ਸਰਕਾਰ ਦੇ ਇਹਨਾਂ ਸਾਰਿਆਂ ਕਦਮਾਂ ਨੇ ਬਿਰਲੇ ਸਰਮਾਏਦਾਰੀ ਨੂੰ ਹੋਰ ਤਕੜਿਆਂ ਕੀਤਾ ।

ਲੇਖਕ ਨੇ ਕਰੋੜਾਂ ਮਿਹਤਕਸ਼ ਲੋਕਾਂ ਦੇ ਮਨਾਂ ਵਿਚ ਸਿਰਫ਼ ਇਹ ਭੁਲੇਖਾ ਅਤੇ ਖ਼ੁਸ਼-ਫਹਿਮੀ ਹੀ ਭਰਨ ਦੀ ਨਾਕਾਮ ਕੋਸ਼ਿਸ਼ ਕੀਤੀ ਹੈ ਕਿ ਉਹ ਸਾਰੇ ਹੀ 'ਮਿਹਨਤ ਅਤੇ ਕਿਸਮਤ' ਸਦਕਾ ਕਰੋੜਪਤੀ ਬਣ ਸਕਦੇ ਹਨ। ਇਥੇ ਲੇਖਕ ਦੀ ਇਹ ਧਾਰਨਾ ਵੀ ਸਪਸ਼ਟ ਹੋ ਜਾਂਦੀ ਹੈ ਕਿ ਮਿਹਨਤਕਸ਼ ਲੋਕਾਂ ਨੂੰ ਆਪਣੇ ਲੁਟੇਰੇ ਸਰਮਾਏਦਾਰਾਂ ਵਿਰੁਧ ਸੰਘਰਸ਼ ਕਰਨ ਦੀ ਲੋੜ ਨਹੀਂ ।

□ ਗੁਰਬਖ਼ਸ਼ ਜੱਸ'

ਹਿੰਦੀ ਕਹਾਣੀ

# ਮੰਗ

□ ਰਮਾਕਾਂਤ ਸ੍ਰੀ ਵਾਸਵ

ਮੈਂ ਜਿਵੇਂ ਅਸਮਾਨ ਤੋਂ ਡਿੱਗਿਆ ਸਾਂ।

ਜੇ ਅਖ਼ਬਾਰ ਨਵੀਸਾਂ ਵਾਲਾ ਸੰਤੁਲਨ ਮੇਰੇ ਵਿਚ ਨਾ ਹੁੰਦਾ ਤਾਂ ਸ਼ਾਇਦ ਮੇਰੀ ਹੈਰਾਨੀ ਨਜ਼ਰ ਆ ਜਾਂਦੀ। ਆਪਣੇ ਚਿਹਰੇ ਨੂੰ ਗੰਭੀਰ ਬਣਾਈ ਰਖਣ ਦੇ ਯਤਨ ਤੋਂ ਬਾਅਦ ਵੀ ਮੈਂ ਅਸਫਲ ਰਿਹਾ। ਜਿਸ ਤੋਂ ਨਿਤਿਨ ਦਾ ਧਿਆਨ ਹਟਾਉਣ ਲਈ ਮੈਂ ਕੁਝ ਜ਼ਿਆਦਾ ਹੀ ਝੁਕ ਕੇ ਬਰਫ਼ ਦਾ ਟੁਕੜਾ ਚੁਕਿਆ ਤੇ ਗਲਾਸ ਵਿਚ ਪਾਂ ਲਿਆ। ਮੈਂ ਘੁਟ ਭਰਦਿਆਂ ਹੋਇਆਂ ਸਿਰਫ਼ ਏਨਾ ਕਿਹਾ – ਚੰਗਾ।

– ਹਾਂ ਯਾਰ, ਸਾਲੇ ਦੋ ਕੌਡੀ ਦਿਆਂ ਲੋਕਾਂ ਦੇ ਹੱਥਾਂ ਵਿਚ ਅਗਵਾਈ ਚਲੀ ਜਾਵੇ ਤਾਂ ਏਸੇ ਤਰ੍ਹਾਂ ਦੀਆਂ ਗ਼ੈਰ-ਕਾਨੂੰਨੀ ਹੜਤਾਲਾਂ ਹੁੰਦੀਆਂ ਹਨ। ਨਿਤਿਨ ਨੇ ਵੇਗ ਵਿਚ ਕਿਹਾ – ਮੈਂ ਤਾਂ ਕਹਿੰਦਾ ਹਾਂ ਕਿ ਉਹ ਯੂਨੀਅਨ ਵੀ ਗ਼ੈਰ-ਕਾਨੂੰਨੀ ਹੈ ਤੇ ਉਸ ਦੇ ਨੇਤਾ ਵੀ।

– ਜਿਸ ਯੂਨੀਅਨ ਦੇ ਸੱਦੇ ਤੇ ਦਸ ਹਜ਼ਾਰ ਮਜ਼ਦੂਰ ਹੜਤਾਲ ਤੇ ਚਲੇ ਜਾਣ, ਉਸ ਨੂੰ ਤੁਸੀਂ ਗ਼ੈਰ-ਕਾਨੂੰਨੀ ਕਹਿੰਦੇ ਹੋ। ਮੈਂ ਸਾਵਧਾਨੀ ਨਾਲ ਸੁਆਲ ਕੀਤਾ।

– ਛੱਡ ਯਾਰ, ਉਹ ਵੀ ਕੋਈ ਯੂਨੀਅਨ ਏਂ ? ਤੇ ਉਸ ਦਾ ਨੇਤਾ ਸ਼ੰਭੂ – ਸਾਲਾ। ਲੋਕ ਉਸ ਦੀ ਚਾਲ ਵਿਚ ਆ ਗਏ। ਸਧਾਰਣ ਲੋਕਾਂ ਵਿਚ ਤਾਂ ਸਮਝ ਨਹੀਂ ਹੁੰਦੀ –। ਬੋਲਦਿਆਂ-ਬੋਲਦਿਆਂ ਉਹ ਅਚਾਨਕ ਹੀ ਰੁਕ ਗਿਆ। ਮੈਨੂੰ ਯਾਦ ਆਇਆ ਕਿ ਪੰਜ ਸਾਲ ਪਹਿਲਾਂ ਨਿਤਿਨ ਕਿਹਾ ਕਰਦਾ ਸੀ – ਸਧਾਰਣ ਆਦਮੀ ਖ਼ਾਸਾ ਸਮਝਦਾਰ ਹੁੰਦਾ ਹੈ। ਵੈਸੇ ਤਾਂ ਪੰਜ ਸਾਲ ਪਹਿਲਾਂ ਜੋ ਕੁਝ ਵੀ ਮੈਂ ਵੇਖਿਆ ਸੀ ਉਸ ਨਾਲੋਂ ਬਹੁਤ ਕੁਝ ਬਦਲਿਆ-ਬਦਲਿਆ ਲੱਗ ਰਿਹਾ ਸੀ। ਤਬਦੀਲੀ ਦਾ ਇਹ ਅਹਿਸਾਸ ਉਸ ਨੂੰ ਵੇਖਦਿਆਂ ਹੀ ਹੋਇਆ ਸੀ ਜੋ ਹੌਲੀ-ਹੌਲੀ ਵਧਦਾ ਹੀ ਗਿਆ। ਇਥੇ ਮੈਂ ਸਵੇਰੇ ਹੀ ਆਇਆ ਸਾਂ।

ਮੈਂ ਨਿਤਿਨ ਨੂੰ ਪਹਿਲਾਂ ਹੀ ਚਿਠੀ ਲਿਖ ਦਿਤੀ ਸੀ ਤੇ ਕਲਕੱਤੇ ਤੋਂ ਤੁਰਨ ਤੋਂ ਪਹਿਲਾਂ ਹੀ ਮੈਨੂੰ ਤਾਰ ਰਾਹੀਂ ਉਤਰ ਵੀ ਮਿਲ ਗਿਆ ਸੀ ਕਿ ਉਹ ਸਟੇਸ਼ਨ 'ਤੇ ਉਡੀਕ ਕਰੇਗਾ। ਮੈਂ ਇਹ ਸੋਚ ਕੇ ਖ਼ੁਸ਼ ਹੋਇਆ ਸੀ ਕਿ ਸਟੇਸ਼ਨ ਤੋਂ ਨਿਤਿਨ ਦੇ ਘਰ ਤਕ ਦਾ ਅਠਾਰਾਂ ਕਿਲੋਮੀਟਰ ਦਾ ਰਾਹ ਬੋਰ ਨਹੀਂ ਹੋਵਾਂਗਾ। ਨਹੀਂ ਤਾਂ ਮੇਲ ਦੇ ਅਰਾਮ-ਦੇਹ ਸਫ਼ਰ ਤੋਂ ਬਾਅਦ ਘੱਟੇ ਭਰੇ ਬੱਸ-ਸਟੈਂਡ ਤੋਂ ਸਵਾਰੀਆਂ ਨਾਲ ਬਸ ਵਿਚ ਸਫ਼ਰ ਕਰਨ ਦਾ ਹੀਆ ਨਹੀਂ ਪੈਂਦਾ। ਉਮੀਦ ਮੁਤਾਬਿਕ ਨਿਤਿਨ ਮੈਨੂੰ ਸਟੇਸ਼ਨ ਤੇ ਹੀ ਮਿਲ ਗਿਆ ਸੀ। ਸਟੇਸ਼ਨ ਤੋਂ ਬਾਹਰ ਨਿਕਲ ਕੇ ਜਦੋਂ ਨਿਤਿਨ ਇਕ ਖ਼ੂਬਸੂਰਤ ਜੀਪ ਵਿਚ ਬੈਠਣ ਲਗਾ। ਤਦ ਮੈਨੂੰ ਪਹਿਲੀ ਵਾਰ ਹੈਰਾਨੀ ਹੋਈ ਸੀ। ਮੈਂ ਕਿਹਾ – ਜੀਪ ਵਿਚ !

– ਹਾਂ ਯਾਰ, ਠੇਕੇਦਾਰ ਦੀ ਗੱਡੀ ਏ। ਉਸ ਨੇ ਸਹਿਜੇ ਜਿਹੇ ਜੁਆਬ ਦਿਤਾ ਸੀ। ਮੈਂ ਇਸ ਵਿਸ਼ੇ ਤੇ ਸੋਚਣ ਜਾਂ ਬੋਲਣ ਦੀ ਇੱਛਾ ਨੂੰ ਕਾਬੂ ਕਰ ਲਿਆ ਸੀ। ਸਿਗਰਟ ਲਾ ਕੇ ਮੈਂ ਬੜੀ ਤਸੱਲੀ ਨਾਲ ਜੀਪ ਵਿਚ ਬਹਿ ਗਿਆ।

ਪੰਜ ਸਾਲ ਪਹਿਲਾਂ ਦਾ ਕੱਚਾ ਰਾਹ ਹੁਣ ਪੱਕਾ ਬਣ ਗਿਆ ਸੀ। ਡਰਾਈਵਰ ਵੀ ਉਸਤਾਦ ਸੀ। ਅਸੀਂ ਵੀਹਾਂ ਮਿੰਟਾਂ ਵਿਚ ਨਿਤਿਨ ਦੇ ਘਰ ਆਣ ਪੁਜੇ। ਘਰ ਵੀ ਬਦਲਿਆ ਸੀ। ਜੀਪ 'ਚੋਂ ਉਤਰਦਿਆਂ ਮੈਂ ਪੁਛਿਆ।

— ਘਰ ਬਦਲ ਲਿਆ।

— 'ਬਣਵਾ ਲਿਆ ਹੈ।'

— ਅੱਛਾ ! ਯੂਨੀਵਰਸਿਟੀ ਦੇ ਈ-ਟਾਈਪ ਦੇ ਕੁਆਰਟਰਾਂ ਨਾਲ ਮਿਲਦੇ-ਜੁਲਦੇ ਉਸ ਮਕਾਨ ਤੇ ਮੈਂ ਨਜ਼ਰਾਂ ਘੁਮਾਈਆਂ।

ਨਹਾ-ਧੋਕੇ ਜਦ ਅਸੀਂ ਉਸ ਦੀ ਬੈਠਕ ਵਿਚ ਬੈਠੇ ਤਾਂ ਮੈਨੂੰ ਲੱਗਿਆ ਜਿਵੇਂ ਮੈਂ ਜ਼ਿਲੇ ਦੇ ਕਿਸੇ ਦੂਜੀ ਸ਼ਰੇਣੀ ਦੇ ਅਧਿਕਾਰੀ ਦੇ ਘਰ ਬੈਠਾ ਹੋਵਾਂ। ਭੋਜਨ ਕਰਦੇ ਸਮੇਂ ਮੇਜ਼ ਤੇ ਉਸ ਦੇ ਬੱਚੇ ਪਲੇਟਾਂ ਵਿਚ ਖਾਂਦੇ ਸਮੇਂ ਕੋਈ ਅਨਾੜੀਪਨ ਨਹੀਂ ਸੀ ਵਿਖਾ ਰਹੇ। ਮੈਂ ਪੰਜ ਸਾਲ ਪਹਿਲਾਂ ਦੀ ਗੱਲ ਸੋਚ ਰਿਹਾ ਸਾਂ ਜਦੋਂ ਅਸਾਂ ਪੀੜ੍ਹੀ ਤੇ ਬਹਿ ਕੇ ਰੋਟੀ ਖਾਧੀ ਸੀ। ਤਦ ਨਿਤਿਨ ਦੀ ਪਤਨੀ ਨੇ ਪੱਲਾ ਠੀਕ ਕਰਦੇ ਹੋਏ ਏਨੇ ਸੰਕੋਚ ਨਾਲ ਖਾਣਾ ਪਰੋਸਿਆ ਸੀ ਕਿ ਮੈਂ ਆਪ ਵੀ ਖੁਲ੍ਹ ਨਹੀਂ ਸੀ ਸਕਿਆ ਤੇ ਬੜੀ ਮੁਸ਼ਕਲ ਕੁਝ ਮੰਗ ਸਕਿਆ ਸਾਂ।

ਹੁਣ ਉਸ ਦੀ ਪਤਨੀ ਦੇ ਚਿਹਰੇ ਤੇ ਉਹ ਵਿਅਰਥ ਦੀ ਸੰਗ ਨਹੀਂ ਜੋ ਕਦੀ ਉਸ ਦੇ ਚਿਹਰੇ ਦਾ ਹਿੱਸਾ ਹੋਇਆ ਕਰਦੀ ਸੀ। ਉਸ ਦੇ ਚਿਹਰੇ ਤੇ ਚਿਕਨਾਹਟ ਸੀ। ਖ਼ੁਦ ਨਿਤਿਨ ਨੂੰ ਗੋਗੜ ਪੈ ਰਹੀ ਸੀ। ਉਸ ਨੇ ਆਪਣੀਆਂ ਤਲਵਾਰ ਕੱਟ ਮੁੱਛਾਂ ਪਹਿਲਾਂ ਤੋਂ ਮੋਟੀਆਂ ਰਖ ਲਈਆਂ ਸਨ।

ਵੈਸੇ ਖਾਣਾ ਖਾਣ ਤੋਂ ਬਾਅਦ ਆਰਾਮ ਕੀਤਾ ਜਾ ਸਕਦਾ ਸੀ ਕਿਉਂਕਿ ਰੀਪੋਟ ਮੈਂ ਤਿੰਨਾਂ ਦਿਨਾਂ ਵਿਚ ਤਿਆਰ ਕਰਨੀ ਸੀ। ਨਿਤਿਨ ਨੇ ਵੀ ਸਲਾਹ ਦਿਤੀ ਕਿ ਮੈਂ ਅਜ ਆਰਾਮ ਕਰਕੇ ਕੱਲ੍ਹ ਤੋਂ ਕੰਮ ਸ਼ੁਰੂ ਕਰਾਂ। ਪਰ ਮੈਨੂੰ ਲਗਿਆ ਕਿ ਪਹਿਲੇ ਦਿਨ ਦੇ ਕੁਝ ਘੰਟੇ ਮਾਹੌਲ ਦੀ ਨਬਜ਼ ਵੇਖਣ ਵਿਚ ਲਾਉਣੇ ਬੁਰੇ ਨਹੀਂ।

ਨਿਤਿਨ ਪਹਿਲਾਂ ਮੈਨੂੰ ਆਪਣੀ ਯੂਨੀਅਨ ਦੇ ਦਫ਼ਤਰ ਲੈ ਗਿਆ। ਨਿਤਿਨ ਨੇ ਜਦ ਲੋਕਾਂ ਨਾਲ ਮੇਰੀ ਵਾਕਫ਼ੀਅਤ ਕਰਵਾਈ ਤਾਂ ਪ੍ਰਸਿਧ ਸਪਤਾਹਿਕ ਦਾ ਨਾਂ ਸੁਣ ਕੇ ਹੀ ਆਗੂ ਚੇਤੰਨ ਹੋ ਗਏ। ਭਾਵੇਂ ਮੈਂ ਲੋਕਾਂ ਨੂੰ ਦਸਿਆ ਸੀ ਕਿ ਇਹ ਗਲਬਾਤ ਨਾ ਹੋ ਕੇ, ਗਲਬਾਤ ਦੀ ਭੂਮਿਕਾ ਹੈ, ਫਿਰ ਵੀ ਉਹ ਹੜ-ਬੜਾਹਟ ਵਿਚ ਠੀਕ ਗੱਲ ਨਹੀਂ ਕਰ ਸਕੇ। ਹਾਂ, ਯੂਨੀਅਨ ਦੇ ਪੁਰਾਣੇ ਲੋਕਾਂ ਦੀਆਂ ਗੱਲਾਂ ਬੜੀਆਂ ਚੁਸਤ ਸਨ। ਉਹਨਾਂ ਦੀਆਂ ਗੱਲਾਂ ਵਿਚ ਲੁਕੀ ਹੁਸ਼ਿਆਰੀ ਨੂੰ ਵੇਖਦਿਆਂ ਮੈਂ ਆਪਣੇ ਚਿਹਰੇ ਤੇ ਉਹ ਨਕਾਬ ਪਾ ਲਿਆ ਸੀ, ਜੋ ਹਰ ਹੰਢਿਆ ਹੋਇਆ ਪੱਤਰਕਾਰ ਐਸੇ ਮੌਕੇ ਤੇ ਚੜ੍ਹਾ ਲੈਂਦਾ ਹੈ।

ਯੂਨੀਅਨ ਦੇ ਦਫ਼ਤਰ ਵਿਚੋਂ ਨਿਕਲ ਕੇ ਨਿਤਿਨ ਵਾਪਸ ਘਰ ਪਰਤਣ ਤੇ ਜ਼ੋਰ ਦੇ ਰਿਹਾ ਸੀ ਪਰ ਇਸੇ ਸਮੇਂ ਮੈਂ ਉਹਨਾਂ ਮਜ਼ਦੂਰਾਂ ਦੀ ਬਸਤੀ ਲਈ ਬੇਚੈਨ ਹੋ ਉਠਿਆ ਜੋ ਇਸ ਸਾਰੇ ਮਾਮਲੇ ਦਾ ਧੁਰਾ ਸਨ।

ਮਜ਼ਦੂਰਾਂ ਦੀ ਬਸਤੀ ਵਿਚ, ਝੌਂਪੜੀ ਨੁਮਾ ਮਕਾਨਾਂ ਦੇ ਵਿਚ, ਜਦੋਂ ਅਸੀਂ ਪਹੁੰਚੇ, ਤਾਂ ਲੋਕਾਂ ਨੇ ਸਾਨੂੰ ਅਜੀਬ ਨਜ਼ਰਾਂ ਨਾਲ ਵੇਖਿਆ। ਮੈਂ ਉਹਨਾਂ ਨਾਲ ਗਲਾਂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਲੱਗਾ ਲੋਕ ਕਤਰਾ ਰਹੇ ਹਨ। ਵੈਸੇ ਤਾਂ ਉਹ ਸਾਨੂੰ ਉਤ-ਸੁਕਤਾ ਨਾਲ ਵੇਖਦੇ ਰਹਿੰਦੇ ਸਨ ਪਰ ਕੋਲ ਜਾ ਕੇ ਕੁਝ ਪੁਛਣ ਲੱਗਿਆਂ ਨਜ਼ਰਾਂ ਚੁਰਾਉਂਦੇ ਸਨ। ਉਨ੍ਹਾਂ ਦੀਆਂ ਗੱਲਾਂ ਉਖੜੀਆਂ-ਉਖੜੀਆਂ ਸਨ। ਮੈਨੂੰ ਲੱਗਾ ਕਿ ਲੋਕ ਉੱਬਲ ਤਾਂ ਰਹੇ ਹਨ ਪਰ ਖੁਲ੍ਹ ਨਹੀਂ ਰਹੇ।

ਅਸੀਂ ਸ਼ਾਮ ਹੋਣ ਤਕ ਵਾਪਸ ਘਰ ਆ ਗਏ। ਸ਼ਰਾਬ ਦੇ ਗਲਾਸ ਟਕਰਾਉਣ ਤੋਂ ਬਾਅਦ ਮੈਂ ਹਲਕੀਆਂ-ਫੁਲਕੀਆਂ ਗਲਾਂ ਸ਼ੁਰੂ ਕੀਤੀਆਂ। ਕਾਲਜ ਵਿਚ ਨਾਲ ਪੜ੍ਹਨ ਵਾਲੀਆਂ ਕੁੜੀਆਂ ਦੀਆਂ ਤੇ ਇਸ ਇਲਾਕੇ ਅਤੇ ਕਲਕੱਤੇ ਦੇ ਮੌਸਮ ਦੇ ਫ਼ਰਕ ਦੀਆਂ। ਪਹਿਲੇ ਪੈੱਗ ਦੇ ਬਾਅਦ ਹੀ ਮੈਂ ਬੜੇ ਅਰਾਮ ਨਾਲ ਗੋਲੀਕਾਂਡ ਅਤੇ ਹੜਤਾਲ ਦੀ ਚਰਚਾ ਸ਼ੁਰੂ ਕੀਤੀ ਸੀ। ਕੁਝ ਦੇਰ ਕਾਬੂ ਰਖਣ ਤੋਂ ਬਾਅਦ ਆਖ਼ਰ ਨਿਤਿਨ ਲਾਈਨ ਤੇ ਆ ਗਿਆ — ਸਾਲੇ ਦੋ ਕੌਡੀ ਦੇ ਲੋਕਾਂ ਹੱਥ ਚੌਧਰ ਆ ਜਾਵੇ ਤਾਂ ਇਹੋ ਜਿਹੀਆਂ ਗ਼ੈਰ ਕਾਨੂੰਨੀ ਹੜਤਾਲਾਂ ਹੋਣਗੀਆਂ ਹੀ।

ਮੈਂ ਜਿਵੇਂ ਅਸਮਾਨ ਤੋਂ ਡਿੱਗ ਪਿਆ ਹੋਵਾਂ !

* * *

ਸਵੇਰੇ ਨਾਸ਼ਤੇ ਤੋਂ ਬਾਅਦ ਖ਼ੁਦ ਨਿਤਿਨ ਨੇ ਹੀ ਪੁਛਿਆ।

— ਕਿਥੇ-ਕਿਥੇ ਜਾਣਾ ਹੈ ਤੇ ਕਿਸ-ਕਿਸ ਨੂੰ ਮਿਲਣਾ ਹੈ ?

ਕੈਮਰੇ ਵਿਚ ਰੀਲ ਪਾਉਂਦਿਆਂ ਮੈਂ ਕਿਹਾ — ਘਟਨਾ ਨਾਲ ਸਬੰਧਤ ਸਾਰੇ ਥਾਵਾਂ ਤੇ ਜਾਣਾ ਹੈ ਤੇ ਸਾਰੇ ਪਾਸਿਆਂ ਦੇ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਮਿਲਣਾ ਹੈ।

ਨਿਤਿਨ ਏਧਰ-ਓਧਰ ਚਹਿਲ-ਕਦਮੀ ਕਰਦਾ ਰਿਹਾ, ਫਿਰ ਅਚਾਨਕ ਉਸ ਨੇ ਕਿਹਾ — ਚਲੋ, ਹੁਣ ਤੁਹਾਨੂੰ ਠੇਕੇਦਾਰ ਭੰਵਰ ਲਾਲ ਨਾਲ ਮਿਲਾ ਦੇਵਾਂ। ਮੈਂ ਉਸ ਵਲ ਵੇਖਿਆ ਤਾਂ ਉਸ ਨੇ ਫਿਰ ਕਿਹਾ।

— ਤੂੰ ਤਾਂ ਤੱਥ ਇਕਠੇ ਕਰਨੇ ਨੇ।

— ਠੀਕ ਹੈ, ਪਹਿਲਾਂ ਉਥੇ ਹੀ ਚਲਦੇ ਹਾਂ। ਮੈਂ ਕੈਮਰਾ ਮੋਢੇ ਤੇ ਲਟਕਾਉਂਦਿਆਂ ਕਿਹਾ।

— ਮੈਂ ਉਸ ਦੀ ਜੀਪ ਵੀ ਮੰਗਵਾ ਲਈ ਹੈ। ਨਿਤਿਨ ਅੰਦਰਲੇ ਕਮਰੇ ਵਿਚ ਜਾਂਦਾ ਬੋਲਿਆ - ਮੈਂ ਦੋ ਮਿੰਟ ਵਿਚ ਆਇਆ। ਠੇਕੇਦਾਰ ਦਾ ਘਰ ਫਿਲਮਾਂ ਵਿਚ ਵਿਖਾਏ ਜਾਂਦੇ ਘਰਾਂ ਵਰਗਾ ਸੀ। ਮਖਮਲੀ ਲਾਨ ਦੇ ਆਸੇ-ਪਾਸੇ ਗੁਲਾਬ ਦੇ ਸੂਹੇ ਫੁੱਲ ਸਨ ਅਤੇ ਪੋਰਚ ਦੇ ਆਸੇ-ਪਾਸੇ ਫੁੱਲਾਂ ਨਾਲ ਲੱਦਿਆਂ ਬੋਗਨ ਬੇਲਿਆ। ਠੇਕੇਦਾਰ ਦਾ ਸਾਂਵਲਾ ਰੰਗ ਤਾਂਬੇ ਦੀ ਭਾਅ ਮਾਰਦਾ ਸੀ। ਉਸ ਨੇ ਵਧੀਆ ਧੋਤੀ ਅਤੇ ਕੋਸੇ ਦਾ ਕੁੜਤਾ ਪਾਇਆ ਹੋਇਆ ਸੀ। ਕੁੜਤੇ ਦਾ ਉਪਰਲਾ ਬਟਨ ਖੁਲ੍ਹਿਆ ਹੋਇਆ ਸੀ ਤੇ ਉਸ ਵਿਚੋਂ ਸੋਨੇ ਦੀ ਚੈਨ ਝਾਕ ਰਹੀ ਸੀ। ਨਿਤਿਨ ਨੇ ਵਾਕਫੀਅਤ ਕਰਵਾਈ — ਭੰਵਰ ਲਾਲ ਜੀ ਇਹ ਮੇਰੇ ਮਿੱਤਰ ਹਨ; ਕਲਕੱਤੇ ਦੇ ਪ੍ਰਸਿਧ ਪੱਤਰਕਾਰ। ਕਲ੍ਹ ਮੈਂ ਤੁਹਾਡੀ ਗੱਡੀ ਲੈ ਗਿਆ ਸਾਂ ਨਾ...

— ਵਾਹ ਸਾਹਿਬ! ਵਡੇ ਭਾਗ ਸਾਡੇ। ਆਉ ਪਧਾਰੋ — ਕੀ ਨਾਂ ਸੀ — ਤੁਹਾਡੇ ਵਿਦਵਾਨਾਂ ਦੇ ਦਰਸ਼ਨ ਤਾਂ ਦੁਰਲੱਭ ਹਨ। ਉਹਨੇ ਹੱਥ ਜੋੜ ਕੇ ਕਿਹਾ।

ਗੱਦੇਦਾਰ ਸੋਫੇ ਤੇ ਬੈਠ ਕੇ ਉਹ ਮੇਰੇ ਵਲ ਵੇਖ ਕੇ ਮੁਸਕਰਾਉਣ ਲੱਗਾ। ਚਾਰੇ ਪਾਸੇ ਵੇਖ ਕੇ ਮੈਂ ਸਵਾਲ ਕੀਤਾ —

— ਤੁਹਾਡੀ ਖਾਨ ਵਿਚ ਹੜਤਾਲ ਕਿਉਂ ਹੋਈ ਸੀ ?

— ਕੀ ਦੱਸੀਏ ਸਾਹਿਬ, ਅਸੀਂ ਲੋਕ ਤਾਂ ਇਸ ਤਰ੍ਹਾਂ ਬਦਨਾਮ ਹਾਂ ਕਿ ਦੂਜਿਆਂ ਦੀ ਗਲਤੀ ਕਿਸੇ ਨੂੰ ਦਿਸਦੀ ਹੀ ਨਹੀਂ। ਠੇਕੇਦਾਰ ਨੇ ਮੂੰਹ ਲਮਕਾ ਕੇ ਕਿਹਾ — ਸਿਧੇ-ਸਾਦੇ ਮਜ਼ਦੂਰਾਂ ਨੂੰ ਗੈਂਰ ਜ਼ਿੰਮੇਦਾਰ ਲੋਕ ਭੜਕਾ ਦੇਂਦੇ ਹਨ ਤੇ ਅਸ਼ਾਂਤੀ ਫੈਲਾ ਦੇਂਦੇ ਹਨ।

— ਫਿਰ ਵੀ ਅਸ਼ਾਂਤੀ ਦਾ ਕੋਈ ਤਾਂ ਕਾਰਨ ਹੋਵੇਗਾ। ਮੈਂ ਆਪਣੀ ਨੋਟਬੁਕ ਕਢੀ ਤਾਂ ਉਹ ਥੋੜਾ ਹੜਬੜਾ ਗਿਆ। ਉਸ ਨੇ ਅਵਾਜ਼ ਦੇ ਕੇ ਨੌਕਰ ਨੂੰ ਦਸਿਆ — ਹਰਚਰਨ ਨਾਸ਼ਤਾ ਲੈ ਆ। ਫਿਰ ਝੁਕ ਕੇ ਹੌਲੀ ਜਿਹੀ ਕਿਹਾ — ਕੁਝ ਸ਼ੌਕ ਫ਼ਰਮਾਉਗੇ ?

— ਜੀ ? ਦਿਨੇ ਨਹੀਂ ਪੀਂਦਾ। ਮੈਂ ਕਿਹਾ ਅਤੇ ਅਪਣਾ ਪ੍ਰਸ਼ਨ ਫਿਰ ਉਛਾਲ ਦਿੱਤਾ।

— ਇਕ ਤਾਂ ਸਾਹਿਬ, ਬੋਨਸ ਦਾ ਝਗੜਾ ਸੀ। ਅਚਾਨਕ ਮਜ਼ਦੂਰ ਕਹਿਣ ਲਗੇ ਕਿ ਸਾਨੂੰ ਕਾਰਖਾਨੇ ਦੇ ਮਜ਼ਦੂਰਾਂ ਦੇ ਬਰਾਬਰ ਬੋਨਸ ਦਿਓ ਮਤਲਬ ਕਿ — ਸਰਕਾਰ ਦੇ ਬਰਾਬਰ ਪੈਸਾ ਕਿਥੋਂ ਲਿਆਈਏ ਇਸ ਇਲਾਕੇ ਵਿਚ ਵਰ੍ਹਿਆਂ ਤੋਂ ਠੇਕੇ ਦੀਆਂ ਖਾਨਾਂ ਵਿਚ ਕੰਮ ਹੋ ਰਿਹਾ ਹੈ। ਕਦੀ ਕਿਸੇ ਐਸੀ ਮੰਗ ਨਹੀਂ ਕੀਤੀ। ਠੇਕੇਦਾਰ ਅੱਗੇ ਝੁਕਿਆ ਤੇ ਉਸ ਨੇ ਅੱਖਾਂ ਥੋੜੀਆਂ ਸਕੋੜੀਆ — ਇਹ ਸਭ ਨਕਸਲਬਾੜੀਆਂ ਦਾ ਕੰਮ ਹੈ ਸਾਹਿਬ, ਨਹੀਂ ਤਾਂ ਇਥੇ ਦਾ ਆਦਮੀ ਤਾਂ ਬਹੁਤ ਸਿਧਾਂ ਅਤੇ ਸਬਰ-ਸੰਤੋਖ ਵਾਲਾ ਹੈ। ਉਹ ਇਨ੍ਹਾਂ ਲਫੜਿਆਂ ਵਿਚ ਨਹੀਂ ਪੈਂਦਾ।

— ਤਾਂ ਤੁਹਾਡੇ ਖਿਆਲ ਵਿੱਚ ਮਜ਼ਦੂਰਾਂ ਨੂੰ ਭੜਕਾਇਆਂ ਗਿਆ ਹੈ। ਮੈਂ ਸਿਗਰੇਟ ਲਾਉਂਦੇ ਹੋਏ ਕਿਹਾ।

— ਬਿਲਕੁਲ ਸਾਬ...ਬਿਲਕੁਲ। ਠੇਕਦਾਰ ਨੇ ਆਪਣੀ ਢਾਕ ਤੇ ਹੱਥ ਰਖਿਆ — ਕੀ ਕਹਿੰਦੇ ਹਨ ਕਿ... ਦੋ ਸਾਲ ਪਹਿਲਾਂ ਜਦੋਂ ਬੋਨਸ ਦੀ ਮੰਗ ਹੋਈ ਤਾਂ ਯੂਨੀਅਨ ਦੇ ਕਹਿਣ ਤੇ ਅਸਾਂ ਸੱਤਰ ਰੁਪੈ ਬੋਨਸ ਤਹਿ ਕੀਤਾ ਸੀ। ਸਭ ਖੁਸ਼ ਹੋ ਗਏ ਸਨ। ਪਰ ਹੁਣ ਤਾਂ... ਸ਼ੰਭੂ ਨੇ ਇਕ ਨਵੀ ਯੂਨੀਅਨ ਬਣਾਈ ਹੈ। ਨਾ ਤਾਂ ਨਿਯਮ ਕਨੂੰਨ, ਨਾ ਮਸ਼ਵਰਾ। ਬਸ, ਹੜਤਾਲ ਕਰੋ ਤੇ ਲੋਕਾਂ ਦੇ ਸਿਰ ਪਾੜੋ। ਪੁਲਿਸ ਨਾਲ ਫਸ ਪੈਂਦੇ ਹਨ। ਤੁਹਾਨੂੰ ਦਸਾਂ...ਪਹਿਲਾਂ ਇਥੇ ਦਾ ਮਜ਼ਦੂਰ ਬੜਾ ਸਿਧਾ ਸੀ। ਅਸੀਂ ਇਸ ਤਰ੍ਹਾਂ ਹੱਥ ਚੁੱਕਦੇ ਸਾਂ...ਇਸ ਤਰ੍ਹਾਂ..., ਉਸ ਨੇ ਹਵਾ ਵਿੱਚ ਹੱਥ ਲਹਿਰਾਇਰਆ — ਤਾਂ ਹਜੂਮ ਦਾ ਹਜੂਮ ਸਹਿਮ ਜਾਂਦਾ ਸ਼ੀ। ਹੁਣ ਸਾਲੇ ਸਭ ਲੀਡਰ ਬਣ ਗਏ।

— ਨੌਕਰ ਨਾਸ਼ਤੇ ਦੀ ਟਰੇ ਲੈ ਆਇਆ ਤੇ ਸਾਹਮਣੇ ਰੱਖਿਆ ਵੱਡਾ ਸੈਂਟਰ-ਟੇਬਲ ਤਰ੍ਹਾਂ ਤਰ੍ਹਾਂ ਦੇ

ਖਾਣਿਆਂ ਨਾਲ ਭਰ ਗਿਆ। ਠੇਕੇਦਾਰ ਦੇ ਚੇਹਰੇ ਦੀ ਸਾਰੀ ਖਿੜ ਜਾਂਦੀ ਰਹੀ ਅਤੇ ਉਸ ਦਾ ਥਾਂ ਮਹਿਮਾਨ ਨਿਵਾਜ਼ੀ ਦੀ ਨਿਮਰਤਾ ਨੇ ਲੈ ਲਿਆਂ। ਹੱਥ ਜੋੜ ਕੇ ਉਹ ਬੋਲਿਆ – ਇਹ ਗਲਾਂ ਤਾਂ ਚਲਦੀਆਂ ਰਹਿਣ-ਗੀਆਂ...ਤੁਸੀਂ ਜਲਪਾਨ ਸ਼ੁਰੂ ਕਰੋ ਨਾ ਨਿਤਿਨ ਬਾਬੂ .. ਤੁਸੀਂ ਵੀ.. ਹਾਂ ਹਾਂ ਹਾਂ...ਤੁਸੀਂ ਤਾਂ ਘਰ ਦੇ ਆਦਮੀ ਹੋ।

– ਨਾਸ਼ਤੇ ਪ੍ਰਤੀ ਪੂਰੀ ਖੁਲ੍ਹ ਦਿਲੀ ਵਿਖਾਉਂਦੇ ਹੋਏ ਮੈਂ ਫਿਰ ਕਿਹਾ – ਪਰ ਮੈਨੂੰ ਪਤਾ ਲਗਾ ਹੈ ਕਿ ਇਸ ਵਾਰ ਮਜ਼ਦੂਰਾਂ ਨੇ ਹੜਤਾਲ ਬਿਹਤਰ ਜੀਵਨ-ਪੱਧਰ ਵਾਸਤੇ ਕੀਤੀ ਹੈ।

– ਹੁਣ ਉਹ ਤਾਂ ਐਸਾ ਹੈ ਸਾਹਿਬ; ਕਿ ਵਰ੍ਹਿਆਂ ਤੋਂ ਉਨ੍ਹਾਂ ਨੂੰ ਸ਼ਿਕਾਇਤ ਨਹੀਂ ਹੋਈ, ਅਜ ਅਚਾਨਕ ਉਨ੍ਹਾਂ ਨੂੰ ਨਲਕਾ ਚਾਹੀਦਾ, ਬਿਜਲੀ ਚਾਹੀਦੀ। ਕੀ-ਕੀ ਕਰੀਏ ਸਾਹਿਬ। ਅਸੀਂ ਜਾਣਦੇ ਹਾਂ ਕਿ ਆਦਮੀ ਹੀ ਆਦਮੀ ਦੀ ਮੱਦਦ ਕਰਦਾ ਹੈ। ਅਸੀਂ ਤਾਂ ਕਈ ਵਾਰ ਉਨ੍ਹਾਂ ਦੀ ਬਿਮਾਰੀ ਵਿਚ ਦਵਾਈਆਂ ਵੀ ਦੇਂਦੇ ਸਾਂ। ਪਰ ਹੁਣ ਤਾਂ ਉਨ੍ਹਾਂ ਦੀਆਂ ਮੰਗਾਂ ਦਾ ਅੰਤ ਹੀ ਨਹੀਂ। ਵੈਸੇ ਵੀ ਤ੍ਰਿਸ਼ਨਾ ਦਾ ਕੋਈ ਅੰਤ ਨਹੀਂ ਹੈ ? ਜਿੰਨੀਆਂ ਸਹੂਲਤਾਂ ਮਿਲਣ ਉਨੀਆਂ ਹੀ ਘੱਟ ਲੱਗਦੀਆਂ ਹਨ। ਰਿਹਾ ਸਵਾਲ ਦੁੱਖ ਦਾ...ਤਾਂ ਸਾਬ...ਦੁੱਖੀ ਕੌਣ ਨਹੀਂ। ਜਿਸ ਨੂੰ ਲੋਕ ਸੁੱਖੀ ਸਮਝਦੇ ਹਨ ਉਹ ਵੀ ਦੁੱਖੀ ਹੈ। ਤੁਸੀਂ ਤਾਂ ਵਿਦਵਾਨ ਹੋ... ਤੁਹਾਨੂੰ ਕੀ ਕਹਾਂ। ਉਹ!... ਤੁਸੀਂ ਤਾਂ ਕੁਝ ਖਾ ਹੀ ਨਹੀਂ ਰਹੇ ਸੰਗੀ ਦੀ ਮੁੱਠ ਭਰਦੇ ਹੋਏ ਮੈਂ ਕਿਹਾ – ਤੁਸੀਂ ਤਾਂ ਇਕਦਮ ਫਲਾਸਫਰਾਂ ਵਰਗੀਆਂ ਗਲਾਂ ਕਰਦੇ ਹੋ।

– ਵਾਹ...ਕੀ ਗਲ ਕੀਤੀ ਤੁਸਾਂ। ਉਹ ਹਸਿਆ। ਜੀ — ਅਸੀਂ ਤਾਂ ਇਹ ਮੰਨਦੇ ਹਾਂ ਕਿ ਸਮਾਜ ਦਾ ਨਿਰਮਾਣ ਸਹਿਯੋਗ ਨਾਲ ਹੁੰਦਾ। ਇਥੇ ਜਿਨੀਆਂ ਵੀ ਯੂਨੀਅਨਾਂ ਸਨ ਸਭ ਨਾਲ ਸਾਡਾ ਸਹਿਯੋਗ ਸੀ। ਪੁਛੋ ਨਾ, ਆਪਣੇ ਨਿਤਿਨ ਬਾਬੂ ਪਾਸੋਂ।

– ਇਸ ਨਵੀਂ ਯੂਨੀਅਨ ਨਾਲ ਤੁਹਾਡਾ ਸਹਿਯੋਗ ਕਿਉਂ ਨਹੀ ਹੋ ਸਕਿਆ ? ਮੈਂ ਸਪੱਸ਼ਟ ਸਵਾਲ ਪੁਛਿਆਂ।

– ਤਾੜੀ ਇਕ ਹੱਥ ਨਾਲ ਥੋੜੀ ਵੱਜਦੀ ਏ ਸਾਬ। ਤੁਹਾਨੂੰ ਭੇਤ ਦੀ ਗਲ ਦਸਾਂ, ਮੈਂ ਸ਼ੰਭੂ ਨੂੰ ਕਿਹਾ ਕਿ ਮੇਰੀ ਫਰਮ ਵਿਚ ਨੌਕਰੀ ਕਰ ਲੈ; ਸਾਢੇ ਸਤ ਸੌ ਰੁਪੈ ਦੇਵਾਂਗਾ...ਪਰ ਸੂਰ ਤਾਂ ਗੰਦ ਹੀ ਖਾਵੇਗਾ ਨਾ। ਬੀ. ਐਸ. ਸੀ. ਪਾਸ ਹੈ .. ਪਰ ਜੀਵਨ-ਪੱਧਰ ਵੇਖੋ ਡੋਲੋਮਾਈਟ ਦੀ ਖਾਨ ਵਿਚ ਪੱਥਰ ਕੁਟਦਾ ਹੈ।

– ਕੀ ? ਮੈਂ ਬੇ-ਹੱਦ ਹੈਰਾਨੀ ਨਾਲ ਕਿਹਾ – ਉਹ ਮਜਦੂਰਾਂ ਦਾ ਲੀਡਰ ਸ਼ੰਭੂ ..ਕੁੱਟਦਾ !

ਨਿਤਿਨ ਨੇ ਕੁਝ ਪਰੇਸ਼ਾਨ ਜਿਹਾ ਹੋ ਕੇ, ਮੇਰੇ ਵਲ ਵੇਖਿਆ ਪਰ ਠੇਕੇਦਾਰ ਮੈਨੂੰ ਹੈਰਾਨ ਹੋਏ ਨੂੰ ਵੇਖਕੇ ਬੇ-ਹੱਦ ਖੁਸ਼ ਹੋਇਆ ਤੇ ਮਿਨਾਂ-ਮਿਨਾਂ ਮੁਸਕਰਾ ਰਿਹਾ ਸੀ। ਇਸ ਦਰਮਿਆਨ ਚਾਹ ਆ ਗਈ ਸੀ। ਜਿਸ ਨੂੰ ਅਸੀਂ ਪੂਰੀ ਖ਼ਮੋਸ਼ੀ ਨਾਲ ਪੀਤਾ। ਪਾਨ ਦੀ ਤਸ਼ਤਰੀ ਨੂੰ ਦੋਵੇਂ ਹਥਾਂ ਵਿਚ ਫੜਕੇ ਠੇਕੇਦਾਰ ਬੋਲਿਆ – ਤੁਹਾਡੀ ਤਾਂ ਕੋਈ ਸੇਵਾ ਕਰ ਹੀ ਨਹੀਂ ਸਕੇ। ਉਸ ਨੇ ਅੱਖਾਂ ਨੂੰ ਸਕੋੜ ਕੇ ਕਿਹਾ – ਸਾਡੀ ਤਾਂ ਅਖਬਾਰਾਂ ਵਾਲਿਆਂ ਨਾਲ ਵੀ ਕਾਫੀ ਬਣਦੀ ਹੈ। ਉਹ ਨਿਤਿਨ ਵਲ ਮੁੜਿਆ – ਸਾਬ ਹੁਰਾਂ ਲਈ ਸ਼ਾਮ ਨੂੰ ਭੇਜ ਦੇਵਾਂ। ਜੀਪ ਤੁਸੀਂ ਰਖੋ। ਉਹ ਹੱਸਿਆ।

– ਤੁਸੀਂ ਤਾਂ ਮਹਿਮਾਨ ਹੋ ਸਾਡੇ।

* * *

ਗੇਟ ਤੋਂ ਬਾਹਰ ਆ ਕੇ ਅਸੀਂ ਦੋਹਾਂ ਨੇ ਡਕਾਰ ਲਏ।

– ਹੋਰ ਵੀ ਜੇ ਕਿਤੇ ਜਾਣਾ ਹੈ ਤਾਂ ਜੀਪ ਲੈ ਲਈਏ। ਨਿਤਿਨ ਨੇ ਕਿਹਾ।

– ਜਦੋਂ ਜ਼ਰੂਰਤ ਪਵੇਗੀ ਲੈ ਲਵਾਂਗੇ। ਮੈਂ ਕਿਹਾ – ਹੁਣ ਤਾਂ ਐਨਾ ਖਾ ਲਿਆ ਹੈ ਕਿ ਹਜ਼ਮ ਕਰਨ ਲਈ ਪੈਦਲ ਚਲਣਾ ਜ਼ਰੂਰੀ ਹੈ।

– ਅਜ ਵਧ ਤੋਂ ਵਧ ਲੋਕਾਂ ਨੂੰ ਮਿਲਿਆ ਜਾਵੇ।

– ਤਾਂ ਫਿਰ ਚਲੋ, ਯੂਨੀਅਨ ਦੇ ਦਫ਼ਤਰ ਚਲਦੇ ਹਾਂ। ਕੱਲ੍ਹ ਤਾਂ ਤੁਸੀਂ ਕਿਹਾ ਸੀ ਕਿ ਗੱਲਾਂ ਕਰਨ ਬਾਅਦ ਵਿਚ ਆਵਾਂਗੇ। ਹੁਣ ਸ਼ਾਇਦ ਲੋਕ ਮਿਲ ਵੀ ਜਾਣ। ਜਿਵੇਂ ਮੈਨੂੰ ਉਮੀਦ ਸੀ ਯੂਨੀਅਨ ਦੇ ਦਫ਼ਤਰ ਵਿਚ ਲੋਕ ਸਨ। ਸਿੰਘ ਅਤੇ ਖਾਨ ਨੂੰ ਮੈਂ ਪਹਿਲਾਂ ਹੀ ਮਿਲ ਚੁਕਾ ਸੀ ਅਜ ਦਾਸ ਗੁਪਤਾ ਨਾਲ ਮੁਲਾਕਾਤ ਹੋਈ। ਸਫ਼ੈਦ ਕੁਰਤਾ-ਪਜਾਮਾ ਪਾਈ, ਕਣਕ-ਵੰਨੇ ਰੰਗ, ਦਰਮਿਆਨੇ ਕੱਦ ਦਾ ਦਾਸ ਗੁਪਤਾ। ਸਿਗਰੇਟ ਪੀਣ ਦਾ ਉਹਨਾਂ ਦਾ ਅੰਦਾਜ਼ ਖਿੱਚ ਵਾਲਾ ਸੀ। ਗਰਮਜੋਸ਼ੀ ਨਾਲ ਹੱਥ ਮਿਲਾ ਕੇ ਉਹ ਮੁਸਕਰਾਇਆ।

ਕਾਫ਼ੀ ਵਿਰੋਧ ਕਰਕੇ ਨਾਸ਼ਤਾ ਅਸਾਂ ਟਾਲ ਦਿਤਾ ਪਰ ਫੈਂਟਾ ਕਬੂਲ ਕਰਨਾ ਪਿਆ। ਅਸੀਂ ਮੇਜ਼

ਦੇ ਚਾਰੇ ਪਾਸੇ ਬੈਠ ਗਏ। ਸਿਗਰੇਟ ਸੁਲਘਾਉਂਦੇ ਹੋਏ ਮੈਂ ਸਵਾਲ ਕੀਤਾ।

– ਤੁਹਾਡੇ ਵਿਚਾਰ ਵਿਚ ਇਥੇ ਦੀ ਮਜ਼ਦੂਰ ਸਮੱਸਿਆ ਦਾ ਅਧਾਰ ਕੀ ਹੈ ?

ਉਹ ਸਭ ਚੌਕੰਨੇ ਹੋ ਗਏ। ਕੇਵਲ ਦਾਸ ਗੁਪਤੇ ਦਾ ਚੇਹਰਾ ਪਹਿਲਾਂ ਵਾਂਗ ਹੀ ਸ਼ਾਂਤ ਅਤੇ ਸਥਿਰ ਸੀ। ਮੁਸਕਰਾ ਕੇ ਘੜਿਆ-ਘੜਾਇਆ ਜਵਾਬ ਵੀ ਉਸੇ ਨੇ ਦਿਤਾ – ਦੇਖੋ, ਇਥੇ ਦੀ ਸਮਸਿਆ ਦਾ ਅਧਾਰ ਇਥੇ ਦੀ ਗਰੀਬੀ ਹੈ, ਉਤੋਂ ਠੇਕੇਦਾਰ ਮਜ਼ਦੂਰਾਂ ਦੀ ਲੁਟ ਕਰਦਾ ਹੈ। ਇਸ ਖੇਤਰ ਵਿਚ ਕੁਝ ਖ਼ਾਨਾ ਸਟੀਲ-ਪਲਾਂਟ ਦੀਆਂ ਹਨ ਤੇ ਕੁਝ ਖਾਨਾਂ ਸਟੀਲ-ਪਲਾਂਟ ਨੇ ਠੇਕੇ ਤੇ ਦੇ ਦਿਤੀਆਂ ਹਨ। ਠੇਕੇਦਾਰੀ ਵਾਲੀਆਂ ਖਾਨਾਂ ਦੇ ਮਜ਼ਦੂਰ ਵਿਭਾਗੀ ਮਜ਼ਦੂਰਾਂ ਨੂੰ ਆਪਣੇ ਨਾਲੋਂ ਦੂਣੀ ਤਨਖ਼ਾਹ ਲੈਂਦਾ ਵੇਖਦੇ ਹਨ ਤਾਂ ਬੇਚੈਨੀ ਵਧਦੀ ਹੈ।

– ਤੁਹਾਡਾ ਮਤਲਬ ਹੈ ਕਿ ਠੇਕੇਦਾਰੀ ਸਿਸਟਮ ਗ਼ਲਤ ਹੈ।

– ਸਿਰਫ਼ ਗ਼ਲਤ ਹੀ ਨਹੀਂ, ਇਹ ਸਗੋਂ ਗ਼ੈਰ-ਕਾਨੂੰਨੀ ਹੈ। ਕਾਨੂੰਨ ਤਾਂ ਕਹਿੰਦਾ ਹੈ ਕਿ ਜਿਥੇ ਇਸ ਤਰ੍ਹਾਂ ਦਾ ਸਥਾਈ ਕੰਮ ਹੋਵੇ ਉਥੇ ਠੇਕੇਦਾਰੀ ਖ਼ਤਮ ਹੋਣੀ ਚਾਹੀਦੀ ਹੈ। ਲੇਕਿਨ ਸਰਕਾਰ ਤਾਂ ਬਸ, ਆਪਣਾ ਲਾਭ ਵੇਖਦੀ ਹੈ।

– ਸਰਕਾਰ ਦੇ ਲਾਭ ਦੀ ਵਿਆਖਿਆ ਕਰੋ ਜ਼ਰਾ। ਮੈਂ ਪੁਛਿਆ।

– ਪਲਾਂਟ ਦੀ ਮਸ਼ੀਨੀ ਖ਼ਾਨ ਵਿਚ ਇਕ ਟਨ ਕੱਚੇ ਲੋਹੇ ਦੀ ਲਾਗਤ ਪੰਜਾਹ ਰੁਪੈ ਆਉਂਦੀ ਹੈ, ਜਦੋਂ ਕਿ ਠੇਕੇਦਾਰੀ ਵਾਲੀ ਖਾਨ ਵਿਚ ਉਸ ਦੀ ਲਾਗਤ ਤੀਹ ਰੁਪੈ ਆਉਂਦੀ ਹੈ।

– ਇਹ ਕਮਾਲ ਭਾਰਤ ਵਿਚ ਹੀ ਹੋ ਸਕਦਾ ਹੈ – ਨਿਤਿਨ ਦੀ ਆਵਾਜ਼ ਵਿਅੰਗ ਭਰੀ ਸੀ, – ਕਿ ਆਦਮੀ ਦੀ ਮਜ਼ਦੂਰੀ ਮਸ਼ੀਨ ਨਾਲੋਂ ਵੀ ਘਟ ਬਣਦੀ ਹੋਵੇ। ਮੈਂ ਸਿੱਧਾ ਸੁਆਲ ਕੀਤਾ - ਮਤਲਬ ਇਹ ਕਿ ਇਥੋਂ ਦੇ ਠੇਕੇਦਾਰ ਮਜ਼ਦੂਰਾਂ ਦੀ ਲੁੱਟ ਅਤੇ ਬੇਚੈਨੀ ਲਈ ਜ਼ਿੰਮੇਦਾਰ ਹਨ ?

ਆਪਣੇ ਜਗ੍ਹਾ ਤੇ ਬੈਠੇ ਸਿੰਘ ਨੇ ਔਖੇ ਹੋ ਕੇ ਕਿਹਾ – ਇਸ ਵਿਚ ਠੇਕੇਦਾਰ ਦਾ ਐਨਾ ਕਸੂਰ ਨਹੀਂ। ਗੱਲ ਇਹ ਹੈ ਕਿ...

– ਇਸ ਨੂੰ ਇਸ ਢੰਗ ਨਾਲ ਲਵੋ ਤੁਸੀਂ। ਦਾਸ ਗੁਪਤਾ ਨੇ ਇਸ ਦੀ ਗੱਲ ਨੂੰ ਵਿਚੋਂ ਹੀ ਟੋਕ ਦਿਤਾ। ਠੇਕੇਦਾਰ ਇਥੇ ਇਸ ਲਈ ਹੈ ਕਿਉਂਕਿ ਠੇਕੇਦਾਰੀ ਹੈ। ਜਦ ਅਸੀਂ ਸਮਸਿਆ ਦੇ ਅਧਾਰ ਬਾਰੇ ਗਲ ਕਰ ਰਹੇ ਹਾਂ ਮੇਰੇ ਖ਼ਿਆਲ ਵਿਚ ਸਮਾਜ ਦੀ ਲਾਪਰਵਾਹੀ ਅਤੇ ਆਪਸੀ ਸਹਿਯੋਗ ਦੀ ਘਾਟ ਦਾ ਵੀ ਜ਼ਿਕਰ ਕਰਨਾ ਜ਼ਰੂਰੀ ਬਣਦਾ।

ਗੱਲ ਨੂੰ ਇਥੇ ਹੀ ਖ਼ਤਮ ਕਰ ਦੇਣਾ ਮੈਨੂੰ ਜ਼ਰੂਰੀ ਲੱਗਣ ਲੱਗਾ। ਮੈਂ ਭਰਪੂਰ ਅੰਗੜਾਈ ਲਈ ਅਤੇ ਕਮਰੇ ਦੀ ਛੱਤ ਵਲ ਵੇਖਦਿਆਂ ਕਿਹਾ – ਤੁਹਾਡੇ ਦਫ਼ਤਰ ਦੀ ਬਿਲਡਿੰਗ ਤਾਂ ਬਹੁਤ ਵਧੀਆ ਹੈ।

ਲੋਕਾਂ ਦੇ ਗੰਭੀਰ ਚਿਹਰਿਆਂ ਤੇ ਮੁਸਕਰਾਹਟ ਆ ਗਈ। ਸਿਗਰੇਟ ਲਾਉਂਦਿਆਂ ਹੋਇਆਂ ਮੈਂ ਮੌਸਮ ਦੀ ਚਰਚਾ ਛੇੜ ਦਿਤੀ। ਸਬਜ਼ੀ ਤੇ ਅਨਾਜ ਦੇ ਭਾਵਾਂ ਤੇ ਅਜ ਦੀ ਰਾਜਨੀਤੀ ਤੋਂ ਹੁੰਦੇ ਹੋਏ ਹੁਣ ਮੈਂ ਮਤ-ਲਬ ਦੀ ਗਲ ਵਲ ਆ ਗਿਆ। ਇਸ ਨੂੰ ਹੋਰ ਲੋਕ ਤਾਂ ਨਹੀਂ ਸਮਝ ਸਕੇ ਪਰ ਦਾਸ ਗੁਪਤਾ ਸਮਝ ਗਿਆ। ਉਸ ਦੀਆਂ ਤੇਜ਼ ਨਜ਼ਰਾਂ ਕਹਿ ਰਹੀਆਂ ਸਨ – ਮੈਨੂੰ ਚਾਰ ਗਿਆ ਗੁਰੂ !

ਤੁਰੀ ਜਾਂਦੀ ਗਲ ਨੂੰ ਘੁਮਾ ਕੇ ਮੈਂ ਆਪਣੇ ਵਿਸ਼ੇ ਵਲ ਮੋੜਿਆ।

– ਹੁਣ ਵੇਖੋ ਨਾ, ਇਥੇ ਜੋ ਕੁਝ ਵੀ ਹੋਇਆ, ਇਸ ਨੂੰ ਤੁਸੀਂ ਪੁਲੀਸ ਦੀ ਜ਼ਿਆਦਤੀ ਤਾਂ ਕਹੋਗ ਹੀ। ਮਜ਼ਦੂਰਾਂ ਦੀ ਵਸਤੀ ਦੇ ਅੰਦਰ – ਗੋਲੀ ਚਲਾਉਣਾ –

– ਇਥੇ ਦੀ ਗਲ ਐਨੀ ਅਸਾਨੀ ਨਾਲ ਤੈਹ ਨਹੀਂ ਕੀਤੀ ਜਾ ਸਕਦੀ, ਮਿਸਟਰ ਵਰਮਾ। ਦਾਸ ਗੁਪਤਾ ਨੇ ਤੁਰੰਤ ਕਿਹਾ – ਯਾਨੀ ਕਿ ਮੈਂ ਇਹ ਨਹੀਂ ਕਹਿੰਦਾ ਕਿ ਪੁਲੀਸ ਦੀ ਕੋਈ ਗਲਤੀ ਨਹੀਂ – ਪਰ ਮੇਰੇ ਖ਼ਿਆਲ ਵਿਚ ਗਲਤੀ ਦੂਸਰੇ ਪਾਸੇ ਤੋਂ ਵੀ ਸੀ। ਇਸ ਗਲ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਮਜ਼ਦੂਰਾਂ ਨੂੰ ਪਹਿਲਾਂ ਤੋਂ ਹੀ ਉਤੇਜਿਤ ਕਰ ਦਿਤਾ ਗਿਆ ਸੀ।

– ਕਿਸ ਨੇ ਕੀਤਾ ਸੀ ? ਮੈਂ ਸਿੱਧੀ ਗੱਲ ਪੁਛੀ।

– ਸ਼ੰਭੂ ਨੇ। ਦਾਸ ਗੁਪਤਾ ਨੇ ਕੁਝ ਪਲ ਚੁਪ ਰਹਿ ਕੇ ਕਿਹਾ – ਸ਼ੰਭੂ ਦੀ ਗੈਰ ਕਾਨੂੰਨੀ ਯੂਨੀਅਨ ਨੇ ਗੈਰ ਕਾਨੂੰਨੀ ਹੜਤਾਲ ਕੀਤੀ। ਫਿਰ ਉਸ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਸ ਦੇ ਸਾਥੀਆਂ ਨੇ ਪੁਲਿਸ ਵਾਲਿਆਂ ਨੂੰ ਕੈਦ ਕਰ ਲਿਆ। ਮੇਰੀ ਰਾਏ ਵਿਚ -

ਇਹ ਸਭ ਠੀਕ ਨਹੀਂ ਸੀ।

- ਮਜ਼ਦੂਰਾਂ ਦੇ ਹੱਕਾਂ ਦੀ ਲੜਾਈ ਤੁਹਾਡੀ ਯੂਨੀਅਨ ਨੇ ਕਿਉਂ ਨਹੀਂ ਲੜੀ? ਹਜ਼ਾਰਾਂ ਮਜ਼ਦੂਰ ਤੁਹਾਡੀ ਯੂਨੀਅਨ ਛਡ ਕੇ ਦੂਸਰੀ ਯੂਨੀਅਨ ਵਿਚ ਕਿਉਂ ਸ਼ਾਮਲ ਹੋ ਗਏ?

– ਲੜਾਈ ਤਾਂ ਅਸੀਂ – ਲੜੀ ਹੈ – ਯਾਨੀ ਕਿ - ਦਾਸ ਗੁਪਤਾ ਥੋੜਾ ਜਿਹਾ ਹੜਬੜਾਇਆ। ਮਜ਼ਦੂਰਾਂ ਦੇ ਹਿੱਤਾਂ ਦੀ ਲੜਾਈ ਦੀ ਸ਼ੁਰੂਆਤ ਅਸੀਂ ਕੀਤੀ ਸੀ ਮਿਸਟਰ ਵਰਮਾ। ਠੇਕੇਦਾਰੀ ਵਾਲੀਆਂ ਖ਼ਾਨਾਂ ਵਿਚ ਬੇਹਤਰ ਪੇਮੈਂਟ ਅਸੀਂ ਸ਼ੁਰੂ ਕਰਵਾਈ ਸੀ। ਸ਼ੰਭੂ ਕੌਲ ਕੇਵਲ ਸਾਡੇ ਤੋਂ ਵਧੀਆ ਨਾਅਰੇ ਹਨ ਇਸ ਲਈ ਮਜ਼ਦੂਰ ਧੋਖੇ ਵਿਚ ਆ ਗਏ।

ਕੀ ਮਜ਼ਦੂਰ ਸ਼ੰਭੂ ਨੂੰ ਤੁਹਾਡੇ ਤੋਂ ਵਧ ਜੁਝਾਰੂ ਸਮਝਦੇ ਹਨ? ਮੈਂ ਪੁਛਿਆ।

– ਐਸਾ ਭਰਮ ਉਹਨਾਂ ਨੂੰ ਹੋ ਗਿਆ ਹੋਵੇ ਤਾਂ ਹੈਰਾਨੀ ਵੀ ਨਹੀਂ ਹੋਣੀ ਚਾਹੀਦੀ। ਦਾਸ ਗੁਪਤਾ ਨੇ ਅਰਾਮ ਨਾਲ ਕਿਹਾ – ਗਲ ਇਹ ਹੈ ਮਿਸਟਰ ਵਰਮਾ ਅਸੀਂ ਕਾਇਦੇ-ਕਾਨੂੰਨ ਨਾਲ ਚਲਦੇ ਹਾਂ। ਅਸੀਂ ਅੰਦੋਲਨ ਤਦ ਵੀ ਕਰਦੇ ਹਾਂ ਜਦੋਂ ਗਲਬਾਤ ਫੇਲ੍ਹ ਹੋ ਜਾਵੇ। ਇਹ ਨਹੀਂ ਕਿ ਜਦੋਂ ਜੀ ਕਰੇ ਹੜਤਾਲ ਕਰ ਦਿਤੀ।

- ਕ੍ਰਾਂਤੀਕਾਰੀ ਤੇ ਜੁਝਾਰੂ ਵਿਖਾਈ ਦੇਣਾ ਇਕ ਅੱਡ ਗੱਲ ਹੈ, ਪਰ ਮਜ਼ਦੂਰਾਂ ਦੇ ਹਿਤ ਵਿਚ ਕੋਈ ਠੋਸ ਕੰਮ ਕਰਨਾ ਬਿਲਕੁਲ ਅੱਡ ਗਲ। ਇਹ ਨਿਤਿਨ ਸੀ ਜਿਸ ਨੇ ਆਪਣਾ ਇਕ ਇਕ ਸ਼ਬਦ ਤੋਲ ਕੇ ਕਿਹਾ ਸੀ।

– ਸਿਧਾਂਤਕ ਤੌਰ ਤੇ ਤੁਹਾਡੀ ਗਲ ਨਾਲ ਮੈਂ ਸਹਿਮਤ ਹਾਂ। ਮੈਂ ਵੀ ਸਾਵਧਾਨੀ ਨਾਲ ਸ਼ਬਦਾਂ ਦੀ ਚੋਣ ਕੀਤੀ – ਪਰ ਇਹ ਸਚਾਈ ਤਾਂ ਸਾਹਮਣੇ ਹੈ ਕਿ ਹਜ਼ਾਰਾਂ ਮਜ਼ਦੂਰਾਂ ਨੇ ਤੁਹਾਡੀ ਯੂਨੀਅਨ ਛਡ ਦਿਤੀ ਜਾਂ ਇਹ ਕਹਿ ਲਈਏ ਕਿ ਆਪਣੀ ਯੂਨੀਅਨ ਅੱਡ ਬਣਾ ਲਈ।

ਆਪਣੇ ਕਸੈਲੇ ਮੂੰਹ ਤੇ ਮੁਸਕਾਨ ਦੀ ਚਾਸ਼ਣੀ ਚੜ੍ਹਾ ਕੇ ਜਿਸ ਤਰ੍ਹਾਂ ਦਾਸ ਗੁਪਤਾ ਨੇ ਜਵਾਬ ਦਿਤਾ। ਉਸ ਨਾਲ ਮੈਂ ਉਸ ਦਾ ਮੁਰੀਦ ਹੋ ਗਿਆ। ਬਿਨਾ ਕਿਸੇ ਭਾਵ ਦੇ ਉਸ ਨੇ ਕਿਹਾ – ਇਸ ਤਰ੍ਹਾਂ ਅੰਨ੍ਹੇ ਅੰਦੋਲਨਾਂ ਨਾਲ ਕੁਝ ਨਹੀਂ ਹੋਣਾ। ਜ਼ਰੂਰੀ ਹੈ ਕਿ ਮਜ਼ਦੂਰ ਸਮਾਜਕ ਅਤੇ ਰਾਜਨੀਤਕ ਖੇਤਰ ਵਿਚ ਆਪਣੇ ਅੰਦੋਲਨ ਦੀ ਭੂਮਿਕਾ ਨੂੰ ਪਛਾਣੇ।

* * *

ਸ਼ਾਇਦ ਇਹ ਉਸ ਦੀ ਆਦਤ ਰਹੀ ਹੋਵੇ।

ਇੰਸਪੈਕਟਰ ਨੇ ਡਕਾਰ ਮਾਰਿਆ ਅਤੇ ਕੁਰਸੀ ਦੇ ਇਕ ਪਾਸੇ ਝੁਕ ਕੇ ਫਾਲਤੂ ਹਵਾ ਖਾਰਜ ਕੀਤੀ। ਦੋਵੇਂ ਕੰਮ ਗਜ਼ਬ ਦੇ ਤਾਲ ਮੇਲ ਨਾਲ ਹੋਏ ਜਿਵੇਂ ਕਿਸੇ ਜੁਗਲਬੰਦੀ ਵਿਚ ਦੋ ਸਾਜ ਸਮ ਤੇ ਆ ਕੇ ਮਿਲ ਗਏ ਹੋਣ। ਫਿਰ ਉਸ ਨੇ ਦੰਦੀਆਂ ਕਢ ਦਿਤੀਆਂ। ਸਾਡੀ ਪੁਲੀਸ ਵਾਲਿਆਂ ਦੀ ਜ਼ਿੰਦਗੀ ਐਨੀ ਬੇਅਰਾਮ ਹੁੰਦੀ ਹੈ ਕਿ ਹਵਾ ਦੀ ਸ਼ਿਕਾਇਤ ਬਣੀ ਰਹਿੰਦੀ ਹੈ।

ਅਚਾਨਕ ਹੀ ਉਸ ਹੱਸਣਾ ਬੰਦ ਕਰਕੇ ਕਮਰੇ ਦੇ ਬਾਹਰ ਖਲੋਤੇ ਸਿਪਾਹੀ ਨੂੰ ਅਵਾਜ਼ ਦਿਤੀ – ਜਲਦੀ ਤਿੰਨ ਫੈਂਟਾ ਅਤੇ ਤਿੰਨ ਮਿੱਠੇ ਪਾਨ ਲੈ ਆ।

ਮੈਂ ਉਸ ਨੂੰ ਟੋਕਣ ਲਗਾ ਤਾਂ ਉਹ ਤੁਰੰਤ ਬੋਲਿਆ – ਸਮਝ ਲਿਉ ਇਕ ਗਲਾਸ ਪਾਣੀ ਪੀ ਲਿਆ। ਨਿਤਿਨ ਵਲ ਜ਼ਰਾ ਕੁ ਤਿਰਸ਼ੀ ਨਜ਼ਰ ਨਾਲ ਮੁਸਕਰਾਇਆ।

ਮੈਂ ਆਪਣੇ ਆਪ ਨੂੰ ਤਿਆਰ ਕਰਦਿਆਂ, ਪੱਤਰਕਾਰਾਂ ਵਾਲੇ ਅੰਦਾਜ਼ ਵਿਚ ਕਿਹਾ – ਕੁਝ ਦਿਨ ਪਹਿਲਾਂ ਦੀ ਹੜਤਾਲ ਤੇ ਉਸ ਦੇ ਬਾਅਦ ਮਜ਼ਦੂਰ-ਵਸਤੀ ਵਿਚ ਹੋਏ ਗੋਲੀ-ਕਾਂਡ ਤੇ ਕੁਝ ਗਲ ਬਾਤ ਕਰਨੀ ਹੈ।

ਇੰਸਪੈਕਟਰ ਆਪਣੀ ਕੁਰਸੀ ਤੇ ਤਿਲਮਿਲਾ-ਇਆ। ਮੇਜ਼ ਤੇ ਰਖੇ ਰੂਲ ਨੂੰ ਥੋੜਾ ਸਰਕਾਇਆ ਅਤੇ ਫਿਰ ਪੇਪਰ-ਵੇਟ ਨੂੰ ਘੁਮਾਉਂਦਿਆਂ ਕਿਹਾ – ਮੈਂ ਇਸ ਕਾਂਡ ਦੇ ਕਾਨੂੰਨੀ ਪੱਖ ਤੇ ਹੀ ਆਪਣੀ ਰਾਏ ਜਾਂ ਇੰਜ ਆਖੋ ਕਿ ਮੈਂ ਆਪਣੀ ਸਫ਼ਾਈ ਦੇ ਸਕਦਾ ਹਾਂ।

– ਠੀਕ ਹੈ – ਉਹੀ ਸਹੀ। ਪੁਲੀਸ ਮਜ਼ਦੂਰਾਂ ਦੀ ਵਸਤੀ ਵਿਚ ਸ਼ੰਭੂ ਨੂੰ ਗ੍ਰਿਫ਼ਤਾਰ ਕਰਨ ਰਾਤ ਨੂੰ ਗਿਆਰਾਂ ਵਜੇ ਕਿਉਂ ਗਈ?

- ਸਾਬ, ਅਸੀਂ ਤਾਂ ਕਿਸੇ ਤਰ੍ਹਾਂ ਦੀ ਵੀ ਤਣਾਅ-ਪੂਰਨ ਹਾਲਤ ਨਹੀਂ ਚਾਹੁੰਦੇ। ਅਸੀਂ ਸੋਚਿਆ ਸੀ ਕਿ ਲੋਕ ਸੌਂ ਗਏ ਹੋਣਗੇ ਅਤੇ ਕੋਈ ਗੜਬੜ ਨਹੀਂ ਹੋਵੇਗੀ ਪਰ...

- ਪਹਿਲੀ ਵਾਰ ਪੁਲੀਸ ਨੇ ਗੋਲੀ ਰਾਤ ਨੂੰ ਚਲਾਈ? ਮੈਂ ਪੁਛਿਆ।

- ਚਲਾਈ ਸੀ ਸਾਬ, ਚਲਾਉਣੀ ਪਈ। ਸ਼ੰਭੂ ਨੂੰ ਗ੍ਰਿਫ਼ਤਾਰ ਕਰਨ ਗਏ ਤਾਂ ..

- ਕਿਸ ਧਾਰਾ ਦੇ ਤਹਿਤ ?

– ਧਾਰਾ 151 ਦੇ ਤਹਿਤ । ਇੰਸਪੈਕਟਰ ਨੇ ਫਿਰ ਰੂਲ ਨੂੰ ਇਧਰ ਉਧਰ ਸਰਕਾਇਆ।

— ਪੁਲੀਸ ਪਹੁੰਚੀ ਤਾਂ ਮਜ਼ਦੂਰ ਮਰਨ-ਮਾਰਨ ਤੇ ਉਤਾਰੂ ਹੋ ਉਠੇ। ਤੁਸੀਂ ਇਸ ਗਲ ਤੋਂ ਅੰਦਾਜ਼ਾ ਲਾ ਲਉ ਕਿ ਗੋਲੀ ਚਲਾਉਣ ਦੇ ਬਾਵਜੂਦ ਵੀ ਮਜ਼ਦੂਰਾਂ ਨੇ ਤਿੰਨ ਪੁਲਸੀਆਂ ਨੂੰ ਬੰਨ੍ਹ ਕੇ ਬਿਠਾ ਲਿਆ। ਹੁਣ — ਯਾਨੀ ਕਿ — ਤੁਸੀਂ ਆਪ ਹੀ ਦਸੋ ਇਹ ਕਿੰਨੀ ਖ਼ਤਰਨਾਕ ਗਲ ਹੈ। ਇਥੇ ਦੇ ਇਤਿਹਾਸ ਵਿਚ ਇਹ ਕਦੀ ਨਹੀਂ ਹੋਇਆ !

- ਹੂੰ — ਮੈਂ ਹੌਲੀ ਜਿਹੀ ਕਿਹਾ — ਫਿਰ ਪੁਲੀਸ ਨੇ ਦੂਜੀ ਵਾਰ ਗੋਲੀ ਚਲਾਈ ?

– ਅਜੀ ਸਾਬ, ਫੜੇ ਪੁਲਸੀਆਂ ਨੂੰ ਉਹਨਾਂ ਬਾਰਾਂ ਘੰਟੇ ਨਾ ਛਡਿਆ। ਕਹਿੰਦੇ ਸਨ – ਸਾਡੇ ਨੇਤਾ ਨੂੰ ਰਿਹਾ ਕਰੋ, ਤਦ ਛਡਾਂਗੇ । ਹੁਣ ਤੁਸੀਂ ਦਸੋ ? ਸਾਡੇ ਸਿਪਾਹੀਆ ਨੂੰ ਪਾਣੀ ਤਕ ਨਸੀਬ ਨਹੀਂ ਹੋਇਆ, ਦੂਜੇ ਦਿਨ ਪੁਲੀਸ ਦਾ ਦਸਤਾ ਗਿਆ ਤਾਂ ਫਿਰ ਗੋਲੀ ਚਲਾਉਣੀ ਪਈ ਤਾਂ ਜਾ ਕੇ ਪੁਲੀਸ ਬੰਦੀਆਂ ਨੂੰ ਛੁਡਾ ਸਕੀ।

ਸਿਪਾਹੀ ਫੈਂਟਾ ਅਤੇ ਪਾਨ ਰਖ ਗਿਆ। ਇੰਸ-ਪੈਕਟਰ ਨੇ ਸਲੀਕੇ ਨਾਲ ਬੋਤਲ ਹੱਥ ਵਿਚ ਫੜਾਈ।

– ਸਾਬ, ਅਜਕਲ ਹਰ ਥਾਂ ਨੇਤਾਗਿਰੀ ਪੁਜ ਗਈ ਹੈ। ਇਥੋਂ ਦੇ ਆਦਮੀ ਤਾਂ ਬਹੁਤ ਸਿੱਧੇ-ਸਾਦੇ ਸਨ — ਪਰ – ਹੁਣ – ਸਭ ਸ਼ੰਭੂ ਦੀ ਕਾਰਸਤਾਨੀ ਹੈ। ਯੂਨੀਅਨ ਤਾਂ ਇਹਨਾਂ ਦੀ ਵੀ ਹੈ ਉਹਨੇ ਨਿਤਿਨ ਵਲ ਇਸ਼ਾਰਾ ਕੀਤਾ – ਹੜਤਾਲਾਂ ਇਹਨਾਂ ਦੀ ਯੂਨੀ-ਅਨ ਨੇ ਵੀ ਕੀਤੀਆਂ, ਪਰ ਇਸ ਤਰ੍ਹਾਂ ਦਾ ਖ਼ੂਨ ਖ਼ਰਾਬਾ ਪਹਿਲਾਂ ਕਦੀ ਨਹੀਂ ਸੀ ਹੋਇਆ।

- ਗੋਲੀ ਨਾਲ ਕਿੰਨੇ ਲੋਕ ਮਰੇ ?

– ਕੁਲ 3 ਬੰਦੇ ਮਰੇ। ਤੁਸੀਂ ਮਜ਼ਦੂਰਾਂ ਦੀ ਖ਼ੂਨ-ਖ਼ਰਾਬੇ ਦੀ ਰੁਚੀ ਦਾ ਅੰਦਾਜ਼ਾ ਇਥੋਂ ਹੀ ਲਾਉ ਕਿ ਜਦ ਪਹਿਲੀ ਫ਼ਾਇਰਿੰਗ ਵਿਚ ਦੋ ਆਦਮੀ ਮਰੇ ਤਾਂ ਉਨ੍ਹਾਂ ਨੂੰ ਆਪਣੇ ਆਦਮੀਆਂ ਦੇ ਮਰਨ ਦੀ ਚਿੰਤਾ ਨਹੀਂ ਸੀ। ਉਹ ਤਾਂ ਬਸ – ਗੁਸੇ ਵਿਚ ਚੀਕ ਰਹੇ ਸੀ – ਸਾਡੇ ਨੇਤਾ ਨੂੰ ਰਿਹਾ ਕਰੋ। ਵੇਖੋ, ਕੀ ਹੋ ਗਿਆ ਲੋਕਾਂ ਨੂੰ ?

ਜਦੋਂ ਅਸੀਂ ਉਠ ਕੇ ਚਲੇ ਤਾਂ ਇੰਸਪੈਕਟਰ ਗੇਟ ਤਕ ਛਡਣ ਆਇਆ। ਤੁਰਦੇ ਹੋਇਆਂ ਉਸ ਨੇ ਦੋਸਤਾਂ ਵਾਂਗੂੰ ਸਲਾਹ ਦਿਤੀ - ਜੇ ਤੁਸੀਂ ਉਸ ਇਲਾਕੇ ਵਿਚ ਜਾਣਾ ਹੀ ਹੈ ਤਾਂ ਥੋੜਾ ਹੁਸ਼ਿਆਰ ਰਹਿਣਾ।

ਠੇਕੇਦਾਰ ਦੀ ਜੀਪ ਵਿਚ ਮੈਂ ਬਹਿੰਦੇ ਹੋਏ ਕਿਹਾ – ਬੜੀ ਸਾਫ਼ ਭਾਸ਼ਾ ਬੋਲਦਾ ਹੈ ਇਹ ਇੰਸ-ਪੈਕਟਰ ।

- ਉਹਦੀ ਸਾਹਿਤ ਵਿਚ ਬੜੀ ਰੁਚੀ ਹੈ। ਨਿਤਿਨ ਨੇ ਪ੍ਰਸ਼ੰਸਾ ਦੇ ਭਾਵ ਵਿਚ ਕਿਹਾ — ਬੜੀਆਂ ਵਧੀਆਂ ਕਵਿਤਾਵਾਂ ਵੀ ਲਿਖਦਾ ਹੈ ।

* * *

ਹੁਣ ਮੇਰੀ ਉਤਸੁਕਤਾ ਬਹੁਤ ਵਧ ਗਈ ਸੀ।

ਆਖ਼ਰ ਮੈਂ ਕੋਈ ਪੁਲੀਸ ਵਾਲਾ ਤਾਂ ਨਹੀਂ ਸਾਂ ਕਿ ਖ਼ਤਰੇ ਵਾਲੀ ਥਾਂ ਤੋਂ ਜਾਣ ਲਗਾ ਕੰਨੀਂ ਕਤਰਾ-ਉਂਦਾ। ਹਾਲਾਂ ਕਿ ਮੈਂ ਨਹੀਂ ਸਾਂ ਜਾਣਦਾ ਕਿ ਜਿਥੇ ਮੈਂ ਜਾ ਰਿਹਾ ਹਾਂ ਉਥੋਂ ਮੈਨੂੰ ਕੀ ਮਿਲਣ ਵਾਲਾ ਹੈ ।

ਉਂਜ ਵੀ ਨਿਤਿਨ ਮਜ਼ਦੂਰ-ਬਸਤੀ ਵਿਚ ਜਾਣ ਲਈ ਉਤਸੁਕ ਨਹੀਂ ਸੀ। ਮੇਰਾ ਵੀ ਵਿਚਾਰ ਸੀ ਕਿ ਕਿਸੇ ਥਾਂ ਤੇ ਇਕੱਲੇ ਜਾਣ ਨਾਲ ਸੱਚ ਜਾਨਣਾ ਅਸਾਨ ਹੁੰਦਾ ਹੈ। ਮੈਂ ਨਿਤਿਨ ਦੀ ਮੋਟਰ-ਸਾਈਕਲ ਲੈ ਕੇ ਇਕੱਲਾ ਹੀ ਨਿਕਲ ਪਿਆ। ਕੱਚਾ ਰਸਤਾ ਘੱਟੇ ਨਾਲ ਭਰਿਆ ਹੋਇਆ ਸੀ ਅਤੇ ਮੈਂ ਮੋਟਰ-ਸਾਈਕਲ ਚਲਾ-ਉਣ ਵਿਚ ਦਿੱਕਤ ਮਹਿਸੂਸ ਕਰ ਰਿਹਾ ਸਾਂ। ਸ਼ਾਮ ਪੈ ਰਹੀ ਸੀ ਪਰ ਰੌਸ਼ਨੀ ਅਜੇ ਕਾਫ਼ੀ ਸੀ।

ਸੜਕ ਤੇ ਖੇਡਦੇ ਧੂੜ-ਅੱਟੇ ਬੱਚੇ ਖੇਡਣਾ ਛੱਡਕੇ, ਅੱਖਾਂ ਸੁਕੇੜ ਕੇ ਮੇਰੇ ਵਲ ਵੇਖ ਰਹੇ ਸਨ। ਉਨ੍ਹਾਂ ਦੀਆਂ ਅੱਖਾਂ ਵਿਚ ਹੈਰਾਨੀ ਸੀ ਜਾਂ ਡਰ, ਇਹ ਮੈਂ ਸਮਝ ਨਾ ਸਕਿਆ। ਇਸ ਦੇ ਬਾਅਦ ਕੁਝ ਔਰਤਾਂ ਮਿਲੀਆਂ। ਉਹਨਾਂ ਦੀਆਂ ਅੱਖਾਂ ਵਿਚ ਸ਼ੱਕ ਅਤੇ ਡਰ ਦੇ ਭਾਵ ਸਨ।

ਬਸਤੀ ਦੇ ਵਿਚਕਾਰ ਮੋਟਰ-ਸਾਈਕਲ ਰੋਕ ਕੇ ਮੈਂ ਉਤਰ ਗਿਆ ਦੂਰ ਦੂਰ ਰਹਿੰਦੇ ਹੋਏ ਵੀ ਆਦਮੀ, ਔਰਤਾਂ ਤੇ ਬੱਚਿਆਂ ਨੇ ਮੇਰੇ ਚਾਰੇ ਪਾਸੇ ਇਕ ਛੋਟਾ ਜਿਹਾ ਘੇਰਾ ਬਣਾ ਲਿਆ। ਮੈਂ ਫ਼ੈਸਲਾ ਨਹੀਂ ਕਰ ਸਕਿਆ ਕਿ ਕਿਵੇਂ ਗੱਲ ਸ਼ੁਰੂ ਕਰਾਂ। ਤਦ ਹੀ ਮੈਨੂੰ ਇਕ ਆਦਮੀ ਦਿਸਿਆ ਜਿਸ ਨਾਲ ਦੋ ਦਿਨ ਪਹਿਲਾਂ ਥੋੜੀ ਜਿਹੀ ਗਲ ਹੋਈ ਸੀ। ਮੈਂ ਉਸ ਵਲ ਵੇਖ ਕੇ ਮੁਸਕਰਾਇਆ ਤਾਂ ਉਹ ਕੋਲ ਆ ਗਿਆ। ਅਜ ਤੁਸੀਂ

ਕੱਲੇ ਹੀ ਆਏ, ਸਾਬ।

– ਹਾਂ, ਮੈਂ ਪੁਛਿਆ – ਕੀ ਨਾਂ ਏਂ ਤੇਰਾ।

– ਫਗੂਆ।

– ਮੈਂ ਉਹ ਥਾਂ ਵੇਖਣੀ ਏ ਜਿਥੇ ਪੁਲਿਸ ਨੇ ਗੋਲੀ ਚਲਾਈ ਸੀ – ਅਤੇ – ਤੁਹਾਡੇ ਸਭ ਨਾਲ ਕੁਝ ਗੱਲਾਂ ਵੀ ਕਰਨੀਆਂ।

– ਤੁਸੀਂ, ਏਨਾ ਕਿਉਂ ਜਾਨਣਾ ਚਾਹੁੰਦੇ ਹੋ ਸਾਬ ?

– ਮੈਂ ਕਲਕਤੇ ਤੋਂ ਆਇਆਂ ਅਖ਼ਬਾਰ ਵਾਲਾ ਹਾਂ।

– ਉਹ – ਤਾਂਹੀਂ –। ਉਸ ਨੇ ਸਿਰ ਹਿਲਾਇਆ।

ਸਾਨੂੰ ਗੱਲਾਂ ਕਰਦੇ ਵੇਖ ਲੋਕ ਹੋਰ ਨੇੜੇ ਆ ਗਏ। ਹੁਣ ਉਹ ਓਨੇ ਸ਼ੱਕੀ ਨਹੀਂ ਸਨ। ਬੱਚੇ ਮੇਰੇ ਮੋਢੇ ਨਾਲ ਲਮਕੇ ਕੈਮਰੇ ਵਲ ਵੇਖ ਰਹੇ ਸਨ। ਇਕ ਬੱਚੇ ਨੇ ਪਿਛੋਂ ਆ ਕੇ ਛੇੜਿਆ ਤਾਂ ਕਿਸੇ ਔਰਤ ਨੇ ਝਿੜਕਿਆ – ਭਜ ਇਥੋਂ – ਰੋਏਂਗਾ ਨਹੀਂ ਤੇ...

– ਤਾਂ ਤੁਸੀਂ ਉਹ ਥਾਂ ਵੇਖੋਗੇ ਜਿਥੇ ਪੁਲਸੀਆਂ ਗੋਲੀ ਚਲਾਈ। ਆਉ – ਫਗੂਆ ਦੇ ਪਿਛੇ ਪਿਛੇ ਮੈਂ ਭੀੜ ਵਿਚੋਂ ਰਾਹ ਬਣਾਉਂਦਾ ਬਣਾਉਂਦਾ ਅਗੇ ਵਧਿਆ।

ਕੱਚੇ ਘਰਾਂ ਦੀ ਬਣੀ ਹੋਈ ਇਹ ਬਸਤੀ ਇਕ ਛੋਟੇ ਪਿੰਡ ਵਾਂਗ ਲਗ ਰਹੀ ਸੀ। ਧੂੜ ਨਾਲ ਭਰੀ ਗਲੀ ਦੇ ਦੋਵੇਂ ਪਾਸੀਂ ਬੇਤਰਤੀਬ ਬਣੇ ਇਹਨਾਂ ਛੋਟੇ ਛੋਟੇ ਘਰਾਂ ਦੇ ਛੱਪਰ ਜਾਂ ਤਾਂ ਫੂਸ ਦੇ ਸਨ ਜਾਂ ਸਲੇਟਾਂ ਦੇ। ਸਾਡੇ ਪਿਛੇ ਪਿਛੇ ਲੋਕਾਂ ਦੀ ਇਕ ਭੀੜ ਸੀ।

– ਤੁਹਾਡੀ ਹੜਤਾਲ ਅਜੇ ਚਲ ਰਹੀ ਹੈ। ਮੈਂ ਹੌਲੀ ਜਿਹੀ ਪੁਛਿਆ।

– ਹਾਂ ਸਾਬ, ਠੇਕੇਦਾਰ ਵਾਲੀਆਂ ਪੰਜਾਂ ਹੀ ਖਾਨਾਂ ਵਿਚ ਹੜਤਾਲ ਹੈ ਉਸ ਆਖਿਆ। ਹੜਤਾਲ ਤਾਂ ਚਲੇਗੀ ਸਾਬ, ਅਸੀਂ ਲੋਕਾਂ ਬਹੁਤ ਚਿਰ ਜ਼ੁਲਮ ਸਹੇ। ਹੁਣ ਤਾਂ ਮਰਨ ਮਾਰਨ ਵਾਲੀ ਲੜਾਈ ਹੈ।

– ਸ਼ੰਭੂ ਤਾਂ ਅਜੇ ਜੇਲ੍ਹ ਵਿਚ ਹੈ, ਹੁਣ ਤੁਹਾਡਾ ਨੇਤਾ ਕੌਣ ਏ ?

– ਹੁਣ ਅਸੀਂ ਇਕੱਠ ਕਰਦੇ ਹਾਂ ਸਾਬ। ਅਤੇ ਮਿਲ ਕੇ ਫ਼ੈਸਲੇ ਕਰਦੇ ਹਾਂ ਜੇ ਉਂਜ ਕਹੋ ਤਾਂ ਸ਼ੰਭੂ ਦੀ ਜ਼ਨਾਨੀ ਹੈ ਡੇਰਹਿਨ - ਉਹ ਹੀ ਸਾਡੀ ਨੇਤਾ ਹੈ। ਗਲੀ ਦਾ ਮੋੜ ਮੁੜ ਕੇ ਅਸੀਂ ਇਕ ਖੁਲ੍ਹੀ ਥਾਂ ਤੇ ਆ ਗਏ, ਜਿਥੇ ਇਕ ਨਿੰਮ ਦਾ ਰੁੱਖ ਸੀ ਥੋੜਾ ਹਟ ਕੇ ਦੋ ਪਾਣੀ ਦੀਆਂ ਟੂਟੀਆਂ ਲੱਗੀਆਂ ਸਨ। ਇਕ ਟੂਟੀ 'ਚੋਂ ਪਾਣੀ ਦੀ ਪਤਲੀ ਜਿਹੀ ਧਾਰ ਵਗ ਰਹੀ ਸੀ।

– ਸਾਬ, ਪੁਲੀਸ ਵਾਲਿਆਂ ਇਥੇ ਗੋਲੀ ਚਲਾਈ। ਦੋਵੇਂ ਵਾਰੀ ਇਥੇ ਮਰਦ, ਔਰਤਾਂ ਅਤੇ ਬੱਚੇ ਸਨ ਪਰ ਪੁਲੀਸ ਨੇ ਪਾਗਲਾਂ ਵਾਂਗ ਗੋਲੀ ਚਲਾਈ। ਫਗੂਆ ਖੱਬੇ ਹੱਥ ਦੇ ਘਰਾਂ ਵਲ ਜਾ ਕੇ ਬੋਲਿਆ – ਇਸ ਕੰਧ ਵਿਚ ਗੋਲੀਆਂ ਦੇ ਨਿਸ਼ਾਨ ਹਨ।

ਸਾਢੇ ਪੰਜ ਫੁਟ ਦੀ ਉਚਾਈ ਤੇ ਕੰਧ ਵਿਚ ਦੋ ਨਿਸ਼ਾਨ ਸਨ। ਮੈਂ ਕੈਮਰਾ ਸਿਧਾ ਕੀਤਾ ਅਤੇ ਫ਼ੋਟੋ ਲੈਣੀਆਂ ਸ਼ੁਰੂ ਕੀਤੀਆ। ਫਗੂਆ ਨੇ ਇਕ ਪਾਸੇ ਵਲ ਹਥ ਕਰਕੇ ਫਿਰ ਕਿਹਾ – ਉਸ ਕੰਧ ਤੇ ਵੀ ਹਨ। ਆਪੇ ਸੋਚੋ ਸਾਬ ਕਿ ਜਦ ਗੋਲੀ ਚਲੀ ਤਾਂ ਇਥੇ ਕੀ ਹਾਲਤ ਹੋਈ ਹੋਵੇਗੀ।

– ਪੁਲੀਸ ਵਾਲਿਆਂ ਨੇ ਕੋਸੀਲਾ ਨੂੰ ਜਾਣ ਬੁਝ ਕੇ ਨਿਸ਼ਾਨਾ ਸੇਧ ਕੇ ਗੋਲੀ ਮਾਰੀ। ਸਾਡੇ ਪਿਛੋਂ ਕਿਸੇ ਨੇ ਕਿਹਾ, ਤੇ ਮੈਂ ਮੁੜ ਕੇ ਵੇਖਿਆ ਮੋਟੇ ਮੋਟੇ ਨੈਣ-ਨਕਸ਼ਾਂ ਵਾਲੇ ਜਿਸ ਜਵਾਨ ਨੇ ਇਹ ਗਲ ਕਹੀ ਸੀ ਉਸ ਦੇ ਚੀਕਣੇ ਕਾਲੇ ਸਰੀਰ ਤੇ ਸਿਰਫ਼ ਇਕ ਪਰਨਾ ਸੀ।

– ਕੌਣ ਕੋਸੀਲਾ ? ਮੈਂ ਪੁਛਿਆ।

– ਕੋਸੀਲਾ ਦਾਉਟੋਲਾ ਦੀ ਖਾਨ ਵਿਚ ਕੰਮ ਕਰਦਾ ਸੀ ਸਾਬ। ਜਦੋਂ ਅਸੀਂ ਜਲਸਾ ਕਰਦੇ ਸਾਂ ਤਾਂ ਕੋਸੀਲਾ ਗੀਤ ਬਣਾ ਬਣਾ ਕੇ ਗਾਉਂਦਾ ਸੀ।

– ਹਾਂ ਸਾਬ, ਖ਼ੁਦ ਗੀਤ ਬਣਾਉਂਦਾ ਸੀ। ਇਸ ਵਾਰ ਫਗੂਆ ਨੇ ਕਿਹਾ।

– ਸਾਬ, ਜਦੋਂ ਕੋਸੀਲਾ ਗਾਉਂਦਾ ਸੀ ਤਾਂ ਲਗਦਾ ਸੀ ਜਿਵੇਂ ਸਾਡੀ ਜ਼ਿੰਦਗੀ ਦੀ ਫ਼ਿਲਮ ਚਲ ਰਹੀ ਹੋਵੇ। ਪੁਲੀਸ ਵਾਲਿਆਂ ਉਸ ਨੂੰ ਜਾਣ ਕੇ ਮਾਰਿਆ। ਠੇਕੇਦਾਰਾਂ ਪੈਸੇ ਦਿਤੇ ਹੋਣਗੇ।

– ਡੇਰਹਿਨ ਬਾਈ ਕਿਥੇ ਹੈ ? ਉਸਨੂੰ ਵੀ ਸੱਦ ਲਵੋ। ਕੁਝ ਗਲਾਂ ਕਰਾਂਗੇ। ਮੈਂ ਕਿਸੇ ਵੀ ਖ਼ਾਸ ਮਨੁਖ ਵਲ ਵੇਖੇ ਬਿਨਾਂ ਕਿਹਾ। ਨਿੰਮ ਦੇ ਰੁੱਖ ਦੇ ਸੱਜੇ ਪਾਸੇ ਦੇ ਬੂਹੇ ਤੇ ਜਾ ਕੇ ਫਗੂਆ ਨੇ ਅਵਾਜ਼ ਦਿੱਤੀ – ਭਾਬੀ, ਸਸ ਬੂਹ ਚੋਂ ਜੋ ਤੀਵੀਂ ਨਿਕਲੀ ਉਹ ਤੀਹਾਂ ਕੁ ਸਾਲਾਂ ਦੀ ਹੋਣੀ ਹੈ। ਪੱਕਾ ਕਣਕ-ਵੰਨਾਂ ਰੰਗ ਠੇਠ ਛੱਤੀ ਗੜ੍ਹੀ ਨੈਣ-ਨਕਸ਼ ਉਹਦੇ ਸਰੀਰ ਤੇ ਨੀਲੇ ਰੰਗ ਦਾ ਲੁਗੜਾ, ਹੱਥਾਂ ਵਿਚ ਕੜੇ ਤੇ ਚੂੜੀਆਂ। ਫਗੂਆ ਡੇਰਹਿਨ ਨਾਲ ਬੜੇ ਤੇ ਆਇਆ ਤਾਂ ਡੁਬਦੇ ਸੂਰਜ ਦੀਆਂ ਅੰਤਮ ਕਿਰਨਾ ਦੀ ਲੋਅ ਵਿਚ ਮੈਂ ਉਨ੍ਹਾਂ ਦੀ ਫੋਟੋ ਲੈ ਕੇ ਕੈਮਰਾ ਬੰਦ

ਕਰ ਦਿੱਤਾ।

— ਏਥੇ ਥੜੇ ਤੇ ਬਹਿ ਜਾਈਏ, ਮੈਂ ਕਿਹਾ।

ਥੜੇ ਤੇ ਪੈਰਾਂ-ਭਾਰ ਬੈਠੇ ਬੁੱਢੇ ਨੂੰ ਫਗੂਏ ਨੇ ਕਿਹਾ – ਥੋੜਾ ਸਰਕੀ ਬਾਬਾ ਬਹਿਣ ਦੇਵੀਂ।

ਬੁੱਢੇ ਨੇ ਦੂਨੀਆਂ ਅੱਖਾਂ 'ਚੋਂ ਵੇਖਣ ਦੀ ਕੋਸ਼ਿਸ਼ ਕਰਦੇ ਹੋਏ ਕਿਹਾ – ਕੌਣ ਏ ਬਾਬੂ ?

– ਇਕ ਅਖ਼ਬਾਰ ਵਾਲਾ ਬਾਬੂ ਆਇਆ ਹੈ, ਸਰਕ ਨਾ ਪਰੇ ਥੋੜਾ ਜਿਹਾ। ਫਗੂਆ ਕੇ ਕਿਹਾ।

– ਬੁੱਢੇ ਨੇ ਬੈਠੇ ਬੈਠੇ ਪਰੇ ਹੁੰਦੇ ਨੇ ਕਿਹਾ – ਰਾਮ ਰਾਮ ਬਾਬੂ ਜੀ, ਅਖ਼ਬਾਰ ਵਿਚ ਜ਼ਰੂਰ ਛਾਪੀਂ ਬਾਬੂ ਜੀ। ਮੇਰੇ ਲੜਕੇ ਨੂੰ ਮੌਢੇ ਵਿਚ ਗੋਲੀ ਲੱਗੀ। ਸਿਰ ਤੇ ਲਪੇਟੇ ਹੋਏ ਪੱਗ ਦਿਆਂ ਲੜਾਂ ਹੇਠ ਢੇਰ ਸਾਰੀਆਂ ਤਿਊੜੀਆਂ ਅਤੇ ਵਧੀ ਹੋਈ ਦਾੜੀ ਹੇਠ ਕੁਝ ਨਾ ਕਰ ਸਕਣ ਦੀ ਮਜਬੂਰੀ ਦਾ ਭਾਵ ਸੀ। ਮੈਂ ਥੜੇ ਉੱਤੇ ਚੜ੍ਹਦੇ ਪੁਛਿਆਂ – ਕਿੰਨੇ ਆਦਮੀ ਜ਼ਖਮੀ ਹੋਏ ?

– ਦਸ ਜ਼ਖਮੀ ਹੋਏ। ਚਾਰ ਤਾਂ ਠੀਕ ਹੋ ਗਏ। ਛੇ ਹਸਪਤਾਲ ਵਿਚ ਹਨ। ਕੋਲ ਖਲੋਤੇ ਜਵਾਨ ਨੇ ਜੁਆਬ ਦਿੱਤਾ।

– ਤੇਰਾ ਕੀ ਨਾਂ ਹੈ ? ਕਿਨ੍ਹਾਂ ਪੜ੍ਹਿਆਂ ਹੋਇਆਂ ਏ ?

– ਨਾਂ ਦੇਵੀ ਲਾਲ ਹੈ, ਦਸਵੀਂ ਤਕ ਪੜ੍ਹਿਆ ਹਾਂ।

– ਥੜੇ ਤੇ ਛੇ-ਸੱਤ ਲੋਕ ਹੀ ਬੈਠ ਸਕੇ ਬਾਕੀ ਲੋਕ ਜਾਂ ਹੇਠਾਂ ਬੈਠ ਗਏ ਜਾਂ ਘੇਰ ਕੇ ਆਸੇ ਪਾਸੇ ਖਲੋ ਗਏ। ਝੁਗੀਆਂ ਦੇ ਪਿਛੇ ਸੂਰਜ ਡੁੱਬ ਗਿਆ ਸੀ। ਸ਼ਾਮ ਦੇ ਘੁਸ-ਮੁਸੇ ਵਿੱਚ ਆਸ-ਪਾਸ ਦੇ ਘਰ, ਬੀਮਾਰ ਖੰਘਦੇ ਹੋਏ ਆਦਮੀਆਂ ਵਾਂਗ। ਝੁਕੇ ਹੋਏ ਖੜੇ ਸਨ। ਕਈ ਘਰਾਂ ਅੱਗੇ ਮੱਘ ਰਹੀਆਂ ਬਾਲਟੀਆਂ ਦੀਆਂ ਬਣੀਆਂ ਅੰਗੀ-ਠੀਆਂ, ਨਲਕੇ ਤੇ ਇਕ ਦੂਜੇ ਨਾਲ ਖੜਕਦੇ ਭਾਂਡੇ ਅਤੇ ਤੇ ਬਗਲ ਵਾਲੇ ਘਰ ਵਿਚ ਬੱਕਰੀ ਦੀ ਮਿਮਿਆਹਟ। ਮੈਨੂੰ ਪਤਾ ਨਹੀਂ ਕਿਉਂ ਫਿਰ ਇੰਸਪੈਕਟਰ ਦੀ ਦਿੱਤੀ ਚੇਤਾਵਨੀ ਯਾਦ ਆ ਗਈ – ਜੇ ਤੁਸੀਂ ਉਸ ਇਲਾਕੇ ਵਿਚ ਜਾਣ ਵਾਲੇ ਹੋ ਤਾਂ ਸਾਵਧਾਨ ਰਹਿਣਾ।

ਮੈਂ ਬਿਨਾਂ ਕਿਸੇ ਬਨਾਵਟ ਦੇ ਸੁਆਲ ਕੀਤਾ – ਤੁਸੀਂ ਲੋਕਾਂ ਨੇ ਹੜਤਾਲ ਕਿਉਂ ਕੀਤੀ ?

— ਇਸ ਤਰ੍ਹਾਂ ਹੈ ਸਾਬ, ਦੇਵੀ ਲਾਲ ਨੇ ਕਿਹਾ – ਪਲਾਂਟ ਦੀ ਖਾਨਾਂ ਵਿਚ ਜਿਹੜੇ ਮਜਦੂਰ ਕੰਮ ਕਰਦੇ ਹਨ, ਅਸੀਂ ਉਨ੍ਹਾਂ ਨਾਲ ਕੰਮ ਕਰਦੇ ਹਾਂ। ਫਿਰ ਵੀ ਉਹ ਸਾਡੇ ਨਾਲੋਂ ਦੂਣਾ ਕਮਾਉਂਦੇ ਹਨ। ਉਨ੍ਹਾਂ ਨੂੰ ਕਵਾਟਰ ਮਿਲਦੇ ਹਨ ਰਹਿਣ ਵਾਸਤੇ, ਦਵਾਂ-ਦਾਰੂ ਦੀ ਸਹੂਲਤ ਮਿਲਦੀ ਹੈ ਤੇ ਸਾਨੂੰ ਕੁਝ ਨਹੀਂ ਮਿਲਦਾ। ਪਾਣੀ ਤਕ ਦਾ ਇੰਤਜਾਮ ਨਹੀਂ ਹੈ ਸਾਬ, ਵੇਖ ਰਹੇ ਹੋ...ਸਿਰਫ ਦੋ ਨਲਕੇ ਹਨ ਸਾਡੇ ਵਾਸਤੇ।

– ਮਤਲਬ ਕਿ ਤੁਸੀਂ ਲੋਕ ਤੇ ਉੱਚਾ ਜੀਵਨ ਪੱਧਰ...ਮੇਰਾ ਮਤਲਬ ਹੈ...ਕੁਝ ਹੋਰ ਸਹੂਲਤਾਂ ਚਾਹੁੰਦੇ ਸੋ।

– ਹੋਰ ਸਹੂਲਤਾਂ ਦਾ ਸੁਆਲ ਨਹੀਂ ਹੈ ਬਾਬੂ, ਡਰੇਰਿਨ ਪਹਿਲੀ ਵਾਰ ਬੋਲੀ – ਸਾਨੂੰ ਸਹੂਲਤ ਮਿਲੀ ਹੀ ਨਹੀਂ ਹੈ।

– ਅਸੀਂ ਹਾਥੀ-ਘੋੜੇ ਥੋੜੇ ਮੰਗਦੇ ਹਾਂ ਸਾਬ। ਪਲਾਂਟ ਦਾ ਸਟੀਲ ਤਾਂ ਸਾਡੀ ਜਾਨ ਤੇ ਬਣਦਾ ਹੈ। ਫਿਰ ਵੀ ਸਾਡੇ ਨਾਲ ਮਤਰੇਰੀ ਮਾਂ ਵਾਲਾ ਸਲੂਕ ਕੀਤਾ ਜਾਂਦਾ ਹੈ। ਫਗੂਆ ਨੇ ਕਿਹਾ।

ਮੈਂ ਸਿਗਰੇਟ ਸੁਲਘਾ ਕੇ ਧੂਆਂ ਛਡਦੇ ਹੋਏ ਕਿਹਾ — ਯਾਨਿਕਿ ਠੇਕੇਦਾਰੀ ਦਾ ਧੰਦਾ – ਮੇਰਾ ਮਤਲਬ ਹੈ ਕਿ ਠੇਕੇਦਾਰੀ ਬੰਦ ਹੋਵੇ — ਇਹ ਤੁਹਾਡੀ ਮੰਗ ਹੈ।

— ਜਾਂ ਤਾਂ ਠੇਕੇਦਾਰੀ ਬੰਦ ਹੋਵੇ ਜਾਂ ਠੇਕੇਦਾਰ ਨਿਯਮ ਮੁਤਾਬਕ ਸਾਨੂੰ ਸਹੂਲਤਾਂ ਦੇਣ। ਦੇਵੀ ਲਾਲ ਨੇ ਕਿਹਾ – ਮੁਸ਼ਕਿਲ ਇਹ ਹੈ ਸਾਬ, ਠੇਕੇਦਾਰੀ ਵਿਚ ਸਿਰਫ ਸਾਨੂੰ ਹੀ ਘਾਟਾ ਹੈ, ਬਾਕੀ ਸਭ ਹੈ ਤਾਂ ਲਾਭ ਹੈ।

– ਅੱਛਾ ਇਹ ਦਸੋਂ ਤੁਸਾਂ ਪਹਿਲੀ ਯੂਨੀਅਨ ਕਿਉਂ ਛੱਡ ਦਿੱਤੀ ?

ਕੁਝ ਪਲਾਂ ਤਕ ਖਮੋਸ਼ੀ ਰਹੀ। ਫਿਰ ਡੇਰਹਿਨ ਨੇ ਸਿਧਾ ਮੇਰਆਂ ਅੱਖਾਂ ਵਿਚ ਵੇਖ ਕੇ ਕਿਹਾ – ਇਥੋਂ ਦੀ ਪੁਰਾਣੀ ਯੂਨੀਅਨ ਵੀ ਸਾਡੇ ਸਦਕਾ ਸੀ ਬਾਬੂ। ਯੂਨੀਅਨ ਨੇ ਪਹਿਲਾਂ ਠੀਕ ਕੰਮ ਕੀਤਾ ਬਾਅਦ ਵਿਚ ਲੀਡਰ ਲੋਕ ਵਿਕ ਗਏ। ਜਦੋਂ ਯੂਨੀਅਨ ਸਾਡੇ ਵਾਸਤੇ ਨਹੀਂ, ਲੀਡਰਾਂ ਲਈ ਕੰਮ ਕਰੇਗੀ ਤਾਂ ਅਸੀਂ ਉਸ ਵਿਚ ਕਿਉਂ ਰਹਾਂਗੇ।

ਉਸ ਯੂਨੀਅਨ ਨੇ ਤੁਹਾਨੂੰ ਬੋਨਸ-ਦੁਵਾਇਆ ਸੀ। ਮੈਂ ਇਸ ਬਾਰੇ ਪਤਾ ਕੀਤਾ ਹੈ।

– ਕਿਨ੍ਹਾਂ ਬੋਨਸ ਸਾਬ ! ਸੱਤਰ ਰੁਪੈ ! ਪਲਾਂਟ ਦੇ ਮਜਦੂਰਾਂ ਨੂੰ ਤਿੰਨ ਸੌ ਵੀਹ ਰੁਪੈ ਮਿਲਦਾ ਹੈ। ਠੇਕੇਦਾਰ ਨੂੰ ਲੱਖਾਂ ਦਾ ਲਾਭ ਹੁੰਦਾ ਹੈ। ਤੁਹਾਡੇ ਖਿਆਲ ਵਿਚ ਉਹ ਨਹੀਂ ਦੇ ਸਕਦਾ ਤਿੰਨ ਸੌ ਵੀਹ ? ਦੇਵੀ ਲਾਲ ਦਿਆਂ ਬੁਲ੍ਹਾਂ ਤੇ ਟੇਢੀ-ਮੁਸਕਾਨ ਸੀ।

– ਯੂਨੀਅਨ ਦੇ ਲੀਡਰ ਪਹਿਲਾਂ ਭੁੱਖੇ ਕਰਦੇ ਸਨ। ਅਜ ਸਭ ਕੋਲ ਆਪਣੀਆਂ ਗੱਡੀਆਂ ਹਨ। ਕਿਥੋਂ ਆਇਆ ਸਾਬ, ਕਿਥੋਂ ? ਤੁਸਾਂ ਆਪਣੇ ਮਿੱਤਰ ਤੋਂ ਨਹੀਂ ਪੁਛਿਆ ਕਿ ਮਕਾਨ ਕਿਵੇਂ ਬਣਾ ਲਿਆ। ਲੀਡਰ ਸਭ ਫਿਟਫਿਟੀ ਤੇ ਘੁਮਦੇ ਹਨ ਤੇ ਅਸੀਂ ਸਾਲੇ ਸਭ ਬੁਧੂ ਹਾਂ ਕਿ ਪੈਦਲ ਘੁਮਦੇ ਹਾਂ । ਫਗੂਆ ਦੇ ਬੁਲ੍ਹਾਂ ਤੇ ਮੁਸਕਰਾਹਟ ਹੋਰ ਟੇਢੀ ਸੀ।

ਹਨੇਰੇ ਵਿਚ ਸਭ ਕੁਝ ਢਕਿਆ ਗਿਆ ਸੀ। ਹੁਣ ਜਾ ਕੇ ਮੈਨੂੰ ਖਿਆਲ ਆਇਆ ਕਿ ਇਸ ਬਸਤੀ ਵਿਚ ਬਿਜਲੀ ਨਹੀਂ ਹੈ । ਚੰਗਾ ਹੋਇਆ ਕਿ ਹਨੇਰਾ ਸੀ ਕਿਉਂਕਿ ਇਨ੍ਹਾ ਲੋਕਾਂ ਨਾਲ ਗਲਾਂ ਕਰਦਿਆਂ ਮੈਂ ਖੁਦ ਹੜਬੜਾਂ ਗਿਆ ਸਾਂ। ਦਰਅਸਲ ਮੇਰੀ ਸ਼ਹਿਰੀ ਬੋਲੀ ਹੀ ਮੇਰੀ ਲਈ ਇਕ ਸਮੱਸਿਆ ਬਣ ਗਈ ਸੀ। ਉਨ੍ਹਾਂ ਦੀ ਗਲਤ-ਮਲਤ ਭਾਸ਼ਾਂ ਵੀ ਉਨ੍ਹਾਂ ਦੇ ਵਿਚਾਰਾਂ ਨੂੰ ਠੀਕ ਪ੍ਰਗਟਾਂ ਰਹੀ ਸੀ। ਮੈਨੂੰ ਆਪਣੇ ਆਪ ਤੇ ਤਰਸ ਆਇਆ ਕਿ ਆਪਣੇ ਖਿਆਲਾ ਦੇ ਪ੍ਰਗਟਾਂ ਲਈ ਮੈਂ ਕੁਝ ਗਿਣੇ-ਚੁਣੇ ਸ਼ਬਦਾ ਦਾ ਕਿਸ ਕਦਰ ਮੋਹਤਾਜ ਹੋ ਗਿਆ ਹਾਂ। ਮੇਰੀ ਹਾਲਤ ਇਕ ਅਨਪੜ੍ਹ ਤੋਂ ਵੀ ਬੁਰੀ ਸੀ। ਮੇਰੇ ਨਾਲ ਗਲਾਂ ਕਰਨ ਵਾਲੇ ਕਿਤੇ ਵੀ ਅਸਪਸ਼ਟ ਨਹੀਂ ਸਨ।

ਏਨੇ ਵਿਚ ਕੋਈ ਲਾਲਟੇਨ ਰੱਖ ਗਿਆ। ਉਸ ਦੀ ਬੱਤੀ ਭਬਾਕੇ ਮਾਰ ਰਹੀ ਸੀ।

– ਹੁਣ ਜੇ ਗਲਬਾਤ ਵਗੈਰ...ਯਾਨਿ ਕਦੀ ਗਲ-ਬਾਤ ਕਰਨੀ ਹੋਵੇ ਤਾਂ ਕੌਣ ਕਰੇਗਾ ਗਲਬਾਤ ? ਕਾਇਦੇ ਕਨੂੰਨ ਦੀ ਜਾਣਕਾਰੀ ਤੋਂ ਬਿਨਾਂ ਤੁਸੀਂ ਕੀ ਕਰੋਗੇ ? ਮੈਂ ਉਨ੍ਹਾਂ ਵਲ ਵੇਖਿਆ।

– ਜਿਹੜੇ ਲੋਕ ਕਾਇਦੇ–ਕਨੂੰਨ ਜਾਣਦੇ ਸਨ ਉਨ੍ਹਾਂ ਸਾਨੂੰ ਕਿਹੜਾ ਰਾਜ-ਪਾਟ ਦੇ ਦਿੱਤਾ ? ਡੇਰਹਿਨ ਬੋਲੀ – ਅਸੀਂ ਕਾਇਦਾ-ਕਨੂੰਨ ਨਹੀਂ ਜਾਣਦੇ ਪਰ ਆਪਣਾ ਭਲਾ-ਬੁਰਾ ਤਾਂ ਜਾਣਦੇ ਹਾਂ।

– ਸਾਹਿਬ...ਹੁਣ ਗਲਬਾਤ ਹੋਵੇਗੀ ਤਾਂ ਸ਼ੰਭੂ ਕਰੇਗਾ, ਨਹੀਂ ਤਾਂ ਡੇਰਹਿਨ, ਦੇਵੀ ਲਾਲ, ਅਸੀਂ ਕਰਾਂਗੇ। ਫਗੂਆ ਨੇ ਆਪਣੀ ਛਾਤੀ ਥਪਥਪਾਈ – ਲੜਾਈ ਦੇ ਮੈਦਾਨ ਵਿਚ ਜਿਹੜਾ ਲੜੇਗਾ ਉਹੀ ਤਾਂ ਜਾਣਗੇ ਨਾ...ਕਿ ਲੜਨਾ ਕਿਵੇਂ ਹੈ ?

– ਹੁਣ ਬਸ, ਆਖਰੀ ਗਲ। ਮੈਂ ਉਨ੍ਹਾਂ ਦੇ ਚਿਹਰੇ ਵਾਰੀ ਵਾਰੀ ਦੇਖੇ – ਤੁਸਾਂ ਪੁਲਿਸ ਵਾਲਿਆ ਨੂੰ ਬੰਦੀ ਬਣਾ ਕੇ ਕਿਉਂ ਰਖਿਆ ? ਮੈਂ ਸੁਣਿਆ ਹੈ ਤੁਸੀਂ ਉਨ੍ਹਾਂ ਨੂੰ ਪਾਣੀ ਵੀ ਨਹੀਂ ਦਿਤਾ।

– ਸਾਹਿਬ; ਪੁਲਸ ਵਾਲਿਆ ਸ਼ੰਭੂ ਨੂੰ ਫੜਿਆ ਕਿਉਂ ? ਅਸੀਂ ਵੀ ਪੁਲਿਸ ਵਾਲਿਆ ਨੂੰ ਫੜ ਲਿਆ। ਤੁਸੀਂ ਜਾਣਦੇ ਹੋ ਸਾਹਿਬ, ਠੇਕੇਦਾਰ ਦੇ ਬੰਦਿਆਂ ਨੇ ਪੁਲਿਸ ਨੂੰ ਪੈਸੇ ਦੇ ਕੇ ਸ਼ੰਭੂ ਨੂੰ ਫੜਾਇਆ। ਅਸੀਂ ਸਭ ਜਾਣਦੇ ਹਾਂ ਸਾਹਿਬ। ਇਹ ਸਭ ਖਾਕੀ ਬਰਦੀ ਵਾਲੇ ਦਸ ਨੰਬਰੀ ਹਰਾਮੀ ਹੁੰਦੇ ਹਨ। ਇਹ ਸਭ ਪੈਸੇ ਵਾਲਿਆਂ ਦੇ ਨੌਕਰ ਹਨ – ਨੌਕਰ। ਫਗੂਆ ਦੇ ਮੂੰਹ ਵਿਚੋਂ ਥੁੱਕ ਡਿੱਗਣ ਲੱਗਾ।

– ਹੜਤਾਲ ਹੋਈ ਤਾਂ ਪਹਿਲਾਂ ਠੇਕੇਦਾਰ ਦੇ ਮੁੰਡੇ ਆਏ। ਧਮਕਾਇਆ, ਮਾਰ-ਕੁਟ ਵੀ ਕੀਤੀ। ਜਦ ਕੁਝ ਨਾ ਹੋਇਆ ਤਾਂ ਪੁਲਿਸ ਵਾਲਿਆ ਨੂੰ ਖੁਆ-ਪਿਆਕੇ ਭੇਜਿਆ। ਡੇਰਹਿਨ ਦਾ ਸਾਹ ਫੂਲਣ ਲਗਿਆ।

– ਉਨ੍ਹਾਂ ਸਿਪਾਹੀਆਂ ਵਿਚੋਂ ਇਕ ਨੇ ਪਾਣੀ ਨਹੀਂ ਪੀਤਾ। ਕਹਿੰਦਾ ਸੀ ਪੰਡਤ ਹਾਂ, ਛੋਟੀ ਜਾਤ ਦੇ ਹੱਥੋਂ ਪਾਣੀ ਨਹੀਂ ਪੀਵਾਂਗਾ । ਉਹ ! ਪੰਡਤ ਦੀ ਔਲਾਦ ਬਣਦਾ ਸੀ। ਆਦਮੀ ਨੂੰ ਭੁੰਨ ਦੇਣਗੇ ਸਾਲੇ – ਪੈਸੇ ਲਈ ਗੂੰਹ ਖਾ ਜਾਣਗੇ ਸਾਲੇ – ਸਾਨੂੰ ਵਿਖਾਉਣਗੇ ਪੰਡਤਾਣੀ। ਦੇਵੀ ਲਾਲ ਦੀਆਂ ਅੱਖਾਂ ਵਿਚ ਕਠੋਰਤਾ ਉਭਰੀ।

ਮੈਂ ਉਨ੍ਹਾਂ ਦੇ ਚਿਹਰਿਆਂ ਵੱਲ ਵੇਖਿਆ ਜਿਨ੍ਹਾਂ ਤੇ ਗੁੱਸਾ ਅਤੇ ਕਰੋਧ ਸੀ। ਮੈਨੂੰ ਲੱਗਾ ਕਿ ਇਸ ਕਰੋਧ ਦੇ ਹੇਠਾਂ ਕਿਤੇ ਨਫਰਤ ਉਬਲ ਰਹੀ ਹੈ। ਉਨ੍ਹਾਂ ਦੀਆਂ ਅੱਖਾਂ ਵਿਚ ਹੁਸ਼ਿਆਰੀ ਦਾ ਭਾਵ ਸੀ ਅਤੇ ਉਨ੍ਹਾਂ ਨੂੰ ਵੇਖਕੇ ਇਹ ਜਾਨਣਾ ਔਖਾ ਨਹੀਂ ਸੀ ਕਿ ਉਹ ਅੱਖਾਂ ਅੱਖਾਂ ਆਪਣੇ ਦੁਸ਼ਮਣ ਨੂੰ ਪਛਾਣ ਗਈਆਂ ਹਨ। ਲਾਲ-ਟੇਨ ਭਬਾਕੇ ਮਾਰ ਰਹੀ ਸੀ। ਉਸ ਦੇ ਚਾਨਣ ਵਿਚ ਉਹ ਚੇਹਰੇ ਮੈਨੂੰ ਅਜੀਬ ਲੱਗੇ। ਮੌਸਮ ਅਤੇ ਘੋਲਾਂ ਦੀ ਮਾਰ ਨਾਲ ਪਕੇ ਹੋਏ । ਉਤੇਜਨਾਂ ਕਾਰਨ ਫੁਲਦੀਆਂ ਸੁੰਗੜਦੀਆਂ ਉਨ੍ਹਾਂ ਦੀਆਂ ਛਾਤੀਆਂ ਵਲ ਵੇਖ ਕੇ ਲਗਦਾ ਸੀ ਕਿ ਪਹਾੜ ਨੂੰ ਤਰਾਸ਼ਕੇ ਬਣਾਏ ਗਏ ਹੋਣ।

ਤਦ ਹੀ ਲਾਲਟੇਨ ਭਬਾਕਾਂ ਮਾਰਕੇ ਬੁਝ ਗਈ। ਸੰਘਣਾ ਹਨੇਰਾ ਤੇ ਚੁੱਪ ਸਾਰੇ ਪਾਸੇ ਪਸਰ ਗਈ। ਬੀਂਡਿਆਂ ਦੀ ਅਵਾਜ਼, ਸਾਫ ਸੁਣੀ ਤੇ ਵਿਚ-ਵਿਚ ਪਹਾੜੀ ਦੇ ਪਿਛੋਂ ਗਿਦੜਾਂ ਦੇ ਬੋਲਣ ਦੀ ਅਵਾਜ਼... ਮੈਂ ਆਪਣੀ ਥਾਂ ਤੇ ਕਸਮਸਾਇਆ – ਹੁਣ ਮੈਂ ਚਲਾਂ।

– ਅਰੇ ..ਕੋਈ ਦੂਸਰੀ ਲਾਲਟੇਨ ਲਿਆਉਣਾ। ਦੇਵੀ ਨਾਲ ਨੇ ਅਵਾਜ਼ ਦਿੱਤੀ। ਬਸ-ਬਾਰਾਂ ਸਾਲ ਦਾ

ਮੁੰਡਾ ਲਾਲਟੇਨ ਲੈ ਆਇਆ। ਦੇਵੀ ਲਾਲ ਨੇ ਮੇਰੇ ਵਲ ਮੁੜ ਕੇ ਕਿਹਾ – ਸਾਬ, ਤੁਸੀਂ ਕੁਝ ਵੀ ਲਿਖੋ ਪਰ ਉਸ ਵਿਚ ਕੌਸੀਲਾ ਦੇ ਬਾਰੇ ਜ਼ਰੂਰ ਲਿਖਣਾ।

ਤਦ ਹੀ ਦੂਸਰੀ ਲਾਲਟੇਨ ਰਖਕੇ ਜਾਂਦੇ ਮੁੰਡੇ ਨੇ ਕਿਹਾ – ਸਾਹਿਬ, ਮੈਨੂੰ ਕੌਸੀਲਾ ਦੇ ਸਾਰੇ ਗਾਣੇ ਯਾਦ ਹਨ।

– ਇਸ ਨੂੰ ਹੀ ਨਹੀਂ ਬਾਬੂ...ਹੁਣ ਤਕ ਇਕ ਪਾਸੇ ਇਕ ਦਮ ਖਾਮੋਸ਼ ਬੈਠੇ ਬੁੱਢੇ ਨੇ ਕਿਹਾ – ਬਹੁਤ ਜਾਣਿਆ ਨੂੰ ਯਾਦ ਹਨ। ਉਸ ਦੀ ਅਵਾਜ਼ ਬੁੜਬੜਾਹਟ ਵਿਚ ਬਦਲ ਗਈ ਜਿਵੇਂ ਆਪਣੇ ਆਪ ਨੂੰ ਕਹਿ ਰਿਹਾ ਹੋਵੇ – ਇਕ-ਦੋ ਤਾਂ ਮੈਨੂੰ ਵੀ ਯਾਦ ਨੇ।

ਮੈਂ ਚੁੱਪ-ਚਾਪ ਉੱਠਕੇ ਥੜੇ ਤੋਂ ਉਤਰ ਗਿਆ। ਮੇਰੇ ਪਿਛੇ ਉਹੀ ਛੋਟੀ ਜਿਹੀ ਭੀੜ ਫਿਰ ਚਲੀ। ਗਲੀ ਦੇ ਮੋੜ ਤੇ ਪਹੁੰਚ ਕੇ ਮੈਂ ਮੁੜਕੇ ਵੇਖਿਆ। ਹਨੇਰੇ ਦੇ ਤਕੜੇ ਸੀਨੇ ਤੇ ਰਖੀ ਹੋਈ ਛੋਟੀ-ਜਿਹੀ ਮੁਠ ਵਰਗੀ ਥੜੇ ਤੇ ਰਖੀ ਲਾਲਟੇਨ ਨਾਲ ਰੋਸ਼ਨੀ ਦਾ ਇਕ ਛੋਟਾ ਜਿਹਾ ਦਾਇਰਾਂ ਬਣ ਗਿਆ ਸੀ। ਬੁੱਢੇ ਦੀ ਦਾੜੀ ਤੇ ਰੋਸ਼ਨੀ ਪੈ ਰਹੀ ਸੀ ਤੇ ਉਹ ਸਿਰ ਝੁਕਾਕੇ ਅਜੇ ਵੀ ਬੁੜਬੁੜਾ ਰਿਹਾ ਸੀ। ਡੇਰਹਿਨ ਸਾਹਮਣੇ ਵੇਖਦੀ ਚੁੱਪ-ਚਾਪ ਬੈਠੀ ਸੀ। ਮੁੰਡਾ ਲਾਲਟੇਨ ਦੇ ਸਾਹਮਣੇ ਖੜਾ ਸੀ। ਉਸ ਤੇ ਰੋਸ਼ਨੀ ਨਹੀ ਸੀ ਪੈ ਰਹੀ ਪਰ ਢਾਕਾਂ ਤੇ ਹੱਥ ਰਖੇ, ਉਸਦਾ ਸਿਧਾਂ ਤਣਿਆ ਹੋਇਆ ਅਕਾਰ ਹਨੇਰੇ ਵਿਚ ਵੀ ਬਹੁਤ ਸਪਸ਼ਟ ਸੀ।

□ □ □

ਅਨੁਵਾਦਕ :– ਰਾਬਿੰਦਰ ਸਿੰਘ ਬਾਠ ਤੇ ਮਨਜੀਤ ਸਿੰਘ


ਸਵੈਸਾਚੀ ਦੇ ਲੇਖਾਂ ਦਾ ਸੰਗ੍ਰਿਹ ਪਹਿਲੀ ਵਾਰ ਪੰਜਾਬੀ ਵਿਚ ਇਕ ਵਡੀ ਪੁਸਤਕ ਦੇ ਰੂਪ ਵਿਚ

## ਸੂਹੀ ਸਵੇਰ

ਇਸ ਵਿਚ ਸਮਾਜ ਨੂੰ ਬਦਲ ਦਿਓ, ਮੇਰੀ ਦੁਨੀਆਂ ਦੀ ਕਹਾਣੀ, ਇਹ ਸਭ ਕਿਉਂ ? ਸਮਾਜ ਦਾ ਵਿਕਾਸ, ਰਾਜ ਸੱਤਾ, ਧਰਮ, ਅਸੀਂ ਕੀ ਕਰੀਏ – ਸਾਧਾਰਨ ਲੋਕਾਂ ਦੀ ਸਮਝ ਲਈ ਲਿਖੇ ਖਾਸ ਲੇਖ ਹਨ –

ਪੰਜਾਬੀ ਅਨੁਵਾਦ ਗੁਰਬਖ਼ਸ਼ ਜੱਸ

ਸਫ਼ੇ 212 — ਕੀਮਤ 5.00

ਨੋਟ : ਸੂਹੀ ਸਵੇਰ ਨਾਂ ਦੇ ਹੇਠ ਸਵੈਸਾਚੀ ਦੀ ਪਹਿਲੀ ਇਕ ਛੋਟੀ ਕਿਤਾਬ ਛਪ ਚੁੱਕੀ ਹੈ, ਪਰ ਉਹ ਇਕ ਹੀ ਲੇਖ 'ਇਹ ਸਭ ਕਿਉਂ' ਦਾ ਅਨੁਵਾਦ ਸੀ। ਹੁਣ ਛਪੀ 'ਸੂਹੀ ਸਵੇਰ' ਉਹਦੀਆਂ ਤਿੰਨ ਕਿਤਾਬਾਂ ਦਾ ਅਨੁਵਾਦ ਹੈ।

□ □ □

## ਜਦੋਂ ਖੇਤ ਜਾਗੇ

ਕ੍ਰਿਸ਼ਨ ਚੰਦਰ ਦਾ ਨਾਵਲ – ਮੁਲ 3.00

## ਬਲਰਾਜ ਸਾਹਨੀ ਯਾਦਗਰ ਪ੍ਰਕਾਸ਼ਨ

## 1. ਇਹ ਨਾਟਕ ਪਾਰਬਤਾ ਦਾ ਜਿਹੜੀ ਸ਼ਿਵ ਦੀ ਪਾਰਬਤੀ ਨਹੀਂ ਸੀ

ਨਾਟਕ ਸ਼ੁਰੂ ਹੋਣ ਤੇ ਪਿੱਠ ਭੂਮੀ ਤੋਂ ਨਾਅਰਿਆਂ ਦੀਆਂ ਆਵਾਜ਼ਾਂ ਆ ਰਹੀਆਂ ਹਨ। ਗੁੰਡਾਗਰਦੀ – ਮੁਰਦਾਬਾਦ, ਪਾਰਬਤੀ ਦੇ ਕਾਤਲਾਂ ਨੂੰ – ਫਾਹੇ ਲਾਓ, ਅਸੀਂ ਕੀ ਚਾਹੁੰਦੇ ਹਾਂ – ਇਨਸਾਫ਼, ਲੋਕ ਏਕਤਾ – ਜ਼ਿੰਦਾਬਾਦ (ਇਕ ਬੁਢਾ ਬਾਬਾ ਸਟੇਜ ਉਤੇ ਆਉਂਦਾ ਹੈ)।

– ਮੈਂ ਬੁਢਾ ਇਤਿਹਾਸ ਹਾਂ। ਸਮੇਂ ਦੇ ਹਰ ਪੜਾਅ ਤੇ ਮੈਂ ਹਾਜ਼ਰ ਰਿਹਾ ਹਾਂ। ਹਰ ਘਟਨਾ ਆਪਣੇ ਸੀਨੇ ਤੇ ਲਿਖਦਾ ਰਿਹਾ ਹਾਂ। ਮੈਂ ਉਸ ਵੇਲੇ ਵੀ ਹਾਜ਼ਰ ਸਾਂ ਜਦੋਂ ਸੁਕਰਾਤ ਨੇ ਜ਼ਹਿਰ ਦਾ ਪਿਆਲਾ ਪੀਤਾ ਸੀ। ਮੈਂ ਉਸ ਵੇਲੇ ਵੀ ਹਾਜ਼ਰ ਸਾਂ ਜਦੋਂ ਭਰੇ ਦਰਬਾਰ ਵਿਚ ਦਰੋਪਦੀ ਦੀ ਇਜ਼ਤ ਲਾਹੀ ਗਈ ਸੀ। ਮੈਂ ਉਸ ਵੇਲੇ ਵੀ ਹਾਜ਼ਰ ਸਾਂ ਜਦੋਂ ਅਬਦਾਲੀ ਦੇ ਲਸ਼ਕਰਾਂ ਨੇ ਪੰਜਾਬ ਦੀਆਂ ਸੋਹਣ-ਮਤੀਆਂ ਧੀਆਂ ਦੀ ਇਜ਼ਤ ਗਲੀਆਂ ਵਿਚ ਰੋਲੀ ਸੀ ਤੇ ਉਸ ਵੇਲੇ ਵੀ ਹਾਜ਼ਰ ਸਾਂ ਜਦੋਂ ਹਵਸ ਦੇ ਭੁਖੇ ਦਰਿੰਦਿਆਂ ਨੇ ਜੈਤੋ ਦੇ ਇਕ ਗ਼ਰੀਬ ਚੌਂਕੀਦਾਰ ਦੀ ਪਤਨੀ ਪਾਰਬਤੀ ਦੀ ਇਜ਼ਤ ਨੂੰ ਹੱਥ ਪਾਇਆ ਸੀ। ਮੈਂ ਇਤਿਹਾਸ ਦਾ ਭੈੜਾ ਤੋਂ ਭੈੜਾ ਸਮਾਂ ਤਕਿਆ ਹੈ। ਪਰ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਕਾਨੂੰਨ ਦੇ ਰਾਖਿਆਂ ਵਲੋਂ ਕਾਨੂੰਨ ਦੀ ਜਿਹੜੀ ਮਿੱਟੀ ਇਸ ਯੁਗ ਵਿਚ ਇਸ ਧਰਤੀ ਤੇ ਪਲੀਤ ਕੀਤੀ ਗਈ ਹੈ, ਉਹ ਇਤਿਹਾਸ ਵਿਚ ਕਿਸੇ ਹੋਰ ਯੁਗ ਵਿਚ ਨਹੀਂ ਕੀਤੀ ਗਈ। ਸਤੰਬਰ 78 ਦੀ ਕਾਲੀ ਬੋਲੀ ਰਾਤ ਇਕ ਚੀਕ ਦੀ ਆਵਾਜ਼, 'ਛੱਡ ਦੇਵੋ ਜ਼ਾਲਮੋਂ' 'ਛੱਡ ਦੇਵੋ ਜ਼ਾਲਮੋਂ।'

ਲੰਮੀ ਚੀਕ ਤੇ ਫੇਰ ਚੁਪ। ਬਾਬਾ ਸਟੇਜ ਦੇ ਇਕ ਪਾਸੇ ਹੋ ਜਾਂਦਾ ਹੈ। ਦੋ ਨੌਜਵਾਨ ਵਾਲ ਵਿਖਰੇ ਹੋਏ, ਟਾਈਆਂ ਗਲ ਵਿਚ, ਵਡੇ ਘਰਾਂ ਦੇ ਵਿਗੜੇ ਹੋਏ ਕਾਕੇ ਹਨ। ਸਟੇਜ ਤੇ ਆਉਂਦੇ ਹਨ।

– ਯਾਰ ਇਹ ਤਾਂ ਗ਼ਜ਼ਬ ਹੋ ਗਿਐ।

– ਕੀ ਹੋਇਆ ? ਐਵੇਂ ਸੋਕ ਮਾਰੀ ਜਾਣੈ।

– ਉਹ ਤਾਂ ਸਾਲੀ ਮਰ ਗਈ ਏ।

– ਫੇਰ ?

– ਫੇਰ ਕੁਝ ਨਹੀਂ ਹੋਇਆ ?

– ਨਹੀਂ।

– ਕਤਲ ਦਾ ਇਲਜ਼ਾਮ ?

– ਸਾਡੇ ਤੇ ਨਹੀਂ ਲਗਦਾ।

– ਹੋਰ ਕਿਸ ਤੇ ਲਗਦੈ ?

– ਹੋਰ ਥੋੜੀ ਦੁਨੀਆਂ ਪਈ ਏ।

– ਪਰ ਜੇ ਲਗ ਗਿਐ ?

– (ਪਰਸ ਕੱਢ ਕੇ) ਇਹਦੇ ਨਾਲ ਹੱਟ ਜਾਏਗਾ।

– ਬਹੁਤ ਲਗਾਣਾ ਪਵੇਗਾ।

– ਪਰਵਾਹ ਨਹੀਂ, ਬਾਪੂ ਨੇ ਬੜਾ ਕਮਾਇਆ ਹੋਇਆ ਏ।

– ਮੈਨੂੰ ਤਾਂ ਡਰ ਲਗ ਰਿਹੈ।

– ਤੇਰੇ ਇਸ ਡਰ ਨੇ ਮਾਰ ਦੇਣੈ।

– ਪਰ ਚੌਂਕੀਦਾਰ ਸਾਡਾ ਨਾਂ ਲੈ ਦੇਵੇਗਾ।

– ਜੇ ਸਿਆਣਾ ਹੋਇਆ ਤਾਂ ਨਹੀਂ ਲਵੇਗਾ।

– ਕਿਉਂ ?

– ਕਿਉਂਕਿ ਉਹ ਆਪ ਫਸੇਗਾ।

– ਉਹ ਕਿਸ ਤਰ੍ਹਾਂ ?

– ਬੀਵੀ ਦੇ ਕਤਲ ਦਾ ਇਲਜ਼ਾਮ ਉਹਦੇ ਉਤੇ ਲਗੇਗਾ।

– ਉਹ ਕਿਉਂ ?

– ਇਹ ਤਾਂ ਸਿੱਧੀ ਗਲ ਏ ।

– ਕੀ ਸਿੱਧੀ ਗਲ ਏ ?

– ਉਹਦੀ ਬੀਵੀ ਪੇਸ਼ਾ ਕਰਦੀ ਸੀ ।

– ਫੇਰ ?

– ਉਹਨੇ ਗੁਸੇ ਵਿਚ ਆ ਕੇ ਉਹਦਾ ਗਲ ਘੁਟ ਦਿਤਾ ।

– ਕੀ ਲੋਕ ਮੰਨਣਗੇ ?

– ਲੋਕ ਮੰਨਣ ਜਾਂ ਨਾ ਮੰਨਣ ਪਰ...।

– ਪਰ ਕੀ ?

– ਕਾਨੂੰਨ ਜ਼ਰੂਰ ਮੰਨੇਗਾ ।

– ਉਹ ਕਿਸ ਤਰ੍ਹਾਂ ?

– (ਪਰਸ ਵਲ ਇਸ਼ਾਰਾ ਕਰਕੇ) ਇਹ ਮਨਾਏਗਾ, ਤਪਤੀਸ਼ ਤਾਂ ਆਪਣੀ ਹੀ ਪੁਲਸ ਨੇ ਕਰਨੀ ਏਂ । ਤੇ ਪੁਲਸ.. ਹਾ ਹਾ

ਉਹ ਦੋਨੋਂ ਹੱਸਦੇ ਹਨ ਤੇ ਫ਼ੇਡ ਆਊਟ ।

ਸੀਨ ਦੂਸਰਾ - ਇਕ ਥਾਨਾ । ਇਕ ਥਾਨੇਦਾਰ ਅਤੇ ਇਕ ਪਤਵੰਤਾ ਸਜਨ ਗਲਬਾਤ ਕਰ ਰਹੇ ਹਨ ।

- ਤੁਸੀਂ ਵੀ ਤਾਂ ਰਾਏ ਸਾਹਿਬ ਹੱਦ ਕਰਦੇ ਹੋ । ਆਖ਼ਰ ਕਤਲ ਦਾ ਕੇਸ ਏ । ਇਸ ਤਰ੍ਹਾਂ ਖ਼ੁਰਦ ਪੁਰਦ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ ?

– ਇੰਸਪੈਕਟਰ ਸਾਹਬ, ਤੁਹਾਡੇ ਵਾਸਤੇ ਕੀ ਮੁਸ਼ਕਿਲ ਏ ?

– ਪਰ ਮਾਮਲਾ ਅਸੈਂਬਲੀ ਤਕ ਪੁਜ ਗਿਆ ਏ । ਦੇਸ਼ ਭਰ ਦੀਆਂ ਅਖ਼ਬਾਰਾਂ ਵਿਚ ਇਸ ਦਾ ਚਰਚਾ ਹੋ ਗਿਆ ਏ । ਮੁਖ਼ਾਲਿਫ਼ ਧੜੇ ਨੇ ਅਮਨ ਕਾਨੂੰਨ ਦਾ ਬੜਾ ਵਾ–ਵੇਲਾ ਪਾ ਦਿਤਾ ਏ ।

– ਉਹ ਜੀ ਵਾ–ਵੇਲੇ ਤਾਂ ਪੈਂਦੇ ਹੀ ਰਹਿਣਗੇ । ਦੋ ਦਿਨ ਪੈਣਗੇ । ਫੇਰ ਗਲ ਆਪੇ ਰਫ਼ਾ–ਦਫ਼ਾ ਹੋ ਜਾਏਗੀ ।

– ਪਰ ਮੁੰਡਿਆਂ ਨੇ ਗ਼ਲਤੀ ਬੜੀ ਭਾਰੀ ਕੀਤੀ ਏ । ਇਕ ਕਤਲ ਹੋ ਜਾਣਾ ਕੋਈ ਮਾਮੂਲੀ ਗੱਲ ਨਹੀਂ ।

– ਮੈਂ ਕਦੋਂ ਕਹਿਨਾ ਆਂ ਮਾਮੂਲੀ ਗਲ ਏ । ਬੜੀ ਵਡੀ ਗਲ ਏ । ਪਰ ਵਡੀਆਂ ਗਲਾਂ ਵੀ ਤਾਂ ਤੁਸੀਂ ਹੀ ਨਜਿੱਠਣੀਆਂ ਹੁੰਦੀਆਂ ਨੇ । ਬਸ ਸਾਰੀ ਗਲ ਤਾਂ ਐਫ਼ ਆਈ. ਆਰ. ਤੇ ਵੇ ।

– ਪਰ ਸਾਨੂੰ ਰਾਏ ਸਾਹਿਬ ਨੌਕਰੀ ਦਾ ਫ਼ਿਕਰ ਵੇ ।

– ਕਿਧਰੇ ਨਹੀਂ ਜਾਂਦੀ ਨੌਕਰੀ । ਬਹੁਤੇ ਤੋਂ ਬਹੁਤਾ ਕਰਨਗੇ ਇਕ ਹੋਰ ਥਾਨੇ ਵਿਚ ਤਬਦੀਲ ਕਰ ਦੇਣਗੇ ਜਾਂ ਮੁਅਤਲ ਕਰਕੇ ਲਾਈਨ ਹਾਜ਼ਰ ਕਰ ਦੇਣਗੇ ।

– ਤੁਸੀਂ ਇਸ ਨੂੰ ਮਾਮੂਲੀ ਗਲ ਸਮਝਦੇ ਹੋ ?

– ਮਮੂਲੀ ਤਾਂ ਨਹੀਂ ਪਰ ਇਸ ਨੂੰ ਖ਼ਾਸ ਵੀ ਨਹੀਂ ਸਮਝਦਾ ।

– ਹੱਦ ਕਰਦੇ ਹੋ ਰਾਇ ਸਾਹਿਬ, ਮੈਂ ਆਪਣੀ ਨੌਕਰੀ ਤੋਂ ਹੱਥ ਧੋ ਲਵਾਂ ਤਾਂ ਤੁਸੀਂ ਇਸ ਨੂੰ ਖ਼ਾਸ ਨਹੀਂ ਸਮਝਦੇ ।

– ਇਸ ਲਈ ਕਿ ਅਵਲ ਤਾਂ ਤੁਹਾਡੀ ਨੌਕਰੀ ਨੂੰ ਕੁਝ ਨਹੀਂ ਹੁੰਦਾ – ਅਸੀਂ ਆਪਣੀਆਂ ਬਾਹਵਾਂ ਲੰਮੀਆ ਰਖੀਆਂ ਹੋਈਆਂ ਨੇ – ਜੇ ਕਿਸੇ ਦਬਾਅ ਥਲੇ ਕੁਝ ਹੋ ਵੀ ਗਿਆ ਤਾਂ ਅਸੀਂ ਤੁਹਾਡਾ ਨੁਕਸਾਨ ਪੂਰਾ ਕਰ ਦੇਵਾਂਗੇ ।

– ਇਹ ਸਭ ਕਹਿਣ ਦੀਆਂ ਗਲਾਂ ਨੇ ।

- ਨਾਂ ਅਗੇ ਅਸੀਂ ਤੁਹਾਨੂੰ ਕਦੀ ਪਿੱਠ ਵਿਖਾਈ ਏ ?

– ਅਸੀਂ ਵੀ ਤਾਂ ਤੁਹਾਨੂੰ ਕਦੀ ਪਿੱਠ ਨਹੀਂ ਵਿਖਾਈ ਹੁਣ ਹੁਕਮ ਕਰੋ ਕੀ ਕਰਨਾ ਏਂ ।

– ਬਸ ਮੁੰਡਿਆਂ ਨੂੰ ਬਚਾਉਣਾ ਏਂ ।

- ਪਰ ਚੌਂਕੀਦਾਰ ਵਾਰ ਵਾਰ ਉਹਨਾਂ ਦਾ ਨਾਂ ਲਈ ਜਾਂਦਾ ਹੈ – ਤੇ ਪੋਸਟ ਮਾਰਟਮ ਦੀ ਰੀਪੋਰਟ ਵੀ ਕਹਿੰਦੀ ਏ ਕਿ ਪਹਿਲੇ ਉਹਦੇ ਨਾਲ ਜਬਰ ਜ਼ਨਾਹ ਕੀਤਾ ਗਿਆ । ਤੇ ਫੇਰ ਗਲ ਘੁਟ ਕੇ ਮਾਰ ਦਿਤਾ ਗਿਆ ।

- ਪਰ ਰੀਪੋਰਟ ਇਹ ਤਾਂ ਨਹੀਂ ਕਹਿੰਦੀ ਕਿ ਜਬਰ ਜਨਾਹ ਮੁੰਡਿਆਂ ਨੇ ਹੀ ਕੀਤਾ ਜਾਂ ਗਲ ਮੁੰਡਿਆਂ ਨੇ ਹੀ ਘੁਟਿਆ – ਕੋਈ ਮੌਕੇ ਦਾ ਗਵਾਹ ਤਾਂ ਹੈ ਨਹੀਂ ।

– ਪਰ ਚੌਂਕੀਦਾਰ ਵਾਰ ਵਾਰ ਉਹਨਾਂ ਦਾ ਨਾਂ ਲੈਂਦਾ ਏ -

– ਪਰ ਕਾਤਲ ਚੌਂਕੀਦਾਰ ਆਪ ਵੀ ਹੋ ਸਕਦਾ ਏ ।

– ਉਹ ਕਿਸ ਤਰ੍ਹਾਂ ?

– ਚੌਂਕੀਦਾਰ ਉਸ ਔਰਤ ਦਾ ਖਾਵੰਦ ਏ – ਔਰਤ ਬਦਕਾਰ ਸੀ ਤੇ ਇਸੇ ਲਈ .....ਅਗੋਂ ਤੁਸੀਂ ਆਪ ਸਿਆਣੇ ਹੋ –

[ ਨੋਟਾਂ ਦਾ ਇਕ ਥੱਦਾ ਜਿਹੜਾ ਰੁਮਾਲ ਵਿਚ ਬੰਨ੍ਹਿਆ ਹੈ – ਉਹ ਮੇਜ਼ ਤੇ ਰਖ ਦੇਂਦਾ ਹੈ। ]

– ਇਹ ਕੀ ?

– ਇਹਨੂੰ ਪਹਿਲੀ ਕਿਸ਼ਤ ਸਮਝਣਾ।

[ ਬਾਹਰੋਂ ਨਾਅਰਿਆਂ ਦੀ ਅਵਾਜ਼ ਆਉਣੀ ਸ਼ੁਰੂ ਹੋ ਜਾਂਦੀ ਹੈ – ਥਾਨੇਦਾਰ ਬਾਹਰ ਜਾਂਦਾ ਹੈ। ]

ਗੁੰਡਾਗਰਦੀ – ਮੁਰਦਾਬਾਦ

ਪਾਰਬਤੀ ਦੇ ਕਾਤਲਾਂ ਨੂੰ – ਫਾਹੇ ਲਾਉ

ਅਸੀਂ ਕੀ ਚਾਹੁੰਦੇ ਹਾਂ — ਇਨਸਾਫ਼

ਲੋਕ ਏਕਤਾ — ਜ਼ਿੰਦਾਬਾਦ

— ਇਹ ਤਾਂ ਬੜੀ ਮਾੜੀ ਗਲ ਹੋਈ ਰਾਏ ਸਾਹਿਬ – ਗੱਲ ਲੋਕਾਂ ਤਕ ਪੁਜ ਗਈ ਏ – ਲੋਕਾਂ ਨੇ ਥਾਨੇ ਨੂੰ ਘੇਰ ਲਿਆ ਏ –

– ਇਹ ਤਾਂ ਹੁਣ ਰੋਜ਼ ਦੀਆਂ ਗੱਲਾਂ ਹੋ ਗਈਆਂ ਨੇ – (ਕੁਝ ਸੋਚ ਕੇ) ਬਸ ਹੁਣ ਗਲ ਬਣ ਗਈ ..

– ਕੀ ?

– ਲੋਕ ਰੋਹ ਵਿਚ ਆ ਕੇ ਕੁਝ ਨਾ ਕੁਝ ਕਰਨਗੇ – ਜੇ ਉਹ ਨਾਂ ਵੀ ਕਰਨ ਭੀੜ ਵਿਚ ਅਸੀਂ ਆਪਣੇ ਬੰਦਿਆਂ ਕੋਲੋਂ ਪੱਥਰ ਮਰਵਾਂ ਦੇਵਾਂਗੇ – ਥਾਨੇ ਦਾ ਇਕ ਅੱਧ ਸ਼ੀਸ਼ਾ ਟੁੱਟ ਜਾਏਗਾ – ਬਸ ਉਸ ਤੋਂ ਬਾਅਦ ਤੁਹਾਡਾ ਕੰਮ ਆਸਾਨ ਹੋ ਜਾਏਗਾ।

– ਉਹ ਕਿਸ ਤਰ੍ਹਾਂ ?

– ਝਗੜਾ – ਲੋਕਾਂ ਤੇ ਪੁਲਸ ਦਾ ਝਗੜਾ ਹੋ ਜਾਏਗਾ ਤੇ ਅਸਲੀ ਗਲ ਸਾਰੀ ਪਿਛੇ ਪੈ ਜਾਏਗੀ... ਕਿਉਂ ਕੀ ਖ਼ਿਆਲ ਏ ?

– ਠੀਕ ਖ਼ਿਆਲ ਏ ?

– ਠੀਕ ਖ਼ਿਆਲ ਏ – ਪਰ ..

– ਪਰ ਪੁਰ ਕੁਝ ਨਹੀਂ ... ਇਹ ਕੰਮ ਤੁਸੀਂ ਕਰਨਾ ਏ — ਤੇ ਅਗਲੀ ਕਿਸ਼ਤ ਜਲਦੀ ਮਿਲ ਜਾਏਗੀ।

– ਤੁਸੀਂ ਜ਼ੋਰਾਵਰ ਹੋ ਜਨਾਬ।

[ ਫ਼ੇਡ ਆਊਟ ]

[ ਸੀਨ ਤੀਸਰਾ – ਅਸੈਂਬਲੀ ਦਾ ਹਾਲ ਹੈ। ਸਰਕਾਰ ਅਤੇ ਅਪੋਜ਼ੀਸ਼ਨ ਸਵਾਲ ਜਵਾਬ ਕਰ ਰਹੀ ਹੈ ]

– ਅਸੀਂ ਸਰਕਾਰ ਕੋਲੋਂ ਸਵਾਲ ਪੁਛਣਾ ਚਾਹੁੰਦੇ ਹਾਂ।

– ਸਰਕਾਰ ਜਵਾਬ ਦੇਣ ਲਈ ਹਾਜ਼ਰ ਹੈ।

– ਜੈਤੋ ਵਿਚ ਇਕ ਗ਼ਰੀਬ ਚੌਂਕੀਦਾਰ ਦੀ ਔਰਤ ਦੀ ਇਜ਼ਤ ਤੇ ਹੱਥ ਪਾਇਆ ਗਿਆ ਅਤੇ ਕਤਲ ਕੀਤਾ ਗਿਆ ਹੈ। ਸਰਕਾਰ ਇਸ ਬਾਰੇ ਕੀ ਕਰ ਰਹੀ ਏ ?

– ਸਰਕਾਰ ਇਸ ਬਾਰੇ ਪੂਰੀ ਕਾਰਵਾਈ ਕਰ ਰਹੀ ਏ।

– ਕੀ ਕਾਰਵਾਈ ਕਰ ਰਹੀ ਏ ?

– ਪੁਲਸ ਥਾਨੇ ਵਿਚ ਹੁਕਮ ਦੇ ਦਿਤਾ ਗਿਆ ਹੈ ਕਿ ਜੁਰਮ ਕਰਨ ਵਾਲਿਆਂ ਨੂੰ ਫ਼ੌਰਨ ਗ੍ਰਿਫ਼ਤਾਰ ਕੀਤਾ ਜਾਏ।

– ਕੀ ਗ੍ਰਿਫ਼ਤਾਰ ਕੀਤਾ ਗਿਆ ?

– ਹਾਂ ਕੀਤਾ ਗਿਆ।

– ਫੇਰ ਕੀ ਕਾਰਵਾਈ ਕੀਤੀ ?

– ਫੇਰ ਉਹਨਾਂ ਨੂੰ ਛਡਣਾ ਪਿਆ।

– ਕਿਉਂ ?

– ਕਿਉਂਕਿ ਉਹਨਾਂ ਨੇ ਕਚੈਹਰੀ ਤੋਂ ਜ਼ਮਾਨਤ ਕਰਵਾ ਲਈ।

– ਫੇਰ ਸਰਕਾਰ ਨੇ ਕੀਤਾ ?

– ਸਰਕਾਰ ਕਚੈਹਰੀਆਂ ਵਿਚ ਦਖ਼ਲ ਨਹੀਂ ਦੇਂਦੀ।

– ਕੀ ਇਸ ਤਰ੍ਹਾਂ, ਉਸ ਗ਼ਰੀਬ ਨੂੰ ਇਨਸਾਫ ਮਿਲ ਗਿਆ ਹੈ ?

– ਉਸ ਨੂੰ ਇਨਸਾਫ਼ ਮਿਲੇਗਾ।

– ਕਦੋਂ ?

– ਕਾਨੂੰਨ ਦਾ ਕੰਮ ਹੌਲੇ ਹੌਲੇ ਹੀ ਹੁੰਦਾ ਹੈ।

– ਖ਼ਬਰ ਮਿਲੀ ਹੈ ਕਿ ਇਨਸਾਫ਼ ਮੰਗਦੇ ਲੋਕਾਂ ਉਤੇ ਪੁਲਸ ਵਲੋਂ ਅੰਨ੍ਹਾ ਜ਼ੁਲਮ ਕੀਤਾ ਗਿਆ ਹੈ – ਉਹਨਾਂ ਦੇ ਘਰਾਂ ਵਿਚ ਜਾ ਕੇ ਉਹਨਾਂ ਦੇ ਬਜ਼ੁਰਗਾਂ ਨੂੰ ਕੁਟਿਆ ਗਿਆ – ਅਰਤਾਂ ਦੀ ਬੇਇਜ਼ਤੀ ਕੀਤੀ ਗਈ ਹੈ।

– ਗੁੰਡਾ ਅਨਸਰ ਨੂੰ ਦਬਾਉਣ ਵਾਸਤੇ ਪੁਲਸ ਨੂੰ ਕੁਝ ਨਾ ਕੁਝ ਕਾਰਵਾਈ ਕਰਨੀ ਹੀ ਪੈਂਦੀ ਹੈ।

– ਹੱਕ ਮੰਗਦੇ ਲੋਕ ਗੁੰਡੇ ਨਹੀਂ ਹੁੰਦੇ –

– ਸਰਕਾਰ ਦੀਆਂ ਨਜ਼ਰਾਂ ਵਿਚ ਕਾਨੂੰਨ ਨੂੰ ਆਪਣੇ ਹੱਥ ਲੈਣ ਵਾਲੇ ਲੋਕ ਗੁੰਡੇ ਹੁੰਦੇ ਹਨ, ਥਾਨਿਆਂ ਨੂੰ ਘੇਰਣ ਵਾਲੇ ਲੋਕ ਗੁੰਡੇ ਹੁੰਦੇ ਹਨ।

– ਗ਼ਰੀਬਾਂ ਦੀ ਇਜ਼ਤ ਲੁਟਣ ਵਾਲੇ ਲੋਕ ਸ਼ਰੀਫ਼ਜ਼ਾਦੇ ਹੁੰਦੇ ਹਨ ?

– ਸਰਕਾਰ ਨੇ ਆਪਣੀ ਪੁਲਸ ਨੂੰ ਹੁਕਮ ਦੇ ਦਿਤਾ ਹੈ ਕਿ ਗ਼ਰੀਬ ਲੋਕਾਂ ਦੀ ਪੂਰੀ ਰਖਵਾਲੀ ਕੀਤੀ ਜਾਏ ।

– ਕੀ ਸਰਕਾਰ ਨੂੰ ਆਪਣੀ ਪੁਲਸ ਤੇ ਇਤਬਾਰ ਹੈ ਕਿ ਉਹ ਇਸ ਤਰ੍ਹਾਂ ਕਰੇਗੀ ।

– ਸਰਕਾਰ ਨੂੰ ਪੁਲਸ ਤੇ ਇਤਬਾਰ ਕਰਨਾ ਹੀ ਪੈਂਦਾ ਹੈ ।

– ਕੀ ਸਰਕਾਰ ਜਾਣਦੀ ਹੈ ਕਿ ਪੁਲਸ ਪੈਸੇ ਵਾਲੇ ਦੀ ਹੱਥ-ਠੋਕਾ ਹੈ ?

– ਜਾਣਦੀ ਹੈ ।

– ਕੀ ਸਰਕਾਰ ਜਾਣਦੀ ਹੈ ਕਿ ਹਰ ਇਕ ਇਲਾਕੇ ਦੇ ਥਾਣੇਦਾਰ ਗੁੰਡੇ ਚੋਧਰੀਆਂ ਨਾਲ ਉਠਦੀ ਬੈਠਦੀ ਹੈ ?

ਸਰਕਾਰ ਜਾਣਦੀ ਹੈ ।

– ਫੇਰ ਗ਼ਰੀਬ ਸ਼ਹਿਰੀ ਇਹੋ ਜਹੀ ਪੁਲਸ ਕੋਲੋਂ ਕੀ ਉਮੀਦ ਰਖ ਸਕਦਾ ਹੈ ?

– ਇਹ ਇਸ ਦੇਸ਼ ਦਾ ਸਿਸਟਮ ਹੈ – ਸਰਕਾਰ ਇਸ ਵਿਚ ਕੀ ਕਰ ਸਕਦੀ ਹੈ ?

– ਜੇ ਸਰਕਾਰ ਇਸ ਵਿਚ ਕੁਝ ਨਹੀਂ ਕਰ ਸਕਦੀ ਤਾਂ ਸਰਕਾਰ ਗੱਦੀ ਛੱਡ ਦੇਵੇ ।

– ਅਸੀਂ ਗੱਦੀ ਛੱਡਣ ਲਈ ਗੱਦੀ ਤੇ ਨਹੀਂ ਬੈਠੇ ।

– ਸਰਕਾਰ ਨੂੰ ਗੱਦੀ ਛੱਡਣੀ ਪਵੇਗੀ ।

– ਅਸੀਂ ਗੱਦੀ ਨਹੀਂ ਛੱਡਾਂਗ ।

– ਤੁਸੀਂ ਛੱਡੋਗੇ ।

– ਅਸੀਂ ਨਹੀਂ ਛੱਡਾਂਗੇ ।

] ਇਸ ਤਰ੍ਹਾਂ ਝਗੜ ਰਹੇ ਹਨ । ਫ਼ੇਡ ਆਊਟ ।

ਸੀਨ ਚੌਥਾ – ਇਕ ਮੰਤਰੀ ਦਾ ਘਰ । ਮੰਤਰੀ ਤੇ ਦੂਜੇ ਸੀਨ ਵਾਲਾ ਪਤਵੰਤਾ ਗਲਬਾਤ ਕਰ ਰਹੇ ਹਨ ।

– ਪਰ ਰਾਏ ਸਾਹਿਬ ਮਾਮਲਾ ਇਤਨਾ ਸਾਦਾ ਨਹੀਂ, ਜਿੰਨਾ ਤੁਸੀਂ ਸਮਝਦੇ ਪਏ ਹੋ – ਸਾਰੇ ਪਾਸੇ ਰੌਲਾ ਪੈ ਗਿਆ ਏ ।

– ਰੌਲਾ ਤਾਂ ਉਏਂ ਹੀ ਇਸ ਮੁਲਕ ਵਿਚ ਪਿਆ ਹੋਇਆ ਏ ।

– ਪਰ ਲੋਕ ਕਹਿ ਰਹੇ ਨੇ ਕਿ ਗ਼ਰੀਬ ਦੀ ਇਜ਼ਤ ਅਤੇ ਜਾਨੋ ਮਾਲ ਨੂੰ ਸਾਡੇ ਰਾਜ ਵਿਚ ਖ਼ਤਰਾ

– ਲੋਕਾਂ ਤਾਂ ਕਹਿਣਾ ਈ ਏ, ਪਰ ਇਹਦਾ ਇਹ ਮਤਲਬ ਨਹੀਂ ਕਿ ਤੁਸੀ ਸਾਡੇ ਹੀ ਬੰਦਿਆਂ ਨੂੰ ਅੰਦਰ ਕਰਵਾ ਦੇਵੋ – –

– ਪਰ ਕੀ ਉਹ ਬੇਦੋਸ਼ੇ ਨੇ ?

– ਤੁਸੀਂ ਇਲਾਕੇ ਦੀ ਪੁਲਸ ਕੋਲੋਂ ਪੁਛ ਸਕਦੇ ਹੋ ।

– ਪੁਲਸ ਨੇ ਤਾਂ ਤੁਹਾਡੇ ਹੱਕ ਵਿਚ ਕਾਰਵਾਈ ਕੀਤੀ ਏ ।

– ਉਹਨਾਂ ਨੇ ਠੀਕ ਹੀ ਕੀਤੀ ਏ ।

– ਪਰ ਸਾਨੂੰ ਪਤਾ ਹੈ ਤੇ ਤੁਹਾਨੂੰ ਪਤਾ ਹੈ ਕਿ ਅਸਲੀਅਤ ਹੋਰ ਹੈ – ਇਸ ਲਈ ਸਾਨੂੰ ਹੁਕਮ ਦੇਣਾ ਪਿਆ ਕਿ ਤੁਹਾਡੇ ਬੰਦਿਆਂ ਨੂੰ ਗ੍ਰਿਫ਼ਤਾਰ ਕੀਤਾ ਜਾਏ – ਅਖ਼ੀਰ ਅਸੀਂ ਸਰਕਾਰ ਬਣਾਈ ਹੈ – ਜਨਤਾ ਦੀ ਇਜ਼ਤ – ਉਹਨਾਂ ਦੀਆਂ ਧੀਆਂ ਭੈਣਾਂ ਦੀ ਇਜ਼ਤ ਸਾਂਭਣਾ ਸਾਡਾ ਫ਼ਰਜ਼ ਹੈ ।

– ਧੀਆਂ ਭੈਣਾਂ ਦੀ ਇਜ਼ਤ ਤੁਹਾਡੇ ਹੱਥਾਂ ਵਿਚ ਕਿੰਨੀ ਕੁ ਮਹਿਫ਼ੂਜ਼ ਹੈ, ਹੁਣ ਮੇਰੇ ਕੋਲੋਂ ਮੂੰਹ ਨਾ ਖੁਲ੍ਹਵਾਓ ।

ਕੀ ਮਤਲਬ ?

– ਮਤਲਬ, ਚਲੋ ਜਾਣ ਦੇਵੋ, ਤੁਸੀਂ ਵੀ ਤਾਂ ਇਸ ਖੇਡ ਦੇ ਪੁਰਾਣੇ ਖਿਡਾਰੀ ਹੋ ।

– ਤੁਹਾਨੂੰ ਪਤਾ ਏ ਕਿ ਹੁਣ ਪੁਰਾਣੇ ਵੇਲੇ ਨਹੀਂ ਰਹੇ ।

– ਉਹ ਤਾਂ ਦਿਸਦਾ ਹੀ ਪਿਆ ਏ – ਕਲ੍ਹ ਤੁਸੀਂ ਇਕ ਸਿਆਸੀ ਵਰਕਰ ਸੀ – ਅਜ ਤੁਸੀਂ ਵਜ਼ੀਰ ਹੋ ?

– ਤੁਸੀਂ ਟਿਚਕਰ ਕਰ ਰਹੇ ਹੋ ?

– ਨਹੀਂ ਟਿਚਕਰ ਕੌਣ ਕਰਦਾ ਹੈ ?

– ਇਹ ਠੀਕ ਏ ਕਿ ਖੰਨਾ ਜੀ, ਕਲ੍ਹ ਅਸੀਂ ਇਕ ਸਿਆਸੀ ਵਰਕਰ ਸਾਂ – ਪਰ ਹੁਣ ਅਸੀਂ ਵਜ਼ੀਰ ਹਾਂ, ਸੋ ਜਿਨ੍ਹਾਂ ਨੇ ਸਾਨੂੰ ਇਸ ਕੁਰਸੀ ਤੇ ਬਿਠਾਇਆ ਏ, ਉਹਨਾਂ ਅਗੇ ਅਸੀਂ ਜਵਾਬਦੇਹ ਹਾਂ ।

– ਕਿਨ੍ਹਾਂ ਤੁਹਾਨੂੰ ਕੁਰਸੀ ਤੇ ਬਿਠਾਇਆ ਏ ?

– ਲੋਕਾਂ ਨੇ ਸਾਨੂੰ ਕੁਰਸੀ ਤੇ ਬਿਠਾਇਆ ਏ।

– ਕਿਹੜੇ ਲੋਕਾਂ ਨੇ ?

– ਜਿਨ੍ਹਾਂ ਨੇ ਸਾਨੂੰ ਵੋਟ ਦਿਤੇ ।

– ਤੇ ਜਿਨ੍ਹਾਂ ਤੁਹਾਨੂੰ ਨੋਟ ਦਿਤੇ ? ਕੀ ਤੁਸੀਂ ਉਹ ਲੋਕ ਭੁਲ ਗਏ ?

ਏ।

– ਮਤਲਬ ?

– ਤੁਹਾਡੀ ਅਲੈਕਸ਼ਨ ਵਿਚ ਸਾਡਾ ਪੰਜ ਹ ਹਜ਼ਾਰ ਰੁਪਿਆ ਲਗਿਆ, ਤੁਸੀਂ ਸਾਨੂੰ ਵੀ ਜਵਾਬਦੇਹ ਹੋ।

– ਮੈਂ ਮੁਨਕਰ ਕਦੋਂ ਹਾਂ – ਪਰ ਅਜ ਜਮਹੂਰੀਅਤ ਦਾ ਜ਼ਮਾਨਾ ਏ, ਸਨੂੰ ਕੁਝ ਬਿਆਨ ਦੇਣੇ ਪੈਣੇ ਹਨ।

– ਫੇਰ ਬਿਆਨ ਦੇ ਦੇਵੋ, ਮੈਂ ਕਦੋਂ ਮਨ੍ਹਾਂ ਕਰਨਾ ਹਾਂ।

– ਕੁਝ ਨਾ ਕੁਝ ਕਾਰਵਾਈ ਵੀ ਕਰਨੀ ਹੀ ਪੈਣੀ ਏ।

– ਫੇਰ ਕਾਰਵਾਈ ਕਰੋ – ਜਿਹੜੇ ਸ਼ਰਾਰਤੀ ਅਨਸਰ ਰੌਲਾ ਪਵਾ ਰਹੇ ਨੇ, ਉਹਨਾਂ ਨੂੰ ਫਸਾਦੀਆ ਦੀ ਕੋਈ ਧਾਰਾ ਲਾ ਕੇ ਅੰਦਰ ਕਰਵਾ ਦੇਵੋ ਤੇ ਕਿਸੇ ਤਫਤੀਸ਼ ਦਾ ਐਲਾਨ ਕਰ ਦੇਵੋ।

– ਉਹ ਤਾਂ ਅਸੀਂ ਕਰ ਹੀ ਦੇਵਾਂਗੇ – ਪਰ ਤੁਸੀਂ ਵੀ ਵਕਤ ਦੀ ਥੋੜੀ ਜਹੀ ਨਜ਼ਾਕਤ ਸਮਝੋ।

– ਚਲੋ ਵਕਤ ਦੀ ਨਜ਼ਾਕਤ ਅਸੀਂ ਸਮਝ ਲੈਂਦੇ ਹਾਂ – ਸਾਡੀ ਨਜ਼ਾਕਤ ਤੁਸੀਂ ਸਮਝ ਲਵੋ – ਹਾਂ ਸੱਚ ਕੋਆਪਰੇਟਿਵ ਬੈਂਕਾਂ ਦੀ ਚੇਅਰਮੈਨੀ ਦਾ ਕੀ ਫ਼ੈਸਲਾ ਕੀਤਾ ਜੇ ?

– ਉਹ ਤੁਹਾਡੇ ਹੱਕ ਵਿਚ ਹੋ ਗਿਆ ਹੈ — ਅਸੀਂ ਤੁਹਾਨੂੰ ਪਿੱਠ ਥੋੜੀ ਵਿਖਾਈ ਏ ?

– ਅਸੀਂ ਵੀ ਤੁਹਾਨੂੰ ਪਿੱਠ ਵਿਖਾਉਣ ਵਾਲੇ ਨਹੀਂ – ਸੋ ਇਹ ਫ਼ੈਸਲਾ ਹੋ ਗਿਆ ਕਿ ਇਸ ਮਾਮਲੇ ਵਿਚ ਇਨਕੁਆਇਰੀ ਬਿਠਾ ਦਿਤੀ ਜਾਏਗੀ ਤੇ ਹੋਰ...

– ਤੇ ਹੋਰ ਕੁਝ ਨਹੀਂ ਹੋਣ ਲਗਾ...ਬਸ ਠੀਕ ਏ ਨਾਂ ?

– ਠੀਕ ਏ ਜੀ, ਠੀਕ।

(ਫ਼ੇਡ ਆਊਟ)

[ ਆਖ਼ਰੀ ਸੀਨ। ਬਾਬਾ ਆਉਂਦਾ ਹੈ। ਲੋਕਾਂ ਨੂੰ ਸੰਬੋਧਨ ਕਰਦਾ ਹੈ। ]

– ਤੇ ਇਨਕੁਐਰੀ ਬਿਠਾ ਦਿਤੀ ਗਈ। ਲੋਕਾਂ ਦੀਆਂ ਅੱਖਾਂ ਪੂੰਝਣ ਲਈ ਹੋਰ ਵੀ ਕਾਰਵਾਈ ਕੀਤੀ ਗਈ, ਪਰ ਕੁਝ ਹੋਇਆ ?

– ਨਹੀਂ।

– ਫੇਰ ਇਸ ਹਾਲਤ ਵਿਚ ਤੁਸੀਂ ਕੀ ਕਰ ਰਹੇ ਹੋ ?

– ਤੁਸੀਂ ਦਸੋ।

– ਸੂਰਮਿਆਂ ਦੀ ਧਰਤੀ ਦੇ ਜੰਮਪਲ ਹੋ ਕੇ ਮੇਰੇ ਕੋਲੋਂ ਪੁਛਦੇ ਹੋ ਕੀ ਕਰੀਏ ? ਉਹਨਾਂ ਲੋਕਾਂ ਦਾ ਸਾਥ ਦੇਵੋ ਜਿਨ੍ਹਾਂ ਨੇ ਇਸ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਉਠਾਈ। ਦੋ ਦਿਨ ਥਾਨਾ ਘੇਰੀ ਰਖਿਆ। ਲਾਠੀਆਂ ਖਾਧੀਆਂ। ਜੇਲ੍ਹਾਂ ਭਰੀਆਂ। ਜਿਨ੍ਹਾਂ ਦੇ ਘਰ ਵਾਲਿਆਂ ਨੇ ਪੁਲਸ ਦਾ ਪੂਰਾ ਜਬਰ ਬਰਦਾਸ਼ਤ ਕੀਤਾ। ਜਿਨ੍ਹਾਂ ਨੇ ਇਸ ਧਰਤੀ ਤੇ ਸੰਘਰਸ਼ ਦਾ ਝੰਡਾ ਚੁਕਿਆ। ਸੰਘਰਸ਼ ਲਈ ਵਿਉਂਤ ਬਣਾਈ।

– ਫੇਰ ਕੀ ਹਵੇਗਾ ?

– ਫੇਰ ਉਹੀ ਹੋਵੇਗਾ ਜਿਦ੍ਹੀ ਤੁਸਾਂ ਸਾਰਿਆਂ ਨੂੰ ਲੋੜ ਏ। ਇਕ ਨਵੇਂ ਸਮਾਜ ਦਾ ਜਨਮ; ਜਿਥੇ ਪੈਸਾ ਕਿਸੇ ਦੀ ਇਜ਼ਤ ਨਾ ਲੁਟ ਸਕੇ, ਕਾਨੂੰਨ ਨਾ ਖ਼ਰੀਦ ਸਕੇ, ਇਨਸਾਫ਼ ਦੀਆਂ ਅੱਖਾਂ ਵਿਚ ਧੂੜ ਨਾ ਪਾ ਸਕੇ। ਮੈਂ ਬੁੱਢਾ ਇਤਿਹਾਸ ਤੁਹਾਨੂੰ ਪੁਕਾਰ ਪੁਕਾਰ ਕੇ ਕਹਿੰਦਾ ਹਾਂ ਕਿ ਜਿੰਨੀ ਇਸ ਧਰਤੀ ਨੂੰ ਉਸ ਸਮਾਜ ਦੀ ਲੋੜ ਏ, ਦੁਨੀਆਂ ਦੀ ਕਿਸੇ ਹੋਰ ਧਰਤੀ ਨੂੰ ਨਹੀਂ। ਕੀ ਤੁਸੀਂ ਮੇਰੀ ਪੁਕਾਰ ਸੁਣੋਗੇ ? ਇਹ ਇਕ ਸਵਾਲ ਏ, ਜਿਸ ਦਾ ਜਵਾਬ ਤੁਹਾਨੂੰ ਦੇਣਾ ਹੀ ਪਵੇਗਾ...ਦੇਣਾ ਹੀ ਪਵੇਗਾ...।

[ ਨਾਟਕ ਇਸ ਸਵਾਲ ਤੇ ਹੀ ਖ਼ਤਮ ਹੁੰਦਾ ਹੈ - ਪਰ ਕੀ ਇਹ ਨਾਟਕ ਖ਼ਤਮ ਹੋ ਗਿਆ ? ਨਹੀਂ ਡਬਵਾਲੀ ਇਹ ਨਾਟਕ ਫੇਰ ਹੋਇਆ ਹੈ। ]

## 2. ਇਕ ਸਾਹਿਤਕ ਸਮਾਗਮ ਦੀ ਕਾਰਵਾਈ :

ਇਨਕਲਬੀ ਕਵੀ ਦੀ ਪਹਿਲੀ ਕਿਤਾਬ ਰਿਲੀਜ਼ ਹੋਣੀ ਸੀ। ਸੂਬਾ ਭਰ ਤੋਂ ਸੰਰਚਨਾਵਾਦੀ, ਅ-ਸੰਰਚਨਾਵਾਦੀ, ਪ੍ਰਯੋਗਵਾਦੀ, ਅ-ਪ੍ਰਯੋਗਵਾਦੀ, ਮਾਰਕਸਵਾਦੀ, ਅ-ਮਾਰਕਸਵਾਦੀ, ਪ੍ਰਗਤੀਵਾਦੀ, ਅ-ਪ੍ਰਗਤੀਵਾਦੀ, ਰੂੜੀਵਾਦੀ, ਅ-ਰੂੜੀਵਾਦੀ (ਪਰ ਸਾਰੇ ਦੇ ਸਾਰੇ ਦਾਰੂਵਾਦੀ) ਲੇਖਕ ਇਕੱਠੇ ਹੋਏ ਸਨ। ਕਿਤਾਬ ਉਤੇ ਇਕ ਪੇਪਰ ਪੜ੍ਹਿਆ ਗਿਆ। ਭਰਪੂਰ ਬਹਿਸ ਹੋਈ। ਕਵੀ ਸਜਣਾਂ ਨੇ ਆਪਣਾ ਆਪਣਾ ਕਲਾਮ ਸੁਣਾਇਆ। ਰਾਤ ਨੂੰ ਮਹਿਫਲ ਹੋਈ। ਘੜੇ ਦੇ ਘੜੇ ਖ਼ਾਲੀ ਹੋਏ। ਇਕ ਸੰਰਚਨਾਵਾਦੀ ਨੇ ਭਾਵੁਕ

ਹੋ ਕੇ ਇਕ ਪ੍ਰਯੋਗਵਾਦੀ ਦੇ ਸਿਰ ਤੇ ਦਾਰੂ ਦਾ ਗਲਾਸ ਡੋਲ੍ਹ ਦਿਤਾ ਤੇ ਘੁਟ ਕੇ ਜੱਫੀ ਪਾਈ। ਇਕ ਮਾਰਕਸ-ਵਾਦੀ ਨੇ ਇਕ ਰੂੜੀਵਾਦੀਏ ਨਾਲ ਇਕੋ ਥਾਂ ਖਲੋ ਕੇ ਪੇਸ਼ਾਬ ਕੀਤਾ। ਇਕ ਇਨਕਲਾਬੀ ਕਵੀ ਨੇ ਤਾੜੀਆਂ ਦੀ ਬੀਟ ਤੇ ਨਾਚ ਕੀਤਾ ਜਿਹੜਾ ਭੰਗੜਾ ਵੀ ਸੀ, ਅਫ਼ਰੀਕਾ ਦੇ ਹਬਸ਼ੀਆਂ ਦਾ ਲੋਕ ਨਾਚ ਵੀ ਸੀ ਤੇ ਹੋਰ ਕੁਝ ਵੀ ਸੀ। ਵਖੋ ਵਖ ਥਾਵਾਂ ਦੀ ਕਲਾ ਦਾ ਸੰਗਮ ਸੀ। ਮਹਿਫਲ ਅੱਧੀ ਰਾਤ ਤਕ ਚਲੀ। ਰੀਪੋਰਟ ਦੇ ਮੁਤਾਬਿਕ ਸਮਾਗਮ ਬੜਾ ਕਾਮਯਾਬ ਸੀ ਅਤੇ ਆਪਣੀਆਂ ਪ੍ਰਾਪਤੀਆਂ ਲਈ ਯਾਦਗਾਰੀ ਵੀ ਸੀ।

## 3. ਆਤੰਕਵਾਦ ਤੇ ਖੱਬਾ ਨਪੁੰਸਕਵਾਦ

– ਗੁਰੂ ਦੇਵ।

– ਹਾਂ ਚੇਲਾ ਜੀ।

– ਅਜ ਚਾਹ ਨਹੀਂ ਪੀਵੋਂਗੇ ?

– ਨਹੀਂ ਚੇਲਾ ਜੀ।

– ਕਿਉਂ ਗੁਰੂ ਦੇਵ ?

– ਖੰਡ ਬੜੀ ਮਹਿੰਗੀ ਹੋ ਗਈ ਏ।

– ਫੇਰ ?

– ਰੋਸ ਵਲੋਂ ਸਾਡੀ ਖੰਡ ਹੜਤਾਲ ਏ ਚੇਲਾ ਜੀ।

– ਕੀ ਤੁਹਾਡੀ ਹੜਤਾਲ ਨਾਲ ਖੰਡ ਸਸਤੀ ਹੋ ਜਾਏਗੀ ?

– ਇਹ ਪਹਿਲਾ ਕਦਮ ਏ ਚੇਲਾ ਜੀ, ਮਹਿੰਗਾਈ ਦੇ ਖ਼ਿਲਾਫ਼ ਅਸੀਂ ਅੰਦੋਲਨ ਦਾ ਐਲਾਨ ਕਥ ਦਿਤਾ ਏ।

– ਅੱਛਾ, ਪਰ ਗੁਰੂ ਦੇਵ, ਇਕ ਗਲ ਸਮਝ ਨਹੀਂ ਆਈ।

– ਕਿਹੜੀ ਗਲ ਚੇਲਾ ਜੀ ?

– ਇਹ ਅੰਦੋਲਨ ਕੰਪਨੀ ਬਾਗ਼ ਵਿਚ ਕਿਉਂ ਹੋਵੇਗਾ ?

– ਇਹ ਠੰਡੀ ਥਾਂ ਏਂ ਚੇਲਾ ਜੀ।

– ਅੰਦੋਲਨ ਮਿਸ਼ਰੀ ਬਾਜ਼ਾਰ ਕਿਉਂ ਨਹੀਂ ?

– ਮਿਸ਼ਰੀ ਬਾਜ਼ਾਰ ?

– ਹਾਂ ਗੁਰੂ ਦੇਵ, ਜਿਥੇ ਖੰਡ ਦੇ ਗੋਦਾਮ ਨੇ।

– ਨਹੀਂ, ਚੇਲਾ ਜੀ, ਉਥੇ ਨਹੀਂ।

– ਕਿਉਂ ਗੁਰੂ ਦੇਵ ?

– ਖ਼ਤਰਾ ਏ ਕਿ ਲੋਕ ਗੁੱਸੇ ਵਿਚ ਆ ਕੇ ਗੁਦਾਮ ਨਾ ਲੁਟ ਲੈਣ।

– ਜੇ ਲੁੱਟ ਵੀ ਲੈਣ ਤਾਂ ਕੀ ਹਰਜ ਏ ?

– ਕਿਧਰੇ ਭੜਕ ਕੇ ਅੱਗਾਂ ਨਾ ਲਾ ਦੇਣ।

– ਜੇ ਲਾ ਵੀ ਦੇਣ ਤਾਂ ਕੀ ਹਰਜ ਏ ?

– ਚੇਲਾ ਜੀ, ਤੇਰਾ ਇਲਾਜ ਕਰਵਾਉਣਾ ਪਏਗਾ।

– ਕਿਉਂ ਗੁਰੂ ਜੀ ?

– ਤੂੰ ਆਤੰਕਵਾਦ ਦਾ ਸ਼ਿਕਾਰ ਹੋ ਗਿਆ ਏਂ।

– ਇਲਾਜ ਦੀ ਤਾਂ ਤੁਹਾਨੂੰ ਵੀ ਲੋੜ ਏ ਗੁਰੂ ਦੇਵ।

– ਕਿਉਂ ?

– ਤੁਸੀਂ ਖੱਬੀ ਨਾਪੁਨਸਕਤਾ ਦਾ ਸ਼ਿਕਾਰ ਹੋ ਗਏ ਹੋ।

– ਉਹ ਕੀ ਹੁੰਦੀ ਏ ਚੇਲਾ ਜੀ ?

– ਉਹ ਬੜੀ ਖਤਰਨਾਕ ਬਿਮਾਰੀ ਏ ਗੁਰੂ ਦੇਵ।

– ਪਰ ਉਹ ਹੁੰਦੀ ਕੀ ਏ ?

– ਇਹ ਖੱਬੀ ਲਹਿਰ ਨੂੰ ਪਿਛਲੇ ਤੀਹਾਂ ਸਾਲਾਂ ਤੋਂ ਲਗੀ ਹੋਈ ਏ।

– ਪਿਛਲੇ ਤੀਹਾਂ ਸਾਲਾਂ ਤੋਂ ?

– ਹਾਂ ਗੁਰੂ ਦੇਵ, ਉਹਨੇ ਉਹਦਾ ਲੱਕ ਤੋੜ ਦਿਤਾ ਏ, ਨਾ ਉਹ ਮਰਦੀ ਏ ਤੇ ਨਾ ਹੀ ਉਹ ਜੀਂਦੀ ਏ।

– ਪਰ ਚੇਲਾ ਜੀ ਇਹ ਹੈ ਕੀ ਏ, ਬਕਦੇ ਕਿਉਂ ਨਹੀਂ ?

– ਗੁਰੂ ਦੇਵ, ਇਹ ਹੁੰਦੀ ਏ – ਭੁੱਖ ਹੜਤਾਲ ਕਰੋ, ਲੋਕਾਂ ਦੀ ਰੈਲੀ ਕਰੋ, ਉਹ ਝੰਡੇ ਚੁਕ ਕੇ ਜੋਸ਼ ਨਾਲ ਰੈਲੀ ਵਿਚ ਆਉਣ, ਉਥੇ ਗਰਮ ਗਰਮ ਤਕਰੀਰਾਂ ਸੁਣਨ ਤੇ ਫੇਰ ਘਰ ਚਲੇ ਜਾਣ ਤੇ ਹੋਵੇ ਹੋਵਾਏ ਕੁਝ ਨਾ ਗੁਰੂ ਦੇਵ।

– ਇਕ ਫੇਰ ਦਸ, ਇਹਨੂੰ ਕੀ ਕਹਿੰਦੇ ਨੇ ? ਕੋਈ ਔਖਾ ਸ਼ਬਦ ਸੀ।

– ਇਹਨੂੰ ਖੱਬੀ ਨਪੁੰਸਕਤਾ ਕਹਿੰਦੇ ਨੇ ਗੁਰੂ ਦੇਵ।

– ਤੂੰ ਬੜਾ ਗੁਸਤਾਖ਼ ਹੋ ਗਿਆ ਏਂ ਚੇਲਾ ਜੀ।

– ਸੱਚ ਹਮੇਸ਼ਾ ਗੁਸਤਾਖ ਹੁੰਦਾ ਏ ਗੁਰੂ ਦੇਵ।

## 4. ਚਲਦੇ ਚਲਦੇ

1. ਇਕ ਜਵਾਨ ਮੁੰਡਾ ਅਤੇ ਉਹਦੀ ਸਾਥਨ ਅੰਮ੍ਰਿਤਸਰ ਗੁਰੂ ਰਾਮਦਾਸ ਸਰਾਂ ਵਿਚ ਰਾਤ ਕੱਟਣ ਆਏ। ਸਮਾਜ ਦੀ ਕਿਸੇ ਤੰਗ-ਨਜ਼ਰੀ ਕਰਕੇ ਜਿਹੜੀ ਉਹਨਾਂ ਦੇ ਜੋੜ ਨੂੰ ਠੀਕ ਨਹੀਂ ਸੀ ਸਮਝਦੀ ਜਾਂ ਕੋਈ ਕਾਰਨ, ਉਹਨਾਂ ਨੂੰ ਬਾਬੇ ਦੀ ਸ਼ਰਨ ਲੈਣੀ ਪਈ। ਬਘਿਆੜਾਂ ਦੀ ਸ਼ਕਲ ਵਿਚ ਸੇਵਾਦਾਰ ਬਾਬੇ ਦੇ ਘਰ ਪਹਿਰੇਦਾਰ ਬਣੇ ਹੋਏ ਹਨ। ਉਨ੍ਹਾਂ ਨੇ ਸ਼ਰਨ ਆਈ ਕੁੜੀ ਨੂੰ ਗਲੇ ਲਗਾਇਆ ਅਤੇ ਇਕੋ ਰਾਤ ਚਾਰ ਨੇ ਵਾਰੀ ਵਾਰੀ ਉਹਦੀ ਪੱਤ ਲੁਟੀ। 'ਜੋ ਸ਼ਰਨ ਆਏ ਤਿਸ ਕੰਠ ਲਾਓ' ਬਾਬੇ ਦੇ ਬੋਲਾਂ ਤੇ ਉਹਦੇ ਸੇਵਕਾਂ ਨੇ ਫੁੱਲ ਚੜ੍ਹਾਏ।

2. ਹਿੰਦੁਸਤਾਨ ਦੇ ਵਿਸ਼ਾਲ ਇਲਾਕੇ ਉੜੀਸਾ ਤੋਂ ਲੈ ਕੇ ਮਧਿਆ ਪ੍ਰਦੇਸ਼ ਤਕ ਸੋਕਾ ਪਿਆ ਹੋਇਆ ਸੀ। ਅਖ਼ਬਾਰ ਦੀ ਇਕ ਖ਼ਬਰ ਅਨੁਸਾਰ ਘਰ ਦੀਆਂ ਸੁਆਣੀਆਂ ਨੂੰ ਔਸਤਨ ਡੇਢ ਕਿਲੋਮੀਟਰ ਪੈਂਡਾ ਕਰਕੇ ਪੀਣ ਦਾ ਪਾਣੀ ਲਿਆਉਣਾ ਪੈ ਰਿਹਾ ਸੀ। ਸਰਕਾਰ ਕੋਲ ਪੈਸਾ ਨਹੀਂ ਹੈ ਕਿ ਡੂੰਘੇ ਖੂਹ ਖੋਦ ਕੇ ਇਹਨਾਂ ਲੋਕਾਂ ਲਈ ਪਾਣੀ ਮੁਹੱਈਆ ਕੀਤਾ ਜਾ ਸਕੇ। ਪਰ ਜਦੋਂ ਇਹ ਖ਼ਬਰ ਨਿੱਕੀ ਜਹੀ ਸੁਰਖੀ ਨਾਲ ਅਖ਼ਬਾਰ ਦੇ ਕਿਸੇ ਅੰਦਰਲੇ ਸਫ਼ੇ ਤੇ ਇਕ ਨੁੱਕਰ ਵਿਚ ਛਪੀ ਹੋਈ ਸੀ, ਉਸ ਵੇਲੇ ਬਾਹਰਲੇ ਸਫ਼ੇ ਤੇ ਵੱਡੀ ਸੁਰਖੀ ਸੀ – 'ਹਿੰਦੋਸਤਾਨ ਵਿਚ ਹੁਣ ਰੰਗੀਨ ਟੈਲੀਵੀਜ਼ਨ ਸ਼ੁਰੂ ਕੀਤਾ ਜਾਏਗਾ। ਇਹਦੇ ਲਈ ਅਗਲੇ ਪਲੈਨ ਵਿਚ 50 ਕ੍ਰੋੜ ਰੁਪਿਆ ਰਖ ਦਿਤਾ ਗਿਆ ਹੈ' ਗ਼ਰੀਬ ਜਨਤਾ ਲਈ ਪੀਣ ਦਾ ਪਾਣੀ ਨਹੀਂ, ਪਰ ਰੰਗੀਨ ਟੈਲੀਵੀਜ਼ਨ ਬਿਨਾਂ ਰਈਸਾਂ ਨੂੰ ਕਬਜ਼ੀ ਹੋਈ ਹੈ ਜੋ ਦੂਰ ਕਰਨੀ ਬੜੀ ਜ਼ਰੂਰੀ ਹੈ।

3. 'ਚੀਨ ਮੇਂ ਭੁਖ' ਧਰਮਯੁਗ ਅਖ਼ਬਾਰ ਵਿਚ ਇਸ ਨਾਂ ਦੇ ਲੇਖ ਨੂੰ ਬੜੀ ਵਡੀ ਸੁਰਖ਼ੀ ਦਿਤੀ ਗਈ। ਚੀਨ ਵਿਰੋਧੀ ਹਰ ਖ਼ਬਰ ਤੇ ਝਪਟ ਪੈਣ ਵਾਲੇ ਲੋਕਾਂ ਨੂੰ ਸੁਰਖ਼ੀ ਵੇਖ ਕੇ ਚਾਅ ਚੜ੍ਹ ਗਿਆ। ਲੇਖ ਪੜ੍ਹਣ ਤੇ ਪਤਾ ਲੱਗਾ ਕਿ ਇਹ ਕਿਸੇ ਬਦੇਸ਼ੀ ਅਖ਼ਬਾਰ ਨਸੀਬ ਦੇ ਪ੍ਰਭਾਵ ਸਨ। ਵਿਕਾਸਸ਼ੀਲ ਦੇਸ਼ਾਂ ਦੇ ਮੁਕਾਬਲੇ ਵਿਚ ਚੀਨ ਦੇ ਇਕ ਇਲਾਕੇ ਕੁਝ ਥੁੜਾਂ ਦਾ ਜ਼ਿਕਰ ਕੀਤਾ ਸੀ। ਹਿੰਦੁਸਤਾਨ ਦੇ ਅੰਕੜੇ ਜੇ ਉਹਦੇ ਬਰਾਬਰ ਰਖੇ ਜਾਣ ਤਾਂ ਉਥੋਂ ਦੇ ਲੋਕ ਕਿਧਰੇ ਵਧ ਰਜੇ ਹੋਏ ਸਾਬਤ ਹੁੰਦੇ ਹਨ। ਰਜੇ ਹੋਏ ਦੇਸ਼ਾਂ ਦੇ ਅਖ਼ਬਾਰ ਨਵੀਸ ਜੇਕਰ ਕਿਸੇ ਦੇਸ਼ ਦੀ ਭੁੱਖ ਬਾਰੇ ਲਿਖਣ ਤਾਂ ਸ਼ਾਇਦ ਕੁਝ ਗਲ ਬਣਦੀ ਹੈ ਪਰ ਜਦੋਂ ਕੰਗਾਲ ਹੋਏ ਲੋਕ ਜਿਨ੍ਹਾਂ ਦੀ ਕੁਲ ਆਬਾਦੀ ਦਾ 60ਫ਼ੀ ਸਦੀ ਭੁੱਖਮਰੀ ਪੱਧਰ ਦੇ ਥਲੇ ਜੀ ਰਿਹਾ ਹੋਵੇ, ਉਹ ਦੂਜੇ ਦੇਸ਼ਾਂ ਦੀ ਕੰਗਾਲੀ ਬਾਰੇ ਲਿਖਣ ਤਾਂ ਉਹ ਇਕ ਸਾਜ਼ਸ਼ ਦਾ ਬਣ ਜਾਂਦੀ ਹੈ ਕਿ ਲੋਕਾਂ ਨੂੰ ਭਰਮ ਪਾਓ 'ਕੀ ਹੋਇਆ ਜੇ ਅਸੀਂ ਭੁੱਖੇ ਹਾਂ, ਦੂਜੇ ਸਾਡੇ ਤੋਂ ਵਧ ਭੁਖੇ ਨੇ' ਆਪ ਭਾਵੇਂ ਨੰਗੇ ਹਾਂ, ਦੂਜਿਆਂ ਨਾਲੋਂ ਚੰਗੇ ਹਾਂ।

4. ਫ਼ੌਜੀ ਮੰਤਰਾਲੇ ਨੇ ਦੇਸ਼ ਦੀ ਰਖਿਆ ਲਈ ਫੌਜੀ ਸਾਮਾਨ ਖ਼ਰੀਦਣਾ ਸੀ। ਜਿਸ ਵਿਚ ਹਵਾਈ ਜਹਾਜ਼, ਡੁਬਕੀ ਕਿਸ਼ਤੀਆਂ ਅਤੇ ਹੋਰ ਹਥਿਆਰ ਆਂਦੇ ਸਨ, ਜਿਨ੍ਹਾਂ ਦੀ ਕੁਲ ਕੀਮਤ 1500 ਕ੍ਰੋੜ ਰੁਪਏ ਬਣਦੀ ਸੀ। ਹਿੰਦੋਸਤਾਨ ਦੇ ਪ੍ਰਸਿਧ ਅਖ਼ਬਾਰ ਨਵੀਸ ਇੰਦਰਜੀਤ ਨੇ ਆਪਣੇ ਇਕ ਲੇਖ ਵਿਚ ਇਸ ਗਲ ਦਾ ਇੰਨਕਸ਼ਾਫ਼ ਕੀਤਾ ਹੈ ਕਿ ਇਸ ਸੌਦੇ ਨੂੰ ਸਿਰੇ ਚੜ੍ਹਾ-ਉਣ ਲਈ ਬਦੇਸ਼ੀ ਕੰਪਨੀ ਦੇ ਏਜੰਟਾਂ ਨੇ, ਜਿਨ੍ਹਾਂ ਨੇ ਦਿਲੀ ਦੇ 'ਪੰਜ ਸਟਾਰ' ਹੋਟਲਾਂ ਵਿਚ ਡੇਰੇ ਲਗਾਏ ਹੋਏ ਸਨ, ਇਕੋ ਰਾਤ 50 ਕ੍ਰੋੜ ਰੁਪਿਆ ਸਬੰਧਤ ਅਧਿਕਾਰੀਆਂ ਨੂੰ ਭੇਂਟ ਚੜ੍ਹਾਇਆ, ਜਿਨ੍ਹਾਂ ਵਿਚ ਕੇਂਦਰੀ ਮੰਤਰੀ ਵੀ ਆਉਂਦੇ ਹਨ। ਕਿਹਾ ਜਾਂਦਾ ਹੈ ਕਿ ਇਹਨਾਂ ਏਜੰਟਾਂ ਕੋਲ ਫ਼ੌਜੀ ਮੰਤਰਾਲੇ ਦੇ ਪੂਰੇ ਖ਼ੁਫ਼ੀਆ, ਕਾਗਜ਼ਾਂ ਦੀ ਜਾਣਕਾਰੀ ਹੈ ਅਤੇ ਉਸੇ ਤੇ ਅਧਾਰਿਤ ਇਹ ਆਪਣੇ ਸਾਮਾਨ ਦੀ ਏਜੰਟੀ ਕਰਦੇ ਹਨ। ਹਥਿ-ਆਰਾਂ ਤੇ ਫ਼ੌਜੀ ਸਾਮਾਨ ਦੀ ਖ਼ਰੀਦ ਵਿਚ ਰਿਸ਼ਵਤ ਦਾ ਮਤਲਬ ਹੈ ਘਟੀਆ ਸਾਮਾਨ ਖ਼ਰੀਦੋ ਜਾਂ ਐਸਾ ਸਾਮਾਨ ਖ਼ਰੀਦੋ ਜਿਸ ਦਾ ਹਰ ਇਕ ਭੇਦ ਬਦੇਸ਼ੀਆਂ ਦੇ ਹੱਥ ਵਿਚ ਹੈ। ਇਸ ਹਾਲਤ ਵਿਚ ਜੰਗ ਲਗ ਜਾਣ ਵੇਲੇ ਫ਼ੌਜ ਨੇ ਦੇਸ਼ ਦੀ ਕੀ ਰਖਿਆ ਕਰਨੀ ਹੈ?

ਰੋਹ ਵਿਚ ਆਏ ਲੋਕਾਂ ਕੋਲੋਂ ਜੇਕਰ ਕਿਸੇ ਵਕਤੀ ਜੋਸ਼ ਥੱਲੇ ਕਿਸੇ ਸਰਕਾਰੀ ਸੰਪਤੀ ਦਾ ਨੁਕਸਾਨ ਹੋ ਜਾਏ ਤਾਂ ਅਖ਼ਬਾਰਾਂ ਚੀਕ ਪੈਂਦੀਆਂ ਹਨ। ਸਰਕਾਰੀ ਲੋਕਾਂ ਦੇ ਬਿਆਨ ਤੇ ਬਿਆਨ ਆਉਂਦੇ ਹਨ ਕਿ ਦੇਸ਼-ਧਰੋਹੀ ਅਨਸਰ ਬੜਾ ਸਰਗਰਮ ਹੋ ਗਿਆ ਹੈ ਪਰ ਆਪ ਇਹ ਬਗਲੇ ਇਕੋ ਰਾਤ ਵਿਚ ਜੇਕਰ 50 ਕ੍ਰੋੜ ਰੁਪਏ ਵਿਚ ਦੇਸ਼ ਹੀ ਵੇਚ ਦੇਣ ਤਾਂ ਵੀ ਇਹ 'ਦੇਸ਼ ਭਗਤ' ਹੀ ਰਹਿੰਦੇ ਹਨ।

# ਪਾਠਕੀ

## ਆਤੰਕਵਾਦ (ਦਹਿਸਤ-ਪਸੰਦੀ)

(ਸਿਖੋਂ ਸਾਹਿਬ ਦੇ ਭਗਤ ਸਿੰਘ ਬਾਰੇ
ਕਥਿਤ ਪਰਵਚਨਾਂ ਦੇ ਪ੍ਰਸੰਗ ਵਿਚ)

ਇਕ ਦਹਿਸ਼ਤ ਪਸੰਦ ਜਾਂ ਆਤੰਕਵਾਦੀ ਕੌਣ ਹੁੰਦਾ ਹੈ ? ਤਿੰਨ ਕਿਸਮ ਦੇ ਅਜਿਹੇ ਬੰਦੇ ਹੋ ਸਕਦੇ ਹਨ – ਜਾਂ ਤੇ ਕੋਈ ਪਾਗਲ, ਜਾਂ ਘੋਰ ਮੁਜਰਮ ਅਤੇ ਡਾਕੂ ਅਤੇ ਜਾਂ ਫੇਰ ਕਿਸੇ ਮੰਤਵ ਜਾਂ ਉਦੇਸ਼ ਲਈ ਜਹਾਦ ਕਰਨ ਵਾਲਾ। ਇਹ ਤੀਜੀ ਕਿਸਮ ਦੇ ਬੰਦੇ ਅਜਿਹੇ ਹਨ ਜਿੰਨਾਂ ਦਾ ਇਤਹਾਸ ਵਿਚ ਨਾਮ ਵੀ ਹੈ ਅਤੇ ਇਤਹਾਸ ਨੂੰ ਬਦਲਣ, ਨਵੀਂ ਦਿਸ਼ਾ ਦੇਣ ਲਈ ਉਹ ਸਦੀਆਂ ਤੋਂ ਜਤਨਸ਼ੀਲ ਰਹੇ ਹਨ। ਜਾਨ-ਆਫ-ਆਰਕ ਫ੍ਰਾਂਸ ਵਿਚ ਤੇਰ੍ਹਵੀਂ ਸਦੀ ਵਿਚ ਹੋਈ ਹੈ ਜਿਸ ਨੇ ਆਪਣੀ ਦਹਿਸ਼ਤ-ਪਸੰਦੀ ਨਾਲ ਅਤੇ ਫਰ ਸੂਲੀ ਤੇ ਚੜ੍ਹ ਕੇ ਕੁਰਬਾਨੀ ਦੇਣ ਨਾਲ ਯੂਰਪ ਵਿਚ ਪੋਪ-ਸ਼ਾਹੀ ਅਤੇ ਰਜਵਾੜਾ-ਸ਼ਾਹੀ ਨੂੰ ਹਿਲਾਉਣ ਲਈ ਅਹਿਮ ਰੋਲ ਅਦਾ ਕੀਤਾ। ਸੂਲੀ ਚੜ੍ਹਾਉਣ ਤੋਂ ਪਹਿਲਾਂ ਉਸਨੂੰ ਪਾਦਰੀਆਂ ਨੇ ਆਚਾਰ ਵਿਰੋਧ (heresy) ਦੇ ਬਹਾਨੇ ਈਸਾਈਅਤ ਵਿਚੋਂ ਵੀ ਖਾਰਜ ਕਰ ਦਿਤਾ ਸੀ, ਪਰ ਜਦ ਪੋਪ-ਸ਼ਾਹੀ ਅਤੇ ਰਜਵਾੜਾ-ਸ਼ਾਹੀ ਦੀ ਕੁਝ ਸ਼ਦੀਆਂ ਬਾਦ ਹਾਰ ਹੋ ਗਈ ਤਾਂ ਜਾਨ-ਆਫ-ਆਰਕ ਨੂੰ ਸੰਤ (ਸੇਂਟ) ਦੀ ਉਪਾਧੀ ਮਿਲ ਗਈ ਅਤੇ ਥਾਂ ਥਾਂ ਤੇ "ਸੇਂਟ ਜਾਨ" ਦੇ ਬੁਤ ਲਗਾਏ ਗਏ। ਏਸੇ ਤਰ੍ਹਾਂ ਭਗਤ ਸਿੰਘ ਨੂੰ ਪਹਿਲਾਂ ਤਾਂ ਸਿਰਫ ਇਨਕਲਾਬੀਆਂ ਨੇ ਅਪਨਾਇਆ ਸੀ, ਬਾਦ ਵਿਚ ਸਰਮਾਏਦਾਰ-ਜਾਗੀਦਾਰ-ਫਿਰਕੂ ਪਾਰਟੀਆਂ ਵੀ ਉਸਦੀ ਸ਼ਹੀਦੀ ਦੀ ਕਮਾਈ ਖਾਣ ਵਿਚ ਹਿੱਸਾ ਵੰਡਾਉਣ ਲਗ ਪਈਆਂ।

ਡੀ ਵਲੇਰਾ ਇਕ ਦਹਿਸ਼ਤ-ਪਸੰਦ ਹੀ ਤਾਂ ਸੀ। ਉਸ ਦੀ ਪਾਰਟੀ ਦਾ ਮੁਖ ਉਦੇਸ਼ ਹੀ ਆਤੰਕਵਾਦੀ ਕਾਰਵਾਈਆਂ ਨਾਲ ਅੰਗ੍ਰੇਜ਼ਾਂ ਨੂੰ ਆਇਰਲੈਂਡ ਵਿਚੋਂ ਕਢਦਾ ਸੀ। ਭਗਤ ਸਿੰਘ ਤੇ ਉਸ ਦੇ ਸਾਥੀ ਉਸ ਤੋਂ ਅਤੇ ਰੂਸੀ ਇਨਕਲਾਬ ਤੋਂ ਹੀ ਪ੍ਰਭਾਵਤ ਹੋਏ ਸਨ। ਫਰਕ ਕੇਵਲ ਇਤਨਾ ਹੈ ਕਿ ਡੀ ਵਲੇਰਾ ਤਾਂ ਆਪਣੇ ਕੰਮ ਵਿਚ ਸਫਲ ਹੋ ਗਿਆ ਅਤੇ ਉਸ ਨੇ ਆਜ਼ਾਦ ਆਇਰਿਸ਼ ਰੀਪਬਲਿਕ ਦੀ ਨੀਂਹ ਰਖੀ, ਪਰ ਭਗਤ ਸਿੰਘ ਤੇ ਉਸ ਦੇ ਸੰਗੀਆਂ ਦਾ ਨਾਥ ਨਾ ਉਮਰ ਨੇ ਦਿਤਾ ਨਾ "ਕੌਮ-ਪ੍ਰਸਤ" ਬੁਰਜੂਆ ਲੀਡਰਾਂ ਨੇ (ਸਗੋਂ ਉਹਨਾਂ ਉਸਦਾ ਵਰੋਧ ਕੀਤਾ) ਅਤੇ ਉਹਨਾਂ ਦਾ "ਨੌ-ਜਵਾਨ ਭਾਰਤ ਸਭਾ" ਅਤੇ "ਹਿੰਦੁਸਤਾਨ ਰਿਪਬਲਿਕਨ ਆਰਮੀ" ਦਾ ਕੰਮ ਅਧੂਰਾ ਹੀ ਰਹਿ ਗਿਆ। ਜੇ ਸਾਡੇ ਦੇਸ਼ ਵਿਚ ਵੀ ਬੁਰਜੂਆ ਲੀਡਰਸ਼ਿਪ ਏਨੀ ਮੱਕਾਰ ਅਤੇ ਉਸਤਾਦ ਨਾ ਹੁੰਦੀ ਤਾਂ ਹੋ ਸਕਦਾ ਸੀ ਕਿ 1947 ਵਾਲੇ ਸਮਝੌਤੇ ਦੀ ਥਾਂ ਭਗਤ ਸਿੰਘ ਦੀ ਪਾਰਟੀ ਹੀ ਏਥੇ ਇਨਕਲਾਬ ਲਿਆਉਂਦੀ।

ਦਹਿਸ਼ਤ-ਪਸੰਦੀ ਜਹੇ ਆਪਾ-ਸਾਰੂ ਅਤੇ ਹੁਕਮਰਾਨਾਂ ਲਈ ਘਾਤਕ ਹਥਿਆਰ ਦੇ ਨਾਲ ਦੇਸ਼-ਭਗਤਾਂ ਨੇ ਜੋ ਮੱਲਾਂ ਮਾਰੀਆਂ ਹਨ, ਉਸ ਦਾ ਇਤਹਾਸ ਬੜਾ ਲੰਮਾ ਅਤੇ ਪੁਰਾਣਾ ਹੈ। ਇਹ ਅਜੇ ਕਲ੍ਹ ਦੀਆਂ ਗੱਲਾਂ ਹਨ ਕਿ ਅਲਜੇਰੀਆ, ਟੀਉਨੇਜ਼ੀਆ ਅਤੇ ਇਜ਼ਰਾਈਲ ਕੇਵਲ ਦਹਿਸ਼ਤ-ਪਸੰਦਾ ਦੀਆਂ ਕਾਰ-ਵਾਈਆਂ ਕਾਰਣ ਆਜ਼ਾਦ ਹੋਏ। ਇਜ਼ਰਾਈਲ ਦਾ ਮੌਜੂਦਾ ਪ੍ਰਧਾਨ-ਮੰਤਰੀ ਬੇਗਨ ਆਪ ਆਤੰਕਵਾਦੀ ਰਿਹਾ ਹੈ। ਤੇ ਅੱਜ ਆਜ਼ਾਦ ਫਲਸਤੀਨ ਦੀ ਮੰਗ ਕਰਨ ਵਾਲੇ ਦਹਿਸ਼ਤ-ਪਸੰਦ ਦੇ ਹਾਕਮਾਂ ਵਰੁਧ ਉਹੀ ਹਥਿਆਰ (ਆਤੰਕਵਾਦ) ਵਰਤ ਰਹੇ ਹਨ ਜੋ ਇਹਨਾਂ ਯਹੂਦੀਆਂ ਨੇ ਆਪਣੇ ਲੰਮੇ ਘੋਲ ਵਿਚ ਵਰਤਿਆ ਸੀ। ਇਹਨਾਂ ਕਾਰਵਾਈਆਂ ਸਦਕਾ ਹੀ ਫਿਲਸਤੀਨੀ ਮਕਤੀ ਮੋਰਚੇ ਨੇ ਯੂ. ਐਨ. ਓ. ਤੋਂ ਮਾਨਤਾ ਪ੍ਰਾਪਤਾ ਕੀਤੀ ਅਤੇ ਲੇਲਾ ਖਾਲਿਦ (Leila Khaled) ਜਹੇ ਸੁਪਰ-ਹਾਈਜੈਕਰ ਹੋਂਦ ਵਿਚ ਲਿਆਂਦੇ ਹਨ।

ਆਰਮੀਨੀਅਸ (Armenians) ਕਰੋਟ (Croats) ਸਾਈਪਰਸ ਦੇ ਯੂਨਾਨੀ (Greek Cypriots) ਦਖਣੀ ਮੱਲਾਕਾ (South Moluccans) ਬਰਤਾਨਵੀ ਆਇਰਲੈਂਡ ਦੇ ਲੋਕ ਅਤੇ ਕੰਪੂਚੀਆ ਵਿਚ ਪਾਲ-ਪਾਟ ਦੇ ਗੁਰੀਲੇ ਅੱਜ ਵੀ ਆਤੰਕਵਾਦ ਨੂੰ ਮੁਖ ਹਥਿਆਰ ਦੇ ਤੌਰ ਤੇ ਵਰਤ ਰਹੇ ਹਨ। ਵਿਕਸਤ ਦੇਸ਼ਾਂ ਵਿਚ ਵੀ ਕੁਝ ਆਤੰਕਵਾਦੀ ਗਰੁਪ ਬੜੇ ਸਰਗਰਮ ਹਨ ਜਿਵੇਂ ਜਾਪਾਨ ਦੀ ਲਾਲ ਫੌਜ (Japanese Red Army) ਵਿਚ ਮੁਖ ਤੌਰ ਤੇ ਬੁਧੀਜੀਵੀ ਹੀ ਸ਼ਾਮਲ ਹਨ ਅਤੇ ਪਛਮੀ ਜਰਮਨੀ ਵਿਚ Baader-Meinhof ਗਰੁਪ ਹਨ ਜੋ ਆਤੰਕਵਾਦ ਰਾਹੀਂ ਵਿਸ਼ਵ-ਅਜ਼ਾਦੀ ਦਾ ਸਮਰਥਕ ਹੈ।

ਚੰਗੇ ਮਨੋਰਥਾਂ ਲਈ ਦਹਿਸ਼ਤ-ਪਸੰਦੀ ਇਕ ਉਤਮ ਅਤੇ ਬੜਾ ਕਾਰਗਰ ਹਥਿਆਰ ਹੈ। ਅਠਾਰ੍ਹਵੀਂ ਸਦੀ ਦੇ ਪਹਿਲੇ ਅਧ ਵਿਚ ਸਿਖ ਗੁਰੀਲੇ ਵਧੇਰੇ ਦਹਿਸ਼ਤ-ਪਸੰਦ ਹੀ ਸਨ ਜਿੰਨ੍ਹਾਂ ਦੀਆ ਕਾਰਵਾਈਆਂ ਤੋਂ ਨਾਦਰ ਸ਼ਾਹ ਅਤੇ ਅਬਦਾਲੀ ਜਹੇ ਜੇਤੂ ਵੀ ਬੜੇ ਤੰਗ ਹੋਏ ਤੇ ਉਹਨਾਂ ਨੂੰ ਕਹਿਣਾ ਪਿਆ ਕਿ ਇਹਨਾਂ ਦੇ ਚੀਥੜਿਆਂ ਵਿਚੋਂ ਸਾਨੂੰ ਹਕੂਮਤ ਦੀ ਬੋ ਆਉਂਦੀ ਹੈ। ਇਸ ਤਰ੍ਹਾਂ ਆਤੰਕਵਾਦ ਜਾਬਰਾਂ ਦੇ ਮਨ ਵਿਚ ਭੈ ਪੈਦਾ ਕਰਦਾ ਹੈ।

ਹਿੰਮਤ ਸਿੰਘ ਸੋਢੀ

[ ਆਤੰਕਵਾਦ ਸੰਬੰਧੀ ਚਰਚਾ ਲਈ ਐਡੀਟਰੀ ਵੇਖੋ ]

'ਸਮਤਾ' ਵਿਚ ਪ੍ਰਕਾਸ਼ਤ ਸਮੱਗਰੀ ਤੋਂ ਇੰਜ ਲੱਗਦਾ ਹੈ ਕਿ ਜਾਂ ਤਾਂ ਪੰਜਾਬੀ ਵਿਚ ਸਾਹਿਤਕਾਰ ਮੁੱਕ ਗਏ ਹਨ ਤੇ ਜਾਂ ਫਿਰ ਸੰਪਾਦਕ ਨੂੰ ਹਿੰਦੀ ਸਾਹਿਤ ਨਾਲ ਕੁਝ ਜ਼ਿਆਦਾ ਹੀ ਪਿਆਰ ਹੋ ਗਿਆ ਹੈ ਜੋ ਜ਼ਿਆਦਤਰ ਹਿੰਦੀ ਤੋਂ ਅਨੁਵਾਦਤ ਰਚਨਾਵਾਂ ਹੀ ਦੇ ਰਿਹਾ ਹੈ। ਤੇ ਪੰਜਾਬੀ ਰਚਨਾਵਾਂ ਉਸ ਨੂੰ ਘਟੀਆ ਲੱਗ ਰਹੀਆਂ ਹਨ।

ਸੁਖਪਾਲ ਸਿੰਘ (ਸ਼ਿਮਲਾ)

ਇਸ ਵਾਰ ਮੇਰੀ ਟੇਲਰ ਨਾਲ ਸੁਰਜੀਤ ਹਾਂਸ ਦੀ ਮੁਲਾਕਾਤ ਵਿਚ ਇਕ ਵਿਦੇਸ਼ੀ ਬੁਧੀਜੀਵੀ ਦੇ ਭਾਰਤ ਦੇ ਆਰਥਕ ਅਤੇ ਸਿਆਸੀ ਢਾਂਚੇ ਅੰਦਰ ਸਮਾਜਕ ਜੀਵਨ ਦੀ ਖੇਰੂੰ ਹੋਈ ਸਥਿਤੀ ਬਾਰੇ ਪ੍ਰਗਟਾਏ ਵਿਚਾਰ ਪਾਠਕਾਂ ਨੂੰ ਧੁਰ ਅੰਦਰ ਤਕ ਹਲੂਣ ਗਏ ਹਨ। ਇਹ ਮੁਲਾਕਾਤ ਪਾਠਕ ਨੂੰ ਭਾਰਤ ਦੀ ਸਮਕਾਲੀ ਸਿਆਸੀ – ਸਮਾਜਕ ਸਥਿਤੀ ਨੂੰ ਨਵੇਂ ਦ੍ਰਿਸ਼ਟੀਕੋਣਾਂ ਤੋਂ ਸਮਝਣ ਲਈ ਵੀ ਪ੍ਰੇਰਦੀ ਹੈ। ਡ: ਯਸ਼ਦੀਪ ਬੈਂਸ ਨੇ ਆਪਣੇ ਅਲੋਚਨਾਤਮਕ ਲੇਖ 'ਉਤਰੀ ਅਮਰੀਕਾ ਵਿਚ ਘਟ-ਗਿਣਤੀ ਲੋਕਾਂ ਦੇ ਸਾਹਿਤ' ਵਿਚ ਉਥੋਂ ਦੇ ਬੁਰਜੂਆ ਬੁਧੀਜੀਵੀਆਂ ਵਲੋਂ ਮਾਰਕਸੀ ਵਿਚਾਰਧਾਰਾ ਦੇ ਪ੍ਰਭਾਵ ਨੂੰ ਖੁੰਢਾ ਕਰਨ ਅਤੇ ਮਿਹਨਤਕਸ਼ ਜਮਾਤ ਨੂੰ ਗੁਮਰਾਹ ਕਰਨ ਲਈ ਜੋ ਪਰਿਣਾਮਵਾਦ (Pragmatism) ਦੇ ਨਾਂ ਥਲੇ ਨਵਾਂ 'ਵਾਦ' ਪੇਸ਼ ਕੀਤਾ ਹੈ – ਇਹ ਪੂੰਜੀਵਾਦੀ ਬੁਧੀਜੀਵੀਆਂ ਦੇ ਸ਼ਰਾਰਤੀ ਦਿਮਾਗ ਦੀ ਉਵੇਂ ਹੀ ਇਕ ਨਵੀਂ ਕਾਢ ਹੈ ਜਿਵੇਂ ਕਿ ਇਥੇ ਮਾਰਕਸਵਾਦ ਦੇ ਮੁਕਾਬਲੇ ਵਿਚ ਪੇਸ਼ ਕੀਤਾ ਹੋਇਆ ਨਵਾਂ ਸਿਧਾਂਤ ਸਰੰਚਨਾਵਾਦ। ਮਿਹਨਤਕਸ਼ ਜਮਾਤ ਵਿਚ ਆਪਣੀ ਲੁਟ ਅਤੇ ਹੱਕਾਂ ਪ੍ਰਤੀ ਵਧ ਰਹੀ ਚੇਤੰਨਤਾ ਨੂੰ ਖੁੰਡਿਆਂ ਕਰਨ ਲਈ ਪਿਛਲੇ 40-50 ਸਾਲਾਂ ਦੌਰਾਨ ਮੌਕੇ ਮੌਕੇ ਤੇ ਅਜੇਹੇ ਬੁਧੀਜੀਵੀਆਂ ਵਲੋਂ ਅਜੇਹੇ ਸਿਧਾਂਤ ਪੇਸ਼ ਕੀਤੇ ਜਾਂਦੇ ਰਹੇ ਹਨ। ਹੁਣ ਲੋੜ ਹੈ ਕਿ ਮਿਹਨਤਕਸ਼ ਜਮਾਤ ਦਾ ਪਖ ਲੈਣ ਵਾਲੇ ਬੁਧੀਜੀਵੀ ਇਸ ਖਤਰਨਾਕ ਰੁਝਾਨ ਵਿਰੁਧ ਡਟਕੇ ਵਕਾਲਤ ਕਰਨ ਅਤੇ ਮਾਰਕਸੀ ਵਿਚਾਰਧਾਰਾ ਵਿਚ ਖੋਟ ਰਲਾਉਣ ਦੇ ਇਸ ਖੜਯੰਤਰ ਨੂੰ ਲੋਕਾਂ ਵਿਚ ਵਧ ਤੋਂ ਵਧ ਬੇਨਕਾਬ ਕਰਨ।

'ਪੰਜਾਬ ਦੇ ਸਿਆਸੀ ਰੰਗ-ਮੰਚ' ਲੇਖ ਵਿਚ ਲਾਭ ਸਿੰਘ ਖੀਵਾ ਨੇ ਸਮਕਾਲੀ ਸਿਆਸੀ ਸਥਿਤੀ ਦੇ ਸੰਦਰਭ ਵਿਚ ਸਿਆਸੀ ਰੰਗ-ਮੰਚ ਬਾਰੇ ਜੋ ਵਿਚਾਰ ਰਖੇ ਹਨ – ਇਹ ਲੋਕ – ਪਖੀ ਨਾਟਕਕਾਰਾਂ ਲਈ ਵੰਗਾਰ ਵੀ ਹੈ ਅਤੇ ਸੰਗੀਨ ਹਕੀਕਤ ਵੀ। ਭਾਰਤ ਵਿਚ – ਵਿਸ਼ੇਸ਼ ਕਰਕੇ ਪੰਜਾਬ ਦੇ ਲੋਕਾਂ ਵਿਚ ਜਮਹੂਰੀ ਲਹਿਰ ਨੇ ਵਿਕਾਸ ਤਾਂ ਕੀਤਾ ਹੈ ਪਰ ਇਹ ਅਜੋਕੀ ਆਰਥਕ ਸਥਿਤੀ ਦੇ ਹਾਣ ਦੀ ਨਾ ਹੋਣ ਕਾਰਣ ਸਾਡੇ ਲੋਕ – ਨਾਟਕਕਾਰ ਵੀ ਕਈ ਸੀਮਾਵਾਂ ਅਤੇ ਤਿਲਕਣਬਾਜ਼ੀ ਦਾ ਸ਼ਿਕਾਰ ਹੋ ਰਹੇ ਹਨ। ਅਜ ਸਮੁਚੇ ਤੌਰ ਤੇ ਲੋਕਾਂ ਵਿਚ ਜਮਹੂਰੀ ਚੇਤਨਾ ਦੀ ਘਾਟ ਹੋਣ ਕਰਕੇ ਕਈ ਸਿਆਸੀ ਅਤੇ ਆਰਥਕ ਮਸਲਿਆਂ ਨੂੰ ਧਾਰਮਕ ਪਰਦੇ ਅੰਦਰ ਪੇਸ਼ ਕਰਨਾ ਲੋਕ-ਪਖੀ ਨਾਟਕਕਾਰਾਂ ਦੀ ਮਜਬੂਰੀ ਹੈ।

ਅੱਜ ਸਿਆਸੀ ਰੰਗ-ਮੰਚ ਅੱਗੇ ਸਭ ਤੋਂ ਵਡੀ ਵੰਗਾਰ ਇਹ ਹੈ ਕਿ ਪਦਾਰਥਵਾਦੀ ਅਤੇ ਵਿਚਾਰਵਾਦੀ ਸੰਕਲਪਾਂ ਵਿਚ ਸਾਫ ਸਾਫ ਨਿਖੇੜਾ ਕਰ ਲਿਆ ਜਾਵੇ। 'ਇਹ ਹਮਾਰਾ ਜੀਵਣਾ' ਵਿਚ ਸ: ਗੁਰਸ਼ਰਨ ਸਿੰਘ ਨੇ 'ਸਾਰੇ ਜਹਾਂ ਸੇ ਅੱਛਾ ਹਿੰਦੋਸਤਾਨ ਹਮਾਰਾ' ਵਿਚ ਭਾਰਤ ਦੇ ਅਜੋਕੇ ਪੂੰਜੀਵਾਦੀ ਨਿਜ਼ਾਮ ਦੇ ਟੁਕੜਿਆਂ ਤੇ ਪਲਣ ਵਾਲੇ ਫਿਲਮੀ ਕਲਾਕਾਰਾਂ ਦੇ ਖੋਖਲੇ ਅਤੇ ਨਿਘਰੇ ਹੋਏ ਕਿਰਦਾਰ ਨੂੰ ਆਪਣੇ ਅੰਦਾਜ਼ ਨਾਲ ਨੰਗਾ ਕੀਤਾ ਹੈ –

ਗੁਰਬਖਸ਼ ਜੱਸ (ਬਲਾਚੌਰ)

ਸੁਰਜੀਤ ਹਾਂਸ ਦੇ ਗੋਲਮੇਜ ਵਿਚ ਵਿਚਾਰ ਉਘੜ-ਦੁਘੜੇ ਹਨ। ਅੰਗ੍ਰੇਜ਼ੀ ਰੁਮਾਨਵਾਦ 'ਚੋਂ ਟੁਭੀ ਮਾਰਕੇ ਉਹ ਸਿਧਾ ਬਾਬਾ ਨਾਨਕ ਦੇ ਸ਼ਬਦਾਂ ਵਿਚ ਜਾ ਪਰਗਟ ਹੋਇਆ ਹੈ। ਆਪਣੀ ਗਲ ਨੂੰ ਸਪਸ਼ਟ ਕਰਨ ਲਈ ਵਰਤਮਾਨ ਪੰਜਾਬੀ 'ਚੋਂ ਕੋਈ ਉਦਾਹਰਣ ਹੀ ਨਹੀਂ ਲਭੀ।

ਸੰਤ ਸਿੰਘ ਸੇਖੋਂ ਦੇ ਭਗਤ ਸਿੰਘ ਤੇ ਊਧਮ ਸਿੰਘ ਬਾਰੇ ਬਚਨਾ ਵਿਚ ਕਾਫੀ ਠੋਸਤਾ ਹੈ। ਜੇ ਇਹਨਾਂ ਦੀਆਂ ਵਿਅਕਤੀਗਤ ਬਹਾਦਰਾਨਾ ਕਾਰਵਾਈਆਂ ਪਿਛੇ ਕੋਈ ਲੋਕ ਜਥੇਬੰਦੀ ਹੁੰਦੀ ਤਾਂ ਜਨਸੰਘ, ਕਾਂਗਰਸ, ਅਕਾਲੀ ਦਲ ਵਰਗੀਆਂ ਪਾਰਟੀਆਂ ਆਪਣੇ ਪੱਖ ਵਿਚ ਇਹਨਾਂ ਦੀ ਧੂਹ ਘਸੀਟ ਨਾ ਕਰਦੀਆਂ। ਫਿਰ ਵੀ ਪੂੰਜੀਵਾਦ ਦਲਾਲ ਗਾਂਧੀਵਾਦ ਨਾਲੋਂ ਭਗਤ ਸਿੰਘ ਤੇ ਊਧਮ ਸਿੰਘ ਦਾ ਭਾਰਤ ਦੀ ਸਿਆਸੀ ਆਜ਼ਾਦੀ ਲਈ ਲੋਕ ਉਭਾਰ ਵਿਚ ਹਥ ਜ਼ਿਆਦਾ ਹੈ।

ਹਮਦਰਦਵੀਰ ਨੌਸ਼ਹਿਰਵੀ, ਸਮਰਾਲਾ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ – ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਰੈਕਸੋਨਾ ਪ੍ਰਿੰਟਰਜ਼, 14 ਭਾਈ ਵੀਰ ਸਿੰਘ ਮਾਰਕੀਟ, ਪੁਤਲੀਘਰ ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਰਨਾਮਾਂ : ਗੁਰੂ ਖ਼ਾਲਸਾ ਨਿਵਾਸ ਡਾਕਖਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ 14002

ਸੰਪਾਦਨ : ਸੰਪਾਦਕ ਮੰਡਲ

ਵਾਰਸ਼ਿਕ ਚੰਦਾ : 20 ਰੁਪਏ, ਵਿਦੇਸ਼ 60 ਰੁਪਏ

Registered with Registrar of News Paper Vide No MA/1/2397-D dated 14.8.80

# ਸਾਡੀਆਂ ਚੋਣਵੀਆਂ ਨਵ-ਪ੍ਰਕਾਸ਼ਤ ਪੰਜਾਬੀ ਪੁਸਤਕਾਂ

| | | |
|---|---|---|
| ਗੀਤਾਂਜਲੀ ਦੇ ਗੀਤ (ਅਨੁਵਾਦ) | ਭਗਵਾਨ ਸਿੰਘ ਸੈਣੀ | ਪੰਦਰਾਂ ਰੁਪਏ |
| ਵਿਲੱਖਣ-ਪ੍ਰੀਤ (ਨਾਵਲ) | ਪ੍ਰੋ: ਚਾਨਣ ਸਿੰਘ ਨਿਰਮਲ | ਦਸ ਰੁਪਏ |
| ਨਿਰੰਕਾਰੀ ਨੂਰ (ਲਲਿਤ ਲੇਖ) | " | ਦਸ ਰੁਪਏ |
| ਪੱਟਾ ਪੱਟਾ ਦਰਦ (ਨਾਵਲ) | ਮੋਹਨ ਲਾਲ | ਦਸ ਰੁਪਏ |
| ਆਪਣੀ ਛਾਵੇਂ ਬੈਠਾ ਮਨੁਖ (ਗ਼ਜ਼ਲ) | ਜਸਬੀਰ ਜ਼ਮੀਰ | ਦਸ ਰੁਪਏ |
| ਕਰਤਾ ਕਤਰਾ ਸੋਚ (ਕਹਾਣੀਆਂ) | ਰਾਜਿੰਦਰ ਬਿਮਲ | ਦਸ ਰੁਪਏ |
| ਮੁਖਬੰਦ | ਹਰਭਜਨ ਸਿੰਘ ਕੋਮਲ | ਦਸ ਰੁਪਏ |
| ਚਿੜੀਆ-ਖ਼ਾਨਾ (ਕਹਾਣੀਆਂ) | ਬਲਦੇਵ ਸਿੰਘ | ਦਸ ਰੁਪਏ |
| ਸੀਸ ਤਲੀ 'ਤੇ (ਨਾਟਕ) | ਗੁਰਸ਼ਰਨ ਸਿੰਘ | |
| ਜਿਸ ਤਨ ਲਾਗੇ (ਗ਼ਜ਼ਲ) | ਪਾਲ ਗੁਰਦਾਸਪੁਰੀ | ਦਸ ਰੁਪਏ |
| ਆਸਾ ਦੀ ਵਾਰ [ਚਿੰਤਨ ਤੇ ਕਲਾ] | ਡਾ: ਬਿਕਰਮ ਸਿੰਘ ਘੁੰਮਣ | ਤੀਹ ਰੁਪਏ |
| ਜੱਸਾ ਸਿੰਘ ਰਾਮਗੜ੍ਹੀਆ | ਬਖਸ਼ੀ ਸਿੰਘ ਆਦਿਲ | ਵੀਹ ਰੁਪਏ |
| ਮਿੱਟੀ ਦੇ ਬੋਲ | ਹਰਨਾਮ ਸਿੰਘ ਨਾਜ਼ | ਦਸ ਰੁਪਏ |

ਵਧੀਆ ਪੰਜਾਬੀ ਦੀਆਂ ਪੁਸਤਕਾਂ ਛਪਵਾਉਣ ਲਈ ਹੇਠ ਲਿਖੇ ਪਤੇ ਤੇ ਸੰਪਰਕ ਕਰੋ ।

## ਧਰਤੀ ਤਾਂਬਾ ਹੋ ਗਈ

ਜਗੀਰ ਸੱਧਰ – ਫਰੀਦ ਕੋਟ
ਦਾ ਪਲੇਠਾ ਕਾਵਿ ਸੰਗ੍ਰਿਹ ਹੈ

ਮਾਏ ਨੀ ! ਮੈਨੂੰ ਸੁਪਨੇ ਦੇ ਵਿਚ,
ਰੱਬ ਨੇ ਕਲੀ ਬਨਾਇਆ ਨੀ !
ਗੋਰੀ ਚਿਟੀ ਕਲੀ ਬਣਾ ਕੇ,
ਗੁਲਸ਼ਨ ਵਿਚ ਸਜਾਇਆ ਨੀ ।
ਗੁਲਸ਼ਨ ਦੀਆਂ ਸਭ ਕਲੀਆਂ ਨਾਲੋਂ
ਮੇਰਾ ਰੂਪ ਸਵਾਇਆ ਨੀ ।
ਰੂਪ ਮੇਰਾ ਤੱਕ ਕੇ ਇਕ ਭਵਰਾ
ਗੁਲਸ਼ਨ ਦੇ ਵਿਚ ਆਇਆ ਨੀ !

ਮੁਲ – ਦਸ ਰੁਪਏ – ਡੀਲਕਸ ਜਿਲਦ

## ਸਾਗਰ ਦੇ ਮੋਤੀ

(ਅਲੋਚਨਾ)

ਪ੍ਰੋ: ਚਨਣ ਸਿੰਘ ਨਿਰਮਲ ਰਚਿਤ ਪੁਸਤਕ ਪ੍ਰੀ ਯੂਨੀਵਰਸਿਟੀ ਗਿਆਨੀ ਤੇ ਐਮ, ਏ, ਦੇ ਵਿਦਿਆਰਥੀਆਂ ਲਈ ਖਾਸ ਤੌਰ ਤੇ ਲਿਖੀ ਗਈ ਹੈ ।

ਮੁਲ : 15 ਰੁਪਏ ਡੀਲਕਸ 25 ਰੁਪਏ

ਇਹ ਤੇ ਹੋਰ ਚੰਗੀਆਂ ਕਿਤਾਬਾਂ ਮੰਗਵਾਉਣ ਲਈ ਸਦਾ ਯਾਦ ਰਖੋ ।

**PUBLISHERS & LIBRARY SUPPLIERS**

**ਲਿਟਰੇਚਰ ਹਾਊਸ ਪੁਤਲੀ ਘਰ ਅੰਮ੍ਰਿਤਸਰ**